ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਅਦਾਰਾ "ਦੇਸ਼ ਦੁਆਬਾ" ਵੱਲੋਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

11ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -11 ISSUE -43
February 1, 2023

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com




Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ (ਕੈਲੇਫੋਰਨੀਆ) ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ 5 ਫਰਵਰੀ 2023 ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। (**ਹੋਰ ਜਾਣਕਾਰੀ ਲਈ ਦੇਖੋ ਸਫਾ 2**)

ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ 5 ਫਰਵਰੀ 2023 ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ।



ਵਿਨੋਦ ਕੁਮਾਰ (ਪ੍ਰਧਾਨ)




ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ)

# ਰਿਪਬਲੀਕਨ ਪਾਰਟੀ ਨੇ ਹਰਮੀਤ ਢਿਲੋਂ ਦੀ ਥਾਂ ਤੇ ਰੋਨਾ ਮੈਕਡੈਨੀਅਲ ਨੂੰ ਆਪਣਾ ਮੁਖੀ ਚੁਣਿਆ

## 168 ਮੈਂਬਰੀ ਰਿਪਬਲੀਕਨ ਨੈਸ਼ਨਲ ਕਮੇਟੀ ਵਿਚ ਢਿਲੋਂ ਨੂੰ 51 ਤੇ ਮੈਕਡੈਨੀਅਲ ਨੂੰ 111 ਵੋਟਾਂ ਮਿਲੀਆਂ





**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)**–ਪਿਛਲੀਆਂ ਰਾਸ਼ਟਰਪਤੀ ਚੋਣਾਂ ਵਿਚ ਹੋਈ ਹਾਰ ਤੋਂ ਬਾਅਦ ਤੇ ਹਾਲ ਹੀ ਵਿਚ ਹੋਈਆਂ ਮੱਧਕਾਲੀ ਚੋਣਾਂ ਵਿਚ ਆਸ ਅਨੁਸਾਰ ਸਫਲਤਾ ਨਾ ਮਿਲਣ ਤੋਂ ਪਰੇਸ਼ਾਨ ਰਿਪਬਲੀਕਨ ਪਾਰਟੀ ਵਿਚ ਖਿਚੋਤਾਣ ਥਮਣ ਦਾ ਨਾਂ ਨਹੀਂ ਲੈ ਰਹੀ। ਤਾਜਾ ਘਟਨਾਕ੍ਰਮ ਵਿਚ ਹਰਮੀਤ ਢਿਲੋਂ ਨੂੰ ਰਿਪਬਲੀਕਨ ਨੈਸ਼ਨਲ ਕਮੇਟੀ (ਆਰ ਐਨ ਸੀ) ਦੇ ਮੁਖੀ ਵਜੋਂ ਆਪਣਾ ਅਹੁਦਾ ਗੁਵਾਉਣਾ ਪਿਆ ਹੈ। ਆਰ ਐਨ ਸੀ ਦੀ ਕੈਲੀਫੋਰਨੀਆ ਵਿਚ ਹੋਈ ਮੀਟਿੰਗ ਵਿਚ ਢਿਲੋਂ ਦੀ ਜਗਾ ਤੇ ਰੋਨਾ ਮੈਕਡੋਨੀਅਲ ਨੂੰ ਦੁਬਾਰਾ ਫਿਰ ਆਪਣਾ ਮੁਖੀ ਚੁਣ ਲਿਆ ਗਿਆ ਹਾਲਾਂ ਕਿ ਪਾਰਟੀ ਦੀਆਂ ਲਗਾਤਾਰ ਤਿੰਨ ਹਾਰਾਂ ਕਾਰਨ ਮੈਕਡੋਨੀਅਲ ਦੀ ਕਰੜੀ ਅਲੋਚਨਾ ਹੋਈ ਸੀ। ਮੈਕਡੋਨੀਅਲ ਵਲੋਂ ਆਸ ਅਨੁਸਾਰ ਕੰਮ ਨਾ ਕਰਨ ਤੇ ਪਾਰਟੀਆਂ ਦੀਆਂ ਆਸਾਂ ਉਪਰ ਖਰਾ ਨਾ ਉਤਰਣ ਕਾਰਨ ਪਾਰਟੀ ਵਿਚ ਉਸ ਦਾ ਵਿਰੋਧ ਹੋ ਰਿਹਾ ਸੀ ਪਰੰਤੂ ਉਸ ਦੇ ਸਮਰਥਕਾਂ ਵਲੋਂ ਢਿਲੋਂ ਵਿਰੁੱਧ ਉਸ ਦੇ ਧਰਮ ਨੂੰ ਲੈ ਕੇ ਚਲਾਈ ਕਥਿੱਤ ਮੁਹਿੰਮ ਨੇ ਇਕ ਵਾਰ ਫਿਰ ਪਾਸਾ ਉਲਟਾ ਦਿੱਤਾ ਹੈ। 168 ਮੈਂਬਰੀ ਆਰ ਐਨ ਸੀ ਵਿਚ ਢਿਲੋਂ ਨੂੰ 51 ਤੇ ਰੋਨਾ ਮੈਕਡੋਨੀਅਲ ਨੂੰ 111 ਵੋਟਾਂ ਮਿਲੀਆਂ। ਢਿਲੋਂ ਨੂੰ ਦੋ ਰਾਜਾਂ ਨਵਾਡਾ ਤੇ ਵਸ਼ਿੰਗਟਨ ਦੀਆਂ ਪਾਰਟੀ ਕਮੇਟੀਆਂ ਦਾ ਸਮਰਥਨ ਮਿਲਿਆ। ਚੋਣ ਵਿਚ ਹਾਲਾਂ ਕਿ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਦੋਨਾਂ ਉਮੀਦਵਾਰਾਂ ਵਿਚੋਂ ਖੁਲ ਕੇ ਕਿਸੇ ਦਾ ਵੀ ਸਮਰਥਨ ਨਹੀਂ ਕੀਤਾ ਤੇ ਦੋਨਾਂ ਨਾਲ ਹੀ ਸਾਂਝ ਬਣਾਈ ਰਖੀ ਪਰੰਤੂ ਕੁਝ ਮੀਡੀਆ ਰਿਪੋਰਟਾਂ ਅਨੁਸਾਰ ਉਨਾਂ ਨੇ ਗੁਪਤ ਤੌਰ 'ਤੇ ਮੈਕਡੋਨੀਅਲ ਦਾ ਸਾਥ ਦਿੱਤਾ।

ਹਾਰਨ ਉਪਰੰਤ ਢਿਲੋਂ ਨੇ ਕਿਹਾ ਕਿ ਮੇਰਾ ਵਿਚਾਰ ਹੈ ਕਿ ਪਾਰਟੀ ਲੋਕਾਂ ਨਾਲੋਂ ਟੁੱਟ ਚੁੱਕੀ ਹੈ, ਪਾਰਟੀ ਦੀ ਸਫਲਤਾ ਲਈ ਸਾਨੂੰ ਕੰਮ ਕਰਨਾ ਪਵੇਗਾ। ਢਿਲੋਂ ਨੂੰ ਫਲੋਰਿਡਾ ਦੇ ਗਵਰਨਰ ਰੋਨ ਡੇਸੈਨਟਿਸ ਦਾ ਸਮਰਥਨ ਮਿਲਿਆ ਜੋ ਅਗਲੇ ਸਾਲ ਹੋ ਰਹੀਆਂ ਰਾਸ਼ਟਰਪਤੀ ਚੋਣਾਂ ਵਿਚ ਡੋਨਲਡ ਟਰੰਪ ਲਈ ਪਾਰਟੀ ਦੇ ਸੰਭਾਵੀ ਉਮੀਦਵਾਰ ਵਜੋਂ ਚੁਣੌਤੀ ਬਣ ਸਕਦੇ ਹਨ। ਡੇਸੈਨਟਿਸ ਨੇ ਢਿਲੋਂ ਦਾ ਸਮਰਥਨ ਕਰਦਿਆਂ ਕਿਹਾ ਸੀ ਕਿ ਆਰ ਐਨ ਸੀ ਵਿਚ ਨਵਾਂ ਜੋਸ਼ ਭਰਨ ਦੀ ਲੋੜ ਹੈ।

# ਇੰਗਲੈਂਡ ਨੂੰ ਹਰਾ ਕੇ ਭਾਰਤੀ ਕੁੜੀਆਂ ਨੇ ਜਿੱਤਿਆ ਪਹਿਲਾ ਅੰਡਰ-19 ਟੀ-20 ਵਿਸ਼ਵ ਕੱਪ

**ਪੋਚੇਫਸਟਰੂਮ**– ਭਾਰਤ ਨੇ ਕ੍ਰਿਸ਼ਮਈ ਪ੍ਰਦਰਸ਼ਨ ਕਰਦਿਆਂ ਪਹਿਲੀ ਵਾਰ ਖੇਡਿਆ ਗਿਆ ਖਿਡਾਰੀ ਬੀਬੀਆਂ ਅੰਡਰ-19 ਟੀ-20 ਵਿਸ਼ਵ ਕੱਪ ਆਪਣੇ ਨਾਂਅ ਕਰ ਲਿਆ ਹੈ। ਦੱਖਣੀ ਅਫਰੀਕਾ 'ਵਿਚ ਹੋਏ ਟੂਰਨਾਮੈਂਟ ਦੇ ਖ਼ਿਤਾਬੀ ਮੁਕਾਬਲੇ 'ਵਿਚ ਸ਼ੈਫਾਲੀ ਵਰਮਾ ਦੀ ਕਪਤਾਨੀ ਵਾਲੀ ਨੌਜਵਾਨ ਬ੍ਰਿਗੇਡ ਨੇ ਇੰਗਲੈਂਡ ਨੂੰ 7 ਵਿਕਟਾਂ ਨਾਲ ਕਰਾਰੀ ਹਾਰ ਦਿੱਤੀ। ਤੇਜ਼ ਗੇਂਦਬਾਜ਼ ਤੀਤਸ ਸਾਧੂ ਤੇ ਲੈੱਗ ਸਪਿਨਰ ਪਾਰਸ਼ਵੀ ਚੋਪੜਾ ਦੀ ਅਗਵਾਈ ਵਿਚ ਭਾਰਤੀ ਗੇਂਦਬਾਜ਼ਾਂ ਨੇ ਕਮਾਲ ਦਾ ਪ੍ਰਦਰਸ਼ਨ ਕਰਦਿਆਂ ਇੰਗਲੈਂਡ ਦੀ ਟੀਮ ਨੂੰ 68 ਦੌੜਾਂ 'ਤੇ ਆਲ-ਆਊਟ ਕਰ ਦਿੱਤਾ। ਇਸ ਤੋਂ ਬਾਅਦ ਸਿਰਫ 3 ਵਿਕਟਾਂ ਗੁਆ ਕੇ ਪਲੇਠੇ ਟੂਰਨਾਮੈਂਟ ਦੀ ਟਰਾਫ਼ੀ ਆਪਣੇ ਨਾਂਅ ਕਰ ਲਈ। ਇਸ ਤਰ੍ਹਾਂ ਪਹਿਲੀ ਵਾਰ ਕਰਵਾਏ ਗਏ ਪੁਰਸ਼ ਟੀ-20 ਵਿਸ਼ਵ ਕੱਪ ਦੀ ਤਰ੍ਹਾਂ ਭਾਰਤ ਨੇ ਆਈ.ਸੀ.ਸੀ. ਅੰਡਰ-19 ਟੀ-20 ਵਿਸ਼ਵ ਕੱਪ 2023 ਜਿੱਤ ਕੇ ਇਤਿਹਾਸ ਰਚ ਦਿੱਤਾ।




Amrik Chand (CPA)
Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

DR. TAKHAR'S FAMILY MEDICINE & URGENT CARE CLINIC



Dr. Paramjit S Takhar, MD
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed



Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355
www.sriguruuravidasstemple.com

ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ

## ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਫਰਵਰੀ 3, 4, 5, 2023



ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ 5 ਫਰਵਰੀ, 2023 ਦਿਨ ਐਤਵਾਰ ਨੂੰ ਗੁਰੂ ਘਰ ਵਿਖੇ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ **Sri Guru Ravidass Temple , 2150 Crestview Drive, Pittsburg, CA 94565** ਵਿਖੇ ਮਨਾਇਆ ਜਾ ਰਿਹਾ ਹੈ।

### Programs

**ARAMBH SHRI AKHAND PATH February 3, 2023 (Friday) 9:30 AM**
**Nishan Sahib Hoisting Ceremony**
**PARBHAT PHERI - February 4, 2023 (Saturday) at 7:00 AM.**
**Nishan Sahib Hoisting Ceremony February 4, 2023 (Saturday) at 11:00 AM.**
**(Nishan Sahib Chola sewa by Bhai Balbir Bagha and Bibi Manjit Bagha)**
**BHOG SHRI AKHAND PATH February 5, 2023 (Sunday) 9:30 AM,**
**KIRTAN DIWAN After Bhog Ceremony until 2:00 PM**

Guru Ravidass ji was born in 1377 in Varanasi. He was a spiritual Guru and a social reformer. 40 Shabads and one Shalok by Guru Ravidass ji are enshrined in Sri Guru Granth Sahib. He preached about equality among all humans and against social injustices like caste based discrimination.

Sangat will perform Langer and Path Sewa for this program. Jatha of **Giani Balwinder Singh ji**, Dhadi Jatha of **Bhai Sukhwinder Singh ji 'Bilge-wale'** and other Kirtankars will enhance the Kirtan Diwan.
We need volunteers to help with this event.
For STALLS or any SEWA, please contact
**Vinod Kumar (President) 408- 718-2506**
**Kulwant Banga (Chairperson) 925-698-3059.**

**"NANAK NAM CHARDI KALA TERE BHANE SARBAT DA BHALA"**



ਫਾਇਲ ਚਿੱਤਰ

**Sangat Sewadars**

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |
| (925) 698-3059 | (408) 718-2506 | (925) 334-2877 | (415) 233-3319 |

# ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ।।



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ

646ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

ਸੰਗਤਾਂ ਦੇ ਸਹਿਯੋਗ ਨਾਲ



# ਵਿਸ਼ੇਸ਼ ਗੁਰਮਤਿ ਸਮਾਗਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ ਮਿਤੀ 3 ਫਰਵਰੀ 2023 ਦਿਨ ਸ਼ੁੱਕਰਵਾਰ, ਸਵੇਰੇ 10 ਵਜੇ
ਰੈਣ ਸਵਾਈ ਕੀਰਤਨ ਦਰਬਾਰ, 4 ਫਰਵਰੀ 2023 ਦਿਨ ਸ਼ਨਿਚਰਵਰ, ਸ਼ਾਮ 6 ਤੋਂ 12 ਵਜੇ ਤੱਕ
ਭੋਗ ਸ੍ਰੀ ਅਖੰਡ ਪਾਠ ਸਾਹਿਬ, 5 ਫਰਵਰੀ 2023 ਦਿਨ ਐਤਵਾਰ, ਸਵੇਰੇ 10 ਵਜੇ

ਸਮਾਗਮ ਵਿਚ ਪੁੱਜ ਰਹੇ ਕੀਰਤਨੀ ਅਤੇ ਢਾਡੀ ਪ੍ਰਚਾਰਕ ਗੁਰਬਾਣੀ ਕੀਰਤਨ ਅਤੇ ਗੁਰਇਤਿਹਾਸ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।



ਢਾਡੀ ਭਾਈ ਗੁਰਨਾਮ ਸਿੰਘ ਭੰਡਾਲ



ਭਾਈ ਗੁਰਦਿਆਲ ਸਿੰਘ ਜੀ ਹਜ਼ੂਰੀ ਰਾਗੀ ਜਥਾ



ਭਾਈ ਆਤਮਜੋਤ ਸਿੰਘ ਜੀ



ਭਾਈ ਨਰਿੰਜਨ ਸਿੰਘ ਜੀ



ਭਾਈ ਕੁਲਵਿੰਦਰ ਸਿੰਘ ਜੀ

## ਸੇਵਾ ਕਰਨ ਲਈ ਸੰਪਰਕ ਕਰੋ

ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ) 530-713-1823 / ਗੁਰਨਾਮ ਸਿੰਘ ਭੰਡਾਲ (ਚੇਅਰਮੈਨ) 530-218-5568
ਹੈਡ ਗ੍ਰੰਥੀ- ਭਾਈ ਗੁਰਦਿਆਲ ਸਿੰਘ 530-441-4165 / ਗੁਰੂ ਘਰ ਦਾ ਫੋਨ ਨੰਬਰ 530-674-2564

ਇਸ ਸਮਾਗਮ ਦੀ ਸਮੁੱਚੀ ਸੇਵਾ ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ) ਸਮੂਹ ਪਰਿਵਾਰ ਵੱਲੋਂ ਕਰਵਾਈ ਜਾ ਰਹੀ ਹੈ।

ਨਿਸ਼ਾਨ ਸਾਹਿਬ ਜੀ ਦੀ ਸੇਵਾ 4 ਫਰਵਰੀ ਸ਼ਾਮ 4 ਵਜੇ ਕੀਤੀ ਜਾਵੇਗੀ

ਨਗਰ ਕੀਰਤਨ 9 ਅਪ੍ਰੈਲ ਨੂੰ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਸਜਾਇਆ ਜਾ ਰਿਹਾ ਹੈ।

**SHRI GURU RAVIDASS TEMPLE**
**1480 HAYNE AVE YUBA CITY, CA 95993**




ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

# ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 646ਵਾਂ ਪ੍ਰਕਾਸ਼ ਦਿਹਾੜਾ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ, ਜਿਵੇਂ ਕਿ ਆਪ ਜਾਣਦੇ ਹੀ ਹੋ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 646ਵੇਂ ਗੁਰਪੁਰਬ ਮਨਾਏ ਜਾ ਰਹੇ ਹਨ। ਜਿਸ ਵਿਚ 3 ਫਰਵਰੀ 2023 ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ। 4 ਫਰਵਰੀ ਦਿਨ ਸ਼ਨਿਚਰਵਾਰ ਰੈਣ ਸਵਾਈ ਕੀਰਤਨ ਦਰਬਾਰ ਸ਼ਾਮ 6 ਤੋਂ 12 ਵਜੇ ਤੱਕ । 5 ਫਰਵਰੀ ਦਿਨ ਐਤਵਾਰ ਨੂੰ ਸਵੇਰੇ 10 ਵਜੇ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਜਾਣਗੇ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਪਹੁੰਚ ਕੇ ਗੁਰਬਾਣੀ ਸਰਵਣ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## Shingara Singh Ralh (President)
## and Ralh Family
## Sri Guru Ravidass Temple Yuba City (CA)





ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥ ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥

# ਸਤਿਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ, ਜਿਵੇਂ ਕਿ ਆਪ ਜਾਣਦੇ ਹੀ ਹੋ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 646ਵੇਂ ਗੁਰਪੁਰਬ ਮਨਾਏ ਜਾ ਰਹੇ ਹਨ। ਜਿਸ ਵਿਚ 3 ਫਰਵਰੀ 2023 ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ। 4 ਫਰਵਰੀ ਦਿਨ ਸ਼ਨਿਚਰਵਾਰ ਰੈਣ ਸਵਾਈ ਕੀਰਤਨ ਦਰਬਾਰ ਸ਼ਾਮ 6 ਤੋਂ 12 ਵਜੇ ਤੱਕ । 5 ਫਰਵਰੀ ਦਿਨ ਐਤਵਾਰ ਨੂੰ ਸਵੇਰੇ 10 ਵਜੇ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਜਾਣਗੇ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਪਹੁੰਚ ਕੇ ਗੁਰਬਾਣੀ ਸਰਵਣ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



Gold Rush
energy solutions
(530) 933-3938
(866) 55-POWER
goldrushenergy.com
dralh@goldrushenergy.com
4911 Windplay Dr, Suite 4, El Dorado Hills, CA, 95762
Dilwinder Ralh
Renewable Energy Expert
ic#96454SP

## Dilwinder Ralh
(Ex President)

## & Ralh Family

Sri Guru Ravidass Temple
Yuba City (California)



ਸ੍ਰੀ ਵਿਨੋਦ ਕੁਮਾਰ (ਪ੍ਰਧਾਨ, ਸ੍ਰੀ ਗੁਰੂ ਰਵਿਦਾਸ ਸਭਾ, ਪਿਟਸਬਰਗ) ਅਤੇ ਸਮੂਹ ਪਰਿਵਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 646ਵੇਂ ਗੁਰਪੁਰਬ ਦਿਹਾੜੇ ਦੇ ਮੌਕੇ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਅਤੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈ ਹੋਵੇ ਜੀ।

## ਵਿਨੋਦ ਕੁਮਾਰ (ਪ੍ਰਧਾਨ) ਅਤੇ ਸਮੂਹ ਜੱਖੂ ਪਰਿਵਾਰ

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 5 ਫਰਵਰੀ 2023 (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ, ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।



ਸ੍ਰੀ ਵਿਨੋਦ ਕੁਮਾਰ ਆਪਣੇ ਪਰਿਵਾਰ ਨਾਲ

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥



**Dharam Paul Chonkria**
**General Secretary**
**Sri Guru Ravidass Sabha**
**Pittsburg CA**

## ਸਤਿਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ



ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 5 ਫਰਵਰੀ 2023 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 3 ਫਰਵਰੀ 2023 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ ਨਿਸ਼ਾਨ ਸਾਹਿਬ ਦੀ ਸੇਵਾ 4 ਫਰਵਰੀ ਨੂੰ ਹੋਵੇਗੀ। 5 ਫਰਵਰੀ 2023 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

ਦੇਸ਼ ਦੁਆਬਾ

# ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ।।

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਅਤੇ ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਜਿਸ ਖ਼ਾਸ ਨੁਕਤੇ ਦੇ ਉੱਤੇ ਕੇਂਦਰਿਤ ਹਨ, ਉਹ ਹੈ ਇਨਸਾਨ ਦੇ ਅੰਦਰ ਸਵੈ-ਮਾਣ, ਸਵੈ-ਨਿਰਭਰਤਾ ਅਤੇ ਕਿਰਤ ਦੇ ਮਾਧਿਅਮ ਰਾਹੀਂ ਇੱਕ ਅਜਿਹੇ ਰਾਜ ਦਾ ਨਿਰਮਾਣ ਕਰਨਾ ਹੈ ਜਿਸ ਵਿੱਚ ਕੋਈ ਵੀ ਕਿਸੇ ਕਿਸਮ ਦੀ ਨੀਚ-ਊਚ, ਭੇਦ ਭਾਵ ਨਾ ਹੋਵੇ ਜਿਵੇਂ ਕਿ ਉਨ੍ਹਾਂ ਨੇ ਆਪਣੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਵਿੱਚ ਵਿਆਖਿਆਨ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਦੇ ਦੌਰਾਨ ਭਾਰਤ ਦੇ ਬਿਪਰਵਾਦੀ ਕੇਂਦਰ ਕਾਂਸ਼ੀ ਵਿਖੇ ਵੱਡੇ-ਵੱਡੇ ਬਿਪਰਾਂ ਨੂੰ ਇਸ ਗੱਲ ਦਾ ਅਹਿਸਾਸ ਚੰਗੀ ਤਰ੍ਹਾਂ ਕਰਵਾ ਦਿੱਤਾ ਸੀ ਕਿ ਵਡਿਆਈ, ਨਾ ਬਰਾਬਰਤਾ ਵਿੱਚ ਨਹੀਂ ਹੈ, ਸਗੋਂ ਬਰਾਬਰਤਾ ਦਾ ਹੀ ਦੂਸਰਾ ਨਾਂ ਵਡਿਆਈ ਹੈ। ਗੁਰੂ ਜੀ ਨੇ ਬਰਾਬਰਤਾ ਦਾ ਨਾਹਰਾ ਬੁਲੰਦ ਕਰਦੇ ਹੋਏ ਕਾਂਸ਼ੀ ਵਿਖੇ ਇੱਕ ਨਵੀਂ ਤਰ੍ਹਾਂ ਦੀ ਸ਼ਾਂਤੀ ਲਹਿਰ ਦਾ ਆਗਾਜ਼ ਕਰਕੇ ਭਾਰਤ ਦੀ ਮੂਲਨਿਵਾਸੀ ਕੌਮ ਨੂੰ ਉਤਸ਼ਾਹਿਤ ਕੀਤਾ। ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ।।

ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ।। ਇਸ ਗੱਲ ਦੀ ਗਵਾਹ ਹੈ ਕਿ ਜਦ ਤੱਕ ਇਨਸਾਨ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਬਾਹਰ ਨਹੀਂ ਆ ਜਾਂਦਾ, ਉਦੋਂ ਤੱਕ ਉਸ ਦੀ ਕਿਸੇ ਵੀ ਤਰ੍ਹਾਂ ਕਿਸੇ ਵੀ ਪੱਧਰ ਤੇ ਬਰਾਬਰਤਾ ਦੀ ਗੱਲ ਕਰਨਾ ਤੱਥਾਂ ਤੋਂ ਦੂਰ ਹੋਣਾ ਹੈ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਗੁਲਾਮੀ ਤੋਂ ਛੁਟਕਾਰਾ ਦਵਾਉਣ ਲਈ ਜਿਸ ਮਾਰਗ ਨੂੰ ਚੁਣਿਆ ਉਹ ਸੀ ਕਿਰਤ, ਸਵੈ-ਆਤਮ ਵਿਸ਼ਵਾਸ ਅਤੇ ਨਿਡਰਤਾ। ਉਨ੍ਹਾਂ ਦਾ ਬਰਾਬਰਤਾ ਨੂੰ ਹਾਸਿਲ ਕਰਨ ਦਾ ਸਿਧਾਂਤ ਆਪਣੇ ਆਪ ਵਿੱਚ ਅਲੱਗ ਕਿਸਮ ਦੀ ਮਿਸਾਲ ਪੇਸ਼ ਕਰਦਾ ਹੈ। ਉਹ ਚਾਹੁੰਦੇ ਸਨ ਜਿਸ ਜਾਤ ਪਾਤ ਸਿਧਾਂਤ ਨੇ ਭਾਰਤ ਦੇ ਮੂਲਨਿਵਾਸੀ ਵਰਗ ਨੂੰ ਗੁਲਾਮੀ ਦੀਆਂ ਕਾਲ-ਕੋਠੜੀਆਂ ਵਿੱਚ ਸਦੀਆਂ ਤੋਂ ਬੰਦ ਕੀਤਾ ਹੈ, ਉਸ ਨੂੰ ਜਿਸ ਤਰੀਕੇ ਨਾਲ ਗੁਲਾਮੀ ਤੋਂ ਮੁਕਤ ਕਰਵਾਉਣਾ ਹੈ, ਉਹ ਤਰੀਕਾ ਸੱਚਾ ਤੇ ਸੁੱਚਾ ਹੀ ਨਹੀਂ ਹੋਣਾ ਚਾਹੀਦਾ, ਬਲਕਿ ਅਪਰਾਧੀਆਂ ਨੂੰ ਵੀ ਉਨ੍ਹਾਂ ਦੇ ਅਪਰਾਧ ਤੋਂ ਅਜ਼ਾਦ ਕਰਵਾ ਕੇ ਬਰਾਬਰਤਾ ਦੇ ਸਮਾਜ ਵਿੱਚ ਉਨ੍ਹਾਂ ਦਾ ਯੋਗਦਾਨ ਹਾਸਿਲ ਕਰੇ। ਗੁਰੂ ਜੀ ਦਾ ਜਾਤ ਪਾਤ ਨੂੰ ਖਤਮ ਕਰਨ ਦਾ ਸਿਧਾਂਤ ਜ਼ਾਤ ਅਭਿਮਾਨੀਆਂ ਨੂੰ ਭਗਤੀ ਦੇ ਮਾਧਿਅਮ ਰਾਹੀਂ ਸੋਝੀ ਦੇ ਕੇ ਇੱਕ ਵਿਸ਼ਾਲ ਅਤੇ ਨਿਰਮਾਣ ਦਾ ਮੌਕਾ ਦਿੰਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਇਹ ਸ਼ਬਦ ।। ਜੋ ਹਮ ਸਹਰੀ ਸੋ ਮੀਤ ਹਮਾਰਾ।। ਦੀ ਗਵਾਹੀ ਭਰਦੇ ਹਨ। ਉਨ੍ਹਾਂ ਦੇ ਸ਼ਹਿਰ ਵਿੱਚ ਜੋ ਸ਼ਖਸ ਉਨ੍ਹਾਂ ਦੇ ਇਸ ਸਿਧਾਂਤ ਨੂੰ ਅਪਨਾਉਂਦਾ ਗੁਰੂ ਰਵਿਦਾਸ ਜੀ ਉਸ ਨੂੰ ਆਪਣਾ ਮਿੱਤਰ ਸਮਝਦੇ ਹਨ ਅਤੇ ਉਨ੍ਹਾਂ ਦੀ ਮਿੱਤਰਤਾ ਦਾ ਹੱਕਦਾਰ ਉਹੀ ਬਣ ਸਕਦਾ ਹੈ, ਜਿਸ ਨੇ ਜਾਤੀ ਪਾਤੀ ਘਿਨਾਉਣੀ ਵੰਡ ਨੂੰ ਤਿਆਗ ਕੇ ਬਰਾਬਰਤਾ ਦਾ ਸਿਧਾਂਤ ਅਪਨਾ ਲਿਆ ਹੈ। ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਪਾਵਨ ਸਿੱਖਿਆਵਾਂ ਤੋਂ ਸਬਕ ਸਿਖਦੇ ਹੋਏ ਜਿਸ ਆਦਿ ਧਰਮ ਲਹਿਰ ਦੀ ਉਸਾਰੀ ਕਰਦੇ ਹਨ, ਉਸ ਦੀ ਸ਼ੁਰੂਆਤ ਅਤੇ ਅੰਤ ਦਾ ਰਸਤਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਬਰਾਬਰਤਾ ਦੇ ਸਿਧਾਂਤਾਂ ਵਿੱਚੋਂ ਹੀ ਹੋ ਕੇ ਜਾਂਦਾ ਹੈ। ਬਾਬਾ ਮੁਗੋਵਾਲੀਆ ਜੀ ਨੇ ਆਦਿ ਧਰਮ ਦੀ ਲਹਿਰ ਦਾ ਪ੍ਰਤੀਕ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਨੂੰ ਅਪਨਾਇਆ, ਜਿਸ ਵਿੱਚੋਂ ਸੋਹੰ ਦਾ ਚਿੰਨ੍ਹ ਚੁਣ ਕੇ ਬ੍ਰਾਹਮਣਵਾਦੀ ਕਾਣੀ ਵੰਡ ਦੇ ਖਾਤਮੇ ਦਾ ਬਿਗਲ ਵਜਾਇਆ।

ਉਨ੍ਹਾਂ ਦੀ ਆਦਿ ਧਰਮ ਦੀ ਲਹਿਰ ਜਿੱਥੇ ਅੰਗਰੇਜ਼ ਸਰਕਾਰ ਤੋਂ ਵੱਖਰੇ ਧਰਮ ਦੀ ਮੰਗ ਕਰਦੇ ਹੋਏ ਦਲਿਤ ਮੁਕਤੀ ਦਾ ਆਦੀ ਬਾਣ ਛੱਡਦੀ ਹੈ। ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਜੀਵਨ ਸਿੱਖਿਆਵਾਂ ਨੂੰ ਅਪਨਾਉਂਦੇ ਹੋਏ ਦਲਿਤ ਸ਼ਕਤੀ ਕਰਨ ਦਾ ਨਵਾਂ, ਅਨੋਖਾ ਤੇ ਸਵੈ-ਮਾਨ ਭਰਿਆ ਮਾਰਗ ਦਿਖਾਉਂਦੀ। ਅੱਜ ਭਾਵੇਂ ਆਦਿ ਧਰਮ ਦੀ ਲਹਿਰ ਅਪਨੇ ਜਲਾਓ 'ਚ ਨਹੀਂ ਹੈ, ਪ੍ਰੰਤੂ ਜਿਸ ਕਦਰ ਪੰਜਾਬ ਦੇ ਤਕਰੀਬਨ ਹਰ ਪਿੰਡ ਕਸਬੇ ਸ਼ਹਿਰ ਅੰਦਰ ਸ੍ਰੀ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਡੇਰਿਆਂ ਅੰਦਰ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦਾ ਸੰਗ ਜੁੜਦਾ ਹੈ। ਉਹ ਜਿੱਥੇ ਆਦਿ ਧਰਮ ਦੀ ਲਹਿਰ ਦੀ ਵਿਰਾਸਤ ਦੀ ਤਸਵੀਰ ਪੇਸ਼ ਕਰਦਾ ਹੈ, ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਵਿਚਲੇ ਬਰਾਬਰਤਾ ਦੇ ਸਿਧਾਂਤ ਦੀ ਮੂੰਹ ਬੋਲਦੀ ਤਸਵੀਰ ਹੈ। ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪਾਵਨ ਆਗਮਨ ਪੁਰਬ 5 ਫਰਵਰੀ ਨੂੰ ਮਨਾਏ ਜਾਣ ਦੀਆਂ ਪੂਰੀ ਦੁਨੀਆਂ ਵਿਚ ਤਿਆਰੀਆਂ ਹੋ ਰਹੀਆਂ ਹਨ। ਆਓ ਆਪਾ ਰਲ-ਮਿਲ ਕੇ ਗੁਰੂ ਸਾਹਿਬ ਦਾ ਸਾਂਝੀਵਾਲਤਾ ਦਾ ਸੰਦੇਸ਼ ਘਰ-ਘਰ ਤੱਕ ਪਹੁੰਚਾਈਏ। "ਅਦਾਰਾ ਅੰਬੇਦਕਰ ਟਾਈਮਜ਼" ਤੇ "ਦੇਸ਼ ਦੁਆਬਾ" ਦੇ ਮਾਣਯੋਗ ਪਾਠਕਾਂ, ਇਸ਼ਤਿਹਾਰ ਦਾਤਾ ਅਤੇ ਹੋਰ ਸਨੇਹੀਆਂ ਨੂੰ ਇਸ ਸ਼ੁਭ ਦਿਹਾੜੇ ਤੇ ਬਹੁਤ ਬਹੁਤ ਵਧਾਈਆਂ ਦਿੰਦਾ ਹੈ ਅਤੇ ਆਸ ਕਰਦਾ ਹੈ ਕਿ ਉਨ੍ਹਾਂ ਦਾ ਸਹਿਯੋਗ ਅਦਾਰੇ ਨੂੰ ਹਮੇਸ਼ਾਂ ਪ੍ਰਾਪਤ ਹੁੰਦਾ ਰਹੇਗਾ ਅਤੇ ਅਦਾਰਾ ਗੁਰੂ ਸਾਹਿਬਾਨ ਜੀ ਦੇ ਅਸ਼ੀਰਵਾਦ ਨਾਲ ਬਹੁਜਨ ਦੇ ਹਿੱਤਾਂ ਲਈ ਅਵਾਜ਼ ਬੁਲੰਦ ਕਰਦਾ ਰਹੇਗਾ।

**– ਪ੍ਰੇਮ ਕੁਮਾਰ ਚੁੰਬਰ**

# ਸੰਗੀਤ ਦੀ ਦੇਵੀ ਲਤਾ ਮੰਗੇਸ਼ਕਰ ਨੂੰ ਯਾਦ ਕਰਦਿਆਂ

ਇਹ ਗੱਲ ਜਿਹੜੀ ਮੈਂ ਸੁਣਾ ਰਿਹਾ ਹਾਂ ਇਹ ਲੰਮਾ ਸਮਾਂ ਪਹਿਲਾਂ ਮੈਂ ਲਤਾ ਮੰਗੇਸ਼ਕਰ ਜੀ ਦੀ ਇੱਕ ਇੰਟਰਵਿਊ ਚੋਂ ਸੁਣੀ ਸੀ ਪਰ ਵਿੱਸਰੀ ਰਹੀ।

ਕੁਝ ਸਾਲ ਪਹਿਲਾਂ ਸਾਡਾ ਪੰਜਾਬੀ ਪੁੱਤਰ ਦੇਵਿੰਦਰਪਾਲ ਸਿੰਘ ਇੰਡੀਅਨ ਆਈਡੋਲ ਬਣਿਆ ਤਾਂ ਲਤਾ ਜੀ ਜੱਜ ਸਨ। ਉਨ੍ਹਾਂ ਦੇਵਿੰਦਰਪਾਲ ਨੂੰ ਸੁਰਵੰਤਾ ਹੋਣ ਕਾਰਨ ਰੱਜਵਾਂ ਪਿਆਰ ਦਿੱਤਾ ਤੇ ਕਈ ਵਾਰ ਆਪਣੇ ਘਰ ਬੁਲਾਇਆ।

ਦੇਵਿੰਦਰਪਾਲ ਸਿੰਘ ਨੇ ਇਹ ਗੱਲ ਆਪਣੇ ਉਸਤਾਦ ਪ੍ਰਿੰਸੀਪਲ ਸੁਖਵੰਤ ਸਿੰਘ ਜਵੱਦੀ ਟਕਸਾਲ ਵਾਲਿਆਂ ਨੂੰ ਦੱਸੀ।

ਇਹ ਵੀ ਦੱਸਿਆ ਕਿ ਲਤਾ ਜੀ ਦੇ ਭਤੀਜੇ ਅਦਿੱਤਯ ਮੰਗੇਸ਼ਕਰ ਮੁਤਾਬਕ ਉਹ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਦਾ ਕੀਰਤਨ ਅਕਸਰ ਸੁਣਦੇ ਹਨ ਤੇ ਮਿਲਣਾ ਵੀ ਚਾਹੁੰਦੇ ਹਨ।

ਭਾਈ ਸਾਹਿਬ ਹਰਜਿੰਦਰ ਸਿੰਘ ਤੇ ਪ੍ਰਿੰਸੀਪਲ ਸੁਖਵੰਤ ਸਿੰਘ ਜੀ ਦੇ ਮਨ ਚ ਵੀ ਇਹ ਚਿਰੋਕਣੀ ਤਾਂਘ ਸੀ ਸੰਗੀਤ ਦੀ ਸਰਸਵਤੀ ਦੇਵੀ ਲਤਾ ਜੀ ਨੂੰ ਮਿਲਣ ਦੀ।

ਭਾਈ ਹਰਜਿੰਦਰ ਸਿੰਘ ਤੇ ਪ੍ਰਿੰਸੀਪਲ ਸੁਖਵੰਤ ਸਿੰਘ ਦੋਵੇਂ ਦੇਵਿੰਦਰਪਾਲ ਦੇ ਨਾਲ ਲਤਾ ਮੰਗੇਸ਼ਕਰ ਜੀ ਦੇ ਘਰ ਮਿਲਣ ਲਈ ਮੁੰਬਈ ਚਲੇ ਗਏ। ਇਹ 2013 ਜਾਂ 2014 ਦੀ ਗੱਲ ਹੈ।

ਉਹ ਬੇਹੱਦ ਸਨੇਹ ਨਾਲ ਮਿਲੇ। ਦੋ ਢਾਈ ਘੰਟੇ ਬਚਪਨ ਤੋਂ ਹੁਣ ਤੀਕ ਦੀਆਂ ਗੱਲਾਂ ਚੱਲੀਆਂ।

ਉਨ੍ਹਾਂ ਦੱਸਿਆ ਕਿ ਅਸੀਂ ਸਾਰਾ ਪਰਿਵਾਰ ਬਚਪਨ ਵੇਲੇ ਤੋਪਖਾਨਾ ਮੁੱਹੱਲਾ ਇੰਦੌਰ (ਮੱਧ ਪਰਦੇਸ਼) ਵਿੱਚ ਰਹਿੰਦੇ ਸਾਂ। ਇਹ ਮੁਹੱਲਾ ਸਿੱਖ ਬਹੁ ਗਿਣਤੀ ਦਾ ਹੋਣ ਕਾਰਨ ਅਸੀਂ ਤਿੰਨੇ ਭੈਣਾਂ ਲਤਾ, ਆਸ਼ਾ ਤੇ ਊਸ਼ਾ ਮੰਗੇਸ਼ਕਰ ਰੋਜ਼ਾਨਾ ਗੁਰਦ-ਵਾਰੇ ਜ਼ਰੂਰ ਜਾਂਦੀਆਂ।

ਮੇਰੀ ਗੁੱਤ ਬਹੁਤ ਲੰਮੀ ਸੀ। ਮੈਂ ਸਾਰੀ ਉਮਰ ਵਾਲਾਂ ਨੂੰ ਕੈਂਚੀ ਨਹੀਂ ਛੁਹਾਈ।

ਇਸ ਪਿੱਛੇ ਅਜੀਬ ਕਾਰਨ ਸੀ। ਮੇਰੇ ਸੰਗੀਤ ਗੁਰੂ ਜੀ ਨੇ ਬਚਪਨ ਵੇਲੇ ਹੀ ਮਨ ਚ ਬਿਠਾ ਦਿੱਤਾ ਸੀ ਕਿ ਜੇ ਤੂੰ ਵਾਲ ਕੱਟੇਂਗੀ ਤਾਂ ਤੇਰੀ ਆਵਾਜ਼ ਖ਼ਰਾਬ ਹੋ ਜਾਵੇਗੀ।

ਮੈਂ ਇਸ ਗੱਲ ਨੂੰ ਵਿਸ਼ਵਾਸ ਵਾਂਗ ਪੁਗਾਇਆ ਹੈ। ਹੁਣ ਵੀ ਮੇਰੀ ਗੁੱਤ ਓਨੀ ਲੰਮੀ ਹੈ।

ਪ੍ਰਿੰਸੀਪਲ ਸੁਖਵੰਤ ਸਿੰਘ ਦੇ ਮਨ ਚ ਉਤ-ਸੁਕਤਾ ਵਧੀ। ਇਸ ਦਾ ਕਾਰਨ ਸੀ ਕਿ ਉਸ ਦੇ ਆਪਣੇ ਸੰਗੀਤ ਉਸਤਾਦ ਸਃ ਸਰਵਣ ਸਿੰਘ ਜੀ ਦੀ ਦਾੜ੍ਹੀ ਉਨ੍ਹਾਂ ਦੇ ਕੱਦ ਤੋਂ ਲੰਮੇਰੀ ਹੈ।

ਪ੍ਰਿੰਸੀਪਲ ਸੁਖਵੰਤ ਸਿੰਘ ਨੇ ਲਤਾ ਜੀ ਨੂੰ ਗੁੱਤ ਦਾ ਜੂੜਾ ਖੋਲ੍ਹ ਕੇ ਵਿਖਾਉਣ ਦੀ ਬੇਨਤੀ ਕੀਤੀ। ਖੋਲ੍ਹਿਆ ਤਾਂ ਗੁੱਤ ਗੋਡਿਆਂ ਤੋਂ ਵੀ ਹੇਠਾਂ ਤੀਕ ਸੀ।

ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਉਸ ਪਲ ਨੂੰ ਚੇਤੇ ਕਰਕੇ ਹੁਣ ਵੀ ਆਨੰਦ ਵਿਭੋਰ ਹੋ ਜਾਂਦੇ ਹਨ।

ਕੱਲ੍ਹ ਮੈਂ ਤੇ ਭਾਈ ਹਰਜਿੰਦਰ ਸਿੰਘ, ਪ੍ਰਿੰਸੀਪਲ ਸੁਖਵੰਤ ਸਿੰਘ ਤੇ ਦੇਵਿੰਦਰਪਾਲ ਸਿੰਘ ਤਿੰਨੇ ਸਰਦੂਲ ਸਿਕੰਦਰ ਦੇ ਵਰ੍ਹੀਣੇ ਮੌਕੇ ਖੰਨਾ ਚ ਉਸ ਦੇ ਘਰ ਇਕੱਠੇ ਸਾਂ।



ਕੱਲ੍ਹ ਖੰਨਾ ਵਿੱਚ ਸਰਦੂਲ ਸਿਕੰਦਰ ਦੇ ਘਰ ਕਿੰਨੇ ਸੰਗੀਤ ਸੂਰਜ ਪੁੱਜੇ। ਜਿੱਧਰ ਨਜ਼ਰ ਪਵੇ, ਨੂਰੋ ਨੂਰ ਨਜ਼ਾਰਾ। ਸਿਰਫ਼ ਸਰਦੂਲ ਨਹੀਂ ਸੀ। ਹੰਸ ਰਾਜ ਹੰਸ, ਹਰਭਜਨ ਮਾਨ, ਜਸਬੀਰ ਜੱਸੀ, ਹਰਦੀਪ ਮੋਹਾਲੀ ਪੁੱਤਰ ਸਮੇਤ, ਰੋਮੀ ਰੰਜਨ, ਸਰਦਾਰ ਅਲੀ, ਆਸ਼ਕ ਅਲੀ, ਗੁਰਲੇਜ਼ ਅਖ਼ਤਰ, ਕੈਲੀ, ਗੁਰਲੇਜ਼ ਦਾ ਨਿੱਕਾ ਸੁਰਵੰਤਾ ਵੀਰ, ਭਾਈ ਪਿਆਰਾ ਸਿੰਘ ਮਿੱਠਾ ਟਿਵਾਣਾ ਵਾਲੇ, ਸਤਿੰਦਰਪਾਲ ਸਿੰਘ ਸਿੱਧਵਾਂ, ਡਾਃ ਨਿਰਮਲ ਜੌੜਾ, ਜਸਮੇਰ ਸਿੰਘ ਢੱਟ, ਪੰਜਾਬੀ ਫਿਲਮ ਨਗਰੀ ਤੋਂ ਗੁਰਪ੍ਰੀਤ ਕੌਰ ਭੰਗੂ, ਸੰਜੀਵ ਆਨੰਦ, ਦੇਵਿੰਦਰ ਖੰਨੇਵਾਲਾ,ਮਲਕੀਤ ਰੌਣੀ ਤੇ ਕਈ ਹੋਰ। ਪਾਕਿਸਤਾਨ ਤੋਂ ਗ਼ਜ਼ਲ ਸਮਰਾਟ ਗੁਲਾਮ ਅਲੀ ਤੇ ਭਗਵੰਤ ਮਾਨ ਦੇ ਸ਼ੋਕ ਸੰਦੇਸ਼ੜੇ ਹਵਾ ਚ ਤੈਰ ਰੇ ਸਨ। ਮੈਨੂੰ ਇੰਜ ਲੱਗਿਆ ਪਰ੍ਹੂੰ ਗਏ ਸਰਦੂਲ ਨਾਲ ਲਤਾ ਜੀਵਦੀ ਮੁਲਾਕਾਤ ਹੋ ਗਈ ਹੋਵੇਗੀ।

ਸਾਨੂੰ ਗਰੀਬ ਕਰਕੇ ਤੁਰ ਗਏ ਦੋਵੇਂ।

ਨਿੱਖੜੇ ਤਾਂ ਹੋਰ ਵੀ ਬਹੁਤ ਗੱਲਾਂ ਚੇਤੇ ਆਈਆਂ। ਸਰਦੂਲ ਦੇ ਵੀਰ ਗਮਦੂਰ ਤੇ ਭਰਪੂਰ ਚੇਤੇ ਆਏ। ਅਮਰ ਨੂਰੀ ਦਾ ਬਾਬਲ ਰੌਸ਼ਨ ਸਾਗਰ, ਉਹਦਾ ਬੇਲੀ ਮਨਚਲਾ, ਉਸਤਾਦ ਜਸਵੰਤ ਭੰਵਰਾ, ਦੀਦਾਰ ਸੰਧੂ ਤੇ ਕਿੰਨੇ ਹੋਰ।

ਅੱਜ ਸਵੇਰੇ ਲਤਾ ਜੀ ਦੇ ਗਾਏ ਗੁਰਬਾਣੀ ਸ਼ਬਦ ਸੁਣਦਿਆਂ ਮੈਂ ਮਹਿਸੂਸ ਕੀਤਾ ਕਿ ਉਹ ਤਾਂ ਸਾਡੀ ਲਤਾ ਮੰਗੇਸ਼ ਕੌਰ ਸੀ। ਅਸੀਂ ਹੀ ਭੁੱਲੇ ਰਹੇ।

ਮੈਨੂੰ ਬਚਪਨ ਚ ਸੁਣੀ ਗੱਲ ਯਾਦ ਆਈ। ਭਾਰਤ ਚੀਨ ਜੰਗ 1962 ਵੇਲੇ ਸ਼ਹੀਦ ਸੈਨਿਕਾਂ ਦੀ ਯਾਦ ਵਿੱਚ ਇੱਕ ਸਮਾਗਮ ਸੀ ਦਿੱਲੀ ਵਿੱਚ। ਏਥੇ ਲਤਾ ਮੰਗੇਸ਼ਕਰ ਜੀ ਨੇ ਗੀਤ ਗਾਇਆ।

ਐ ਮੇਰੇ ਵਤਨ ਕੇ ਲੋਗੋ, ਜ਼ਰਾ ਆਂਖ ਮੇਂ ਭਰ ਲੋ ਪਾਨੀ।

ਜੋ ਸ਼ਹੀਦ ਹੁਏ ਹੈ ਉਨ ਕੀ ਜ਼ਰਾ ਯਾਦ ਕਰੋ ਕੁਰਬਾਨੀ।

ਇਹ ਸੁਣਦਿਆਂ ਹਜ਼ਾਰਾਂ ਲੋਕ ਸੁਬਕ ਰਹੇ ਸਨ। ਅੱਥਰੂ ਅੱਥਰੂ ਸਨ। ਲੱਗਦਾ ਸੀ ਦੁਨੀਆ ਭਰ ਦਾ ਦਰਦ ਲਤਾ ਜੀ ਨੇ ਸ਼ਬਦਾਂ ਚ ਪਰੋ ਦਿੱਤਾ ਹੈ।

ਦੇਸ਼ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਫੁੱਟ ਫੁੱਟ ਰੋ ਪਏ।

ਜਵਾਹਰਲਾਲ ਨਹਿਰੂ ਬਾਰੇ ਮਸ਼ਹੂਰ ਸੀ ਕਿ ਉਹ ਨਾ ਤਾਂ ਕਦੇ ਜਨਤਕ ਰੂਪ ਵਿੱਚ ਭਾਵੁਕ ਹੋ ਕੇ ਰੋਂਦੇ ਸਨ ਅਤੇ ਨਾ ਹੀ ਕਿਸੇ ਦੂਜੇ ਦਾ ਇਸ ਤਰ੍ਹਾਂ ਭਾਵੁਕ ਹੋਣਾ ਪਸੰਦ ਕਰਦੇ ਸਨ।

ਉਹ 27 ਜਨਵਰੀ,1963 ਨੂੰ ਲਤਾ ਮੰਗੇਸ਼ਕਰ ਦਾ ਗਾਇਆ ਕਵੀ ਪ੍ਰਦੀਪ ਜੀ ਦਾ ਲਿਖਿਆ ਗੀਤ 'ਐ ਮੇਰੇ ਵਤਨ ਕੇ ਲੋਗੋਂ' ਗਾਇਆ ਤਾਂ ਨਹਿਰੂ ਆਪਣੇ ਅੱਥਰੂ ਰੋਕ ਨਾ ਸਕੇ।

ਗਾਣੇ ਤੋਂ ਬਾਅਦ ਜਦੋਂ ਲਤਾ ਸਟੇਜ ਦੇ ਪਿੱਛੇ ਬੈਠੇ ਸਨ ਤਾਂ ਨਿਰਦੇਸ਼ਕ ਮਹਿਬੂਬ ਖ਼ਾਨ ਨੇ ਲਤਾ ਨੂੰ ਕਿਹਾ ਕਿ ਨਹਿਰੂ ਜੀ ਸੱਦ ਰਹੇ ਹਨ।

ਮਹਿਬੂਬ ਨੇ ਲਤਾ ਨੂੰ ਨਹਿਰੂ ਦੇ ਸਾਹਮਣੇ ਲਿਜਾ ਕਿ ਕਿਹਾ, ਇਹ ਹੈ ਸਾਡੀ ਲਤਾ, ਤੁਹਾਨੂੰ ਕਿਵੇਂ ਲੱਗਿਆ ਇਸ ਦਾ ਗਾਣਾ?

ਨਹਿਰੂ ਨੇ ਕਿਹਾ,"ਬਹੁਤ ਵਧੀਆ। ਇਸ ਲੜਕੀ ਨੇ ਮੇਰ-ਿਆਂ ਅੱਖਾਂ ਵਿੱਚ ਪਾਣੀ ਲਿਆ ਦਿੱਤਾ।" ਇਹ ਕਹਿ ਕੇ ਨਹਿਰੂ ਨੇ ਲਤਾ ਨੂੰ ਗਲ਼ ਨਾਲ ਲਗਾ ਲਿਆ ਧੀ ਵਾਂਗ।

ਤੁਰੰਤ ਇਸ ਗਾਣੇ ਦੀ ਮਾਸਟਰ ਟੇਪ ਨੂੰ ਵਿਵਿਧ ਭਾਰਤੀ ਦੇ ਪ੍ਰਸ-ਾਰਨ ਸਟੇਸ਼ਨ ਪਹੁੰਚਾਇਆ ਗਿਆ ਅਤੇ ਰਿਕਾਰਡ ਸਮੇਂ ਵਿੱਚ ਐੱ-ਚਐੱਮਵੀ ਕੰਪਨੀ ਵੱਲੋਂ ਉਸ ਦਾ ਰਿਕਾਰਡ ਬਣਵਾ ਕੇ ਮਾਰਕੀਟ ਵਿੱਚ ਲਿਆਂਦਾ ਗਿਆ। ਮੈਨੂੰ ਯਾਦ ਹੈ ਕਿ ਸਾਡੇ ਸ੍ਰੀ ਬਾਵਾ ਲਾਲ ਹਾਈ ਸਕੂਲ ਧਿਆਨਪੁਰ ਵਿੱਚ ਇਹ ਰੀਕਾਰਡ ਸਵੇਰ ਦੀ ਪ੍ਰਾਰਥਨਾ ਮਗਰੋਂ ਵਜਾਇਆ ਜਾਂਦਾ ਸੀ। ਪੀ ਟੀ ਵੇਲੇ ਵੀ।

ਦੇਖਦਿਆਂ ਹੀ ਇਹ ਗੀਤ ਪੂਰੇ ਦੇਸ਼ ਵਿੱਚ ਫੈਲ ਗਿਆ ਤੇ ਕੌਮੀ ਦਰਦਨਾਮਾ ਬਣ ਗਿਆ।

ਲਤਾ ਮੰਗੇਸ਼ਕਰ ਜੀ ਨੇ ਗੁਰੂ ਨਾਨਕ ਦੇਵ ਜੀ ਦੀ 500ਵੀਂ ਜਨਮ ਸ਼ਤਾਬਦੀ ਵੇਲੇ ਸ ਮਹਿੰਦਰ ਦੇ ਸੰਗੀਤ ਵਿੱਚ ਕਈ ਸ਼ਬਦ ਰੀਕਾਰਡ ਕਰਵਾਏ। ਹੁਣ ਵੀ ਸਾਹਾਂ ਚ ਮਹਿਕਦੇ ਹਨ।

ਲਤਾ ਜੀ ਨੂੰ ਕੌਰ ਬਣਾ ਕੇ ਅਸੀਂ ਸੂਰਜ ਨੂੰ ਮੁੱਠੀ ਚ ਕੈਦ ਨਹੀਂ ਕਰ ਸਕਦੇ।

ਪਰ ਇੱਕ ਦਮ ਕਬਜ਼ੇ ਦੀ ਭਾਵਨਾ ਕਾਫ਼ੂਰ ਹੋ ਗਈ, ਜਦ ਚੇਤੇ ਆਇਆ, ਮਹਿਕ ਦਾ ਕੋਈ ਨਾਮ, ਵਤਨ, ਰੰਗ ਜ਼ਾਤ , ਨਸਲ ਭੇਦ ਨਹੀਂ ਹੁੰਦਾ।

ਲਤਾ ਜੀ ਮਹਿਕ ਸਨ, ਬ੍ਰਹਿਮੰਡ ਚ ਘੁਲ਼ ਗਏ ਬੇਅੰਤ ਬਰਕਤਾਂ ਧਰਤੀ ਨੂੰ ਸੌਂਪ ਕੇ।

**– ਗੁਰਭਜਨ ਗਿੱਲ**

# ਦੇਸ਼ ਭਗਤ ਯਾਦਗਾਰ ਕਮੇਟੀ ਨੇ ਲਏ ਅਹਿਮ ਫੈਸਲੇ



**ਜਲੰਧਰ: 28 ਜਨਵਰੀ–** ਦੇਸ਼ ਭਗਤ ਯਾਦਗਾਰ ਕਮੇਟੀ ਦੀ ਜਨਰਲ ਬਾਡੀ ਦੀ ਮੀਟਿੰਗ ਦੇ ਆਗਾਜ਼ ਮੌਕੇ ਸਮੂਹ ਮੈਂਬਰਾਂ ਨੇ ਖੜ੍ਹੇ ਹੋ ਕੇ ਲੋਕ ਸਰੋਕਾਰਾਂ, ਲੋਕ ਸਾਹਿਤ ਅਤੇ ਲੋਕ ਸੰਗਰਾਮਾਂ ਨਾਲ ਜੁੜੀਆਂ ਰਹੀਆਂ ਸਖ਼ਸ਼ੀਅਤਾਂ ਕਵੀ ਅਨਿਲ ਆਦਮ, ਗੁਰਦੇਵ ਸਿੰਘ ਜੰਡਿਆਲਾ, ਡਾ. ਦਰਸ਼ਨ ਸਿੰਘ ਹਾਂਡਾ ਸ਼ਾਹਬਾਦ, ਡਾ. ਹਰਸ਼ਰਨ ਸਿੰਘ ਏਕਲਗੱਡਾ ਅਤੇ ਜੀਰਾ ਸ਼ਰਾਬ ਫੈਕਟਰੀ ਦੇ ਘੋਲ ਦੌਰਾਨ ਸ਼ਹਾਦਤ ਪਾ ਗਏ ਰਾਜਬੀਰ ਸਿੰਘ ਮਨਸੂਰ ਕਲਾਂ, ਬੂਟਾ ਸਿੰਘ ਲਹਿਰਾ ਬੇਟ ਨੂੰ ਸੰਗਰਾਮੀ ਸ਼ਰਧਾਂਜ਼ਲੀ ਭੇਂਟ ਕੀਤੀ ਗਈ।

ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਦੀ ਪ੍ਰਧਾਨਗੀ 'ਚ ਹੋਈ ਮੀਟਿੰਗ 'ਚ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਪਿਛਲੀ ਜਨਰਲ ਬਾਡੀ ਮੀਟਿੰਗ ਦੀ ਕਾਰਵਾਈ ਪੜ੍ਹਕੇ ਸੁਣਾਈ, ਜਿਸਨੂੰ ਰਾਵਾਂ, ਸੁਝਾਵਾਂ ਸਹਿਤ ਪਾਸ ਕੀਤਾ ਗਿਆ।

ਬੀਤੇ ਅਰਸੇ 'ਚ ਵਿਛੜੇ ਕਮੇਟੀ ਮੈਂਬਰਾਂ ਦੀ ਥਾਂ ਡਾ. ਸੁਖਦੇਵ ਸਿੰਘ ਸਿਰਸਾ, ਡਾ. ਤੇਜਿੰਦਰ ਵਿਰਲੀ, ਡਾ. ਸੈਲੇਸ਼, ਸੁਖਵਿੰਦਰ ਸਿੰਘ ਸੇਖੋਂ ਅਤੇ ਐਡਵੋਕੇਟ ਰਾਜਿੰਦਰ ਮੰਡ ਨੂੰ ਕਮੇਟੀ 'ਚ ਮੈਂਬਰ ਲਿਆ ਗਿਆ। ਦੇਸ਼ ਭਗਤ ਯਾਦਗਾਰ ਹਾਲ ਦੀਆਂ ਨਿਰੰਤਰ ਸਰਗਰਮੀਆਂ, ਮਿਊਜ਼ੀਅਮ, ਲਾਇਬ੍ਰੇਰੀ, ਹਿਸਾਬ-ਕਿਤਾਬ ਅਤੇ ਸਾਂਭ-ਸੰਭਾਲ ਆਦਿ ਦੇ ਕਾਰਜ਼ ਯਕੀਨੀ ਬਣਾਉਣ ਲਈ ਤਿੰਨ ਸਾਲਾਂ ਬਾਅਦ ਚਲੀ ਆਉਂਦੀ ਵਿਧੀ ਮੁਤਾਬਕ ਕਮੇਟੀਆਂ ਦਾ ਪੁਨਰ ਗਠਨ ਕੀਤਾ ਗਿਆ। ਇਹਨਾਂ ਕਮੇਟੀਆਂ ਦੇ ਕਨਵੀਨਰਾਂ ਦੀ ਕੀਤੀ ਚੋਣ 'ਚ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਇਤਿਹਾਸ ਸਬ-ਕਮੇਟੀ ਦੇ ਕਨਵੀਨਰ ਹਰਵਿੰਦਰ ਭੰਡਾਲ, ਮਿਊਜ਼ੀਅਮ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਲਾਇਬ੍ਰੇਰੀ ਤੇ ਉਸ ਨਾਲ ਜੁੜਵੇਂ ਬਾਬਾ ਭਗਤ ਸਿੰਘ ਬਿਲਗਾ ਕਿਤਾਬ ਘਰ (ਸੈਮੀਨਾਰ ਹਾਲ) ਦੇ ਕਨਵੀਨਰ ਪ੍ਰੋ. ਗੋਪਾਲ ਸਿੰਘ ਬੁੱਟਰ, ਆਡਿਟ ਕਮੇਟੀ ਅਤੇ ਦੇਖ-ਰੇਖ ਕਮੇਟੀ ਦੇ ਕਨਵੀਨਰ ਰਣਜੀਤ ਸਿੰਘ ਔਲਖ ਨੂੰ ਚੁਣਿਆਂ ਗਿਆ।

ਵੱਖ-ਵੱਖ ਮੁਲਕਾਂ ਵਿੱਚ ਪਹਿਲਾਂ ਵੀ ਦੇਸ਼ ਭਗਤ ਯਾਦਾਗਰ ਕਮੇਟੀ ਦੇ ਪ੍ਰਤੀਨਿੱਧ ਵਜੋਂ ਸਮਾਗਮ 'ਚ ਸ਼ਾਮਲ ਹੁੰਦੇ ਇਤਿਹਾਸ, ਸਾਹਿਤ ਅਤੇ ਸਭਿਆਚਾਰਕ ਮਾਮਲਿਆਂ ਨਾਲ ਜੁੜੀਆਂ ਸਰਗਰਮੀਆਂ ਕਰਦੇ ਆ ਰਹੇ ਕਮੇਟੀ ਮੈਂਬਰ ਪ੍ਰੋ. ਵਰਿਆਮ ਸਿੰਘ ਸੰਧੂ ਨੂੰ ਵਿਸ਼ੇਸ਼ ਬੁਲਾਰੇ ਵਜੋਂ ਵੀ ਸੇਵਾਵਾਂ ਦੀ ਜ਼ਿੰਮੇਵਾਰੀ ਨਿਭਾਉਂਦੇ ਰਹਿਣ ਦਾ ਫੈਸਲਾ ਕੀਤਾ ਗਿਆ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ



ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥

# ਸਤਿਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 5 ਫਰਵਰੀ 2023 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 3 ਫਰਵਰੀ 2023 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ ਨਿਸ਼ਾਨ ਸਾਹਿਬ ਦੀ ਸੇਵਾ 4 ਫਰਵਰੀ ਨੂੰ ਹੋਵੇਗੀ। 5 ਫਰਵਰੀ 2023 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।




**Ramesh Summan & Family**



ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥

# ਸਤਿਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 5 ਫਰਵਰੀ 2023 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 3 ਫਰਵਰੀ 2023 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ ਨਿਸ਼ਾਨ ਸਾਹਿਬ ਦੀ ਸੇਵਾ 4 ਫਰਵਰੀ ਨੂੰ ਹੋਵੇਗੀ। 5 ਫਰਵਰੀ 2023 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।




**Shashi Paul and Family**



ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥


# ਸਤਿਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 5 ਫਰਵਰੀ 2023 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 3 ਫਰਵਰੀ 2023 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ ਨਿਸ਼ਾਨ ਸਾਹਿਬ ਦੀ ਸੇਵਾ 4 ਫਰਵਰੀ ਨੂੰ ਹੋਵੇਗੀ। 5 ਫਰਵਰੀ 2023 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੀਏ ਜੀ।



ਸ੍ਰੀ ਕਸ਼ਮੀਰੀ ਭਾਟੀਆ ਅਤੇ ਸ੍ਰੀਮਤੀ ਕਮਲਜੀਤ ਭਾਟੀਆ

## ਬੇਨਤੀ ਕਰਤਾ- ਸਾਬਕਾ ਪ੍ਰਧਾਨ, ਕਸ਼ਮੀਰੀ ਭਾਟੀਆ (408) 460-0262



### ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 5 ਫਰਵਰੀ 2023 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 3 ਫਰਵਰੀ 2023 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ ਨਿਸ਼ਾਨ ਸਾਹਿਬ ਦੀ ਸੇਵਾ 4 ਫਰਵਰੀ ਨੂੰ ਹੋਵੇਗੀ। 5 ਫਰਵਰੀ 2023 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੀਏ ਜੀ।

ਸਤਿਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ



Jagtar Singh Bhatia and his wife

# ਜਗਤਾਰ ਸਿੰਘ ਭਾਟੀਆ

(ਸਾਬਕਾ ਪ੍ਰਧਾਨ, ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ)

## ਸਮੂਹ ਭਾਟੀਆ ਪਰਿਵਾਰ

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)




## ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ 26 ਮਾਰਚ 2023 ਦਿਨ ਐਤਵਾਰ ਨੂੰ ਗੁਰੂ ਘਰ ਦੀ ਪ੍ਰਾਪਰਟੀ ਵਿਖੇ ਮਨਾਇਆ ਜਾ ਰਿਹਾ ਹੈ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਤੇ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਸੰਗਤ ਦੇ ਸੇਵਾਦਾਰ


Vinod Kumar Chumber (Chairman) 510-953-9800


Ram Lubhaya (President) 408-449-1105


Naresh Kumar (Secretary) 510-857-4551


Sohan Singh Dhanda (Treasurer) 510-200-6649

## ਸਮੂਹ ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)



# SKY TRANSPORT SOLUTIONS

**STRIVE FOR MORE**

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

**PLEASE CONTACT US FOR MORE INFORMATION**

**PHONE: 209-855-6938, FAX: 209-762-6540**

Email: skytransportsolution@gmail.com

Give us a chance to provide you best services

**121 E 11th St. Tracy, CA 95376**

### ਪੁਲਿਸ ਵੱਲੋਂ ਕਾਲੇ ਵਿਅਕਤੀ ਨੂੰ ਕੁੱਟ ਕੁੱਟ ਕੇ ਮਾਰ ਦੇਣ ਦਾ ਮਾਮਲਾ

# ਅਮਰੀਕਾ ਵਿਚ ਕੈਲੀਫੋਰਨੀਆ ਸਮੇਤ ਹੋਰ ਥਾਵਾਂ 'ਤੇ ਪ੍ਰਦਰਸ਼ਨ, ਇਨਸਾਫ ਦੀ ਮੰਗ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)-** ਮੈਮਫਿਸ ਪੁਲਿਸ ਵਿਭਾਗ ਦੇ ਅਫਸਰਾਂ ਵੱਲੋਂ ਇਕ ਟਰੈਫਿਕ ਸਟਾਪ 'ਤੇ ਟਾਇਰ ਨਿਕੋਲਸ ਨਾਮੀ ਕਾਲੇ ਵਿਅਕਤੀ ਨਾਲ ਹੋਈ ਤਕਰਾਰ ਉਪਰੰਤ ਉਸ ਦੀ ਕੀਤੀ ਗਈ ਬੇਦਰਦੀ ਨਾਲ ਕੁੱਟਮਾਰ ਤੋਂ ਬਾਅਦ ਹੋਈ ਮੌਤ ਦੇ ਮਾਮਲੇ ਨੂੰ ਲੈ ਕੇ ਅਮਰੀਕਾ ਦੇ ਕੈਲੀਫੋਰਨੀਆ ਰਾਜ ਸਮੇਤ ਹੋਰ ਥਾਵਾਂ 'ਤੇ ਲੋਕਾਂ ਨੇ ਪ੍ਰਦਰਸ਼ਨ ਕਰਕੇ ਇਨਸਾਫ ਦੀ ਮੰਗ ਕੀਤੀ ਹੈ। ਲੋਕਾਂ ਵੱਲੋਂ ਸਨਫਰਾਂਸਿਸਕੋ, ਲਾਸ ਏਂਜਲਸ, ਬਾਲਟੀਮੋਰ, ਬੋਸਟਨ, ਐਟਲਾਂਟਾ, ਪੋਰਟਲੈਂਡ ਤੇ ਨਿਊਯਾਰਕ ਵਿਖੇ ਜੋਰਦਾਰ ਪ੍ਰਦਰਸ਼ਨ ਕਰਨ ਦੀਆਂ ਖਬਰਾਂ ਹਨ। ਪ੍ਰਦਰਸ਼ਨਕਾਰੀਆਂ ਨੇ ਪੁਲਿਸ ਖਿਲਾਫ ਨਾਅਰੇਬਾਜੀ ਕੀਤੀ ਤੇ ਪੁਲਿਸ ਦੀ ਧੱਕੇਸ਼ਾਹੀ ਖਤਮ ਕਰਨ ਦੀ ਮੰਗ ਕੀਤੀ। ਲੋਕਾਂ ਦਾ ਕਹਿਣਾ ਹੈ ਕਿ ਪੁਲਿਸ ਲੋਕਾਂ ਦੀ ਰੱਖਿਆ ਕਰਨ ਦੀ ਚੁੱਕੀ ਸਹੁੰ ਦੀ ਪਾਲਣਾ ਕਰਨ ਵਿਚ ਨਾਕਾਮ ਰਹੀ ਹੈ। ਹਾਲਾਂ ਕਿ ਨਿਕੋਲਸ ਦੀ ਕੁੱਟਮਾਰ 7 ਜਨਵਰੀ ਨੂੰ ਹੋਈ ਸੀ ਤੇ ਉਸ ਦੀ ਮੌਤ 3 ਦਿਨਾਂ ਬਾਅਦ 10 ਜਨਵਰੀ ਨੂੰ ਹੋਈ ਸੀ ਪਰੰਤੂ ਕੁੱਟਮਾਰ ਦੀ ਵੀਡੀਓ ਬੀਤੇ ਦਿਨ ਜਾਰੀ ਕੀਤੀ ਗਈ ਜਿਸ ਉਪਰੰਤ ਲੋਕਾਂ ਵਿਚ ਗੁੱਸਾ ਤੇ ਰੋਹ ਪਾਇਆ ਜਾ ਰਿਹਾ ਹੈ ਤੇ ਉਹ ਸੜਕਾਂ ਉਪਰ ਉਤਰ ਆਏ ਹਨ। ਵੀਡੀਓ ਵਿਚ ਪੁਲਿਸ ਅਫਸਰ ਨਿਕੋਲਸ ਨੂੰ ਡਾਗਾਂ ਨਾਲ ਕੁੱਟਦੇ ਹੋਏ ਨਜਰ ਆ ਰਹੇ ਹਨ। ਉਸ ਦੇ ਘਸੁੰਨ ਤੇ ਠੁੱਡੇ ਮਾਰੇ ਜਾ ਰਹੇ ਹਨ। ਨਿਕੋਲਸ ਦੇ ਹੱਥ ਪਿੱਛੇ ਬੰਨੇ ਹੋਏ ਨਜਰ ਆ ਰਹੇ ਹਨ ਤੇ ਇਸ ਦੇ ਬਾਵਜੂਦ ਉਸ ਨੂੰ ਬੇਰਹਿਮੀ ਨਾਲ ਕੁੱਟਿਆ ਜਾ ਰਿਹਾ ਹੈ। 23 ਮਿੰਟ ਬਾਅਦ ਜਮੀਨ ਉਪਰ ਡਿੱਗੇ ਪਏ ਨਿਕੋਲਸ ਨੂੰ ਸਟਰੈਚਰ 'ਤੇ ਪਾ ਕੇ ਹਸਪਤਾਲ ਲਿਜਾਇਆ ਗਿਆ। ਇਥੇ ਜਿਕਰਯੋਗ ਹੈ ਕਿ ਕੁੱਟਮਾਰ ਦੀ ਇਸ ਘਟਨਾ ਵਿਚ ਸ਼ਾਮਿਲ 5 ਪੁਲਿਸ ਅਫਸਰਾਂ ਨੂੰ ਬਰਖਾਸਤ ਕਰਕੇ ਉਨਾਂ ਵਿਰੁੱਧ ਹੱਤਿਆ ਤੇ ਅਗਵਾ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ ਤੇ ਮੈਮਫਿਸ ਪੁਲਿਸ ਵਿਭਾਗ ਭੰਗ ਕਰ ਦਿੱਤਾ ਗਿਆ ਹੈ।




# ਐਚ-1ਬੀ ਵੀਜ਼ਾ ਲਈ ਅਰਜੀਆਂ ਪਹਿਲੀ ਮਾਰਚ ਤੋਂ ਲਈਆਂ ਜਾਣਗੀਆਂ

**ਸੈਕਰਾਮੈਂਟੋ 31 ਜਨਵਰੀ (ਹੁਸਨ ਲੜੋਆ ਬੰਗਾ)-**2024 ਲਈ ਐਚ-1ਬੀ ਵੀਜ਼ਾ ਦੀ ਮੁੱਢਲੀ ਰਜਿਸਟ੍ਰੇਸ਼ਨ ਲਈ ਹੁਨਰਮੰਦ ਉਮੀਦਵਾਰਾਂ ਤੋਂ ਅਰਜੀਆਂ 1 ਮਾਰਚ ਤੋਂ 17 ਮਾਰਚ ਤੱਕ ਲਈਆਂ ਜਾਣਗੀਆਂ। ਇਹ ਐਲਾਨ ਯੂ ਐਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਜ ਨੇ ਕੀਤਾ ਹੈ। ਉਮੀਦਵਾਰ ਆਨ ਲਾਈਨ ਐਚ-1ਬੀ ਰਜਿਸਟ੍ਰੇਸ਼ਨ ਸਿਸਟਮ ਰਾਹੀਂ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਰਜਿਸਟ੍ਰੇਸ਼ਨ ਤੋਂ ਬਾਅਦ ਯੂ ਐਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਜ ਰਜਿਸਟ੍ਰੇਸ਼ਨ ਪੁਸ਼ਟੀ ਨੰਬਰ ਜਾਰੀ ਕਰੇਗਾ ਜਿਸ ਤੋਂ ਉਮੀਦਵਾਰ ਆਪਣੀ ਰਜਿਸਟ੍ਰੇਸ਼ਨ ਦੀ ਸਥਿੱਤੀ ਬਾਰੇ ਜਾਣਕਾਰੀ ਲੈ ਸਕਣਗੇ। ਹਰੇਕ ਰਜਿਸਟੇਸ਼ਨ ਲਈ 10 ਡਾਲਰ ਫੀਸ ਦੀ ਅਦਾਇਗੀ ਕਰਨੀ ਪਵੇਗੀ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਚਾਂਦਪੁਰ ਰੁੜਕੀ ਦੇ ਪ੍ਰਾਇਮਰੀ ਸਕੂਲ ਵਿੱਚ ਪਤਵੰਤਿਆਂ ਦੇ ਸਹਿਯੋਗ ਨਾਲ "ਬਾਬਾ ਗੁਰਦਿੱਤਾ ਮੁਫਤ ਸਟੇਸ਼ਨਰੀ ਬੈਂਕ" ਖੋਲ੍ਹਿਆ

**ਸੜੋਆ (ਸਤਨਾਮ ਸਿੰਘ ਸਹੂੰਗੜਾ)** ਅੱਜ ਪਿੰਡ ਚਾਂਦਪੁਰ ਰੁੜਕੀ ਵਿਖੇ ਪਿੰਡ ਵਾਸੀਆਂ ਤੇ ਐਨ ਆਰ ਆਈ ਦੇ ਸਹਿਯੋਗ ਨਾਲ ਪ੍ਰਾਇਮਰੀ ਸਕੂਲ ਵਿੱਚ ਬਾਬਾ ਗੁਰਦਿੱਤਾ ਮੁਫਤ ਸਟੇਸ਼ਨਰੀ ਬੈਂਕ ਸਥਾਪਿਤ ਕੀਤਾ ਗਿਆ। ਇਸ ਮੌਕੇ ਤੇ ਜਾਣਕਾਰੀ ਦਿੰਦੇ ਹੋਏ ਕਸ਼ਮੀਰੀ ਲਾਲ ਚੇਚੀ,ਪ੍ਰੇਮ ਸਿੰਘ, ਬਲਦੇਵ ਸਿੰਘ ਮੀਲੂ,ਮੁੱਖ ਅਧਿਆਪਕ ਸੁੱਖਪਾਲ ਸਿੰਘ, ਹੈਡ ਟੀਚਰ ਜਸਪਾਲ ਅਤੇ ਰਾਜ ਕੁਮਾਰ ਮੀਲੂ ਨੇ ਰਜਿੰਦਰ ਸਿੰਘ (ਸੀ ਆਰ ਪੀ ਐਫ) ਅਤੇ ਉਹਨਾਂ ਦੇ ਸਾਥੀਆਂ ਦੇ ਇਸ ਉਪਰਾਲੇ ਦੀ ਪ੍ਰਸੰਸ਼ਾ ਕਰਦਿਆਂ ਕਿਹਾ ਕਿ ਇਹੋ ਜਿਹੇ ਲੋਕ ਭਲਾਈ ਦੇ ਕਾਰਜਾਂ ਵਿੱਚ ਸਾਨੂੰ ਵੱਧ ਚੜ੍ਹ ਕੇ ਹਿੱਸਾ ਪਾਉਣਾ ਚਾਹੀਦਾ ਹੈ। ਇਸ ਮਾਧਿਅਮ ਨਾਲ ਗਰੀਬ ਬੱਚਿਆ ਦਾ ਵੀ ਭਲਾ ਹੋਵੇਗਾ। ਇਸ ਮੌਕੇ ਤੇ ਰਜਿੰਦਰ ਸਿੰਘ (ਸੀ ਆਰ ਪੀ ਐਫ) ਨੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ 'ਬਾਬਾ ਗੁਰਦਿੱਤਾ ਮੁਫਤ ਸਟੇਸ਼ਨਰੀ ਬੈਂਕ' ਵਿੱਚ ਬੱਚਿਆ ਦੀ ਲੋੜ ਅਨੁਸਾਰ ਹਰ ਕਿਸਮ ਦੀ ਸਟੇਸ਼ਨਰੀ ਕਾਪੀਆਂ, ਪੈਨ, ਵਰਦੀਆਂ, ਬੂਟ, ਸਕੂਲ ਬਸਤਿਆਂ ਸਮੇਤ ਹਰ ਤਰ੍ਹਾਂ ਪੜ੍ਹਾਈ ਨਾਲ ਸੰਬੰਧਤ ਚੀਜਾਂ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਮੁਫਤ ਬੈਂਕ ਵਿੱਚ ਪ੍ਰਾਇਮਰੀ ਤੇ ਹਾਈ ਸਕੂਲ ਦਾ ਕੋਈ ਵੀ ਬੱਚਾ ਜਰੂਰਤ ਅਨੁਸਾਰ ਕੋਈ ਵੀ ਚੀਜ ਇੱਥੋਂ ਆ ਕੇ ਪ੍ਰਾਪਤ ਕਰ ਸਕਦਾ ਹੈ। ਇਸ ਸੇਵਾ ਬਦਲੇ ਕਿਸੇ ਕੋਲੋਂ ਕੋਈ ਵੀ ਪੈਸਾ ਨਹੀਂ ਲਿਆ ਜਾਵੇਗਾ।ਇਸ ਅਹਿਮ ਸਮੇਂ ਤੇ ਇਸ ਸਟੇਸ਼ਨਰੀ ਮੁਫਤ ਬੈਂਕ ਸਥਾਪਿਤ ਕਰਨ ਤੇ ਯੋਗਦਾਨ ਦੇਣ ਵਾਲਿਆਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਤੇ ਗੁਰਮੇਲ ਸਿੰਘ, ਸਰਵਣ ਰਾਮ, ਬਲਦੇਵ ਰਾਜ, ਰਾਮ ਕੁਮਾਰ, ਗੁਰਦੇਵ ਸਿੰਘ, ਸਾਬਕਾ ਸਰਪੰਚ ਸੁਖਦੇਵ ਸਿੰਘ, ਸਾਬਕਾ ਸਰਪੰਚ ਸਤਿੰਦਰ ਕੁਮਾਰ, ਜੋਗਿੰਦਰ ਸਿੰਘ, ਧਰਮ ਚੰਦ ਬਿੱਟੂ, ਸੀ ਐਚ ਟੀ ਪੋਜੇਵਾਲ ਹਰਮੇਸ਼ ਲਾਲ, ਗੁਰਸੇਵਕ ਸਿੰਘ, ਪੀ ਐਨ ਬੀ ਸੁਖਦੇਵ ਸਿੰਘ, ਪੂਨਮ ਰਾਣੀ, ਮਨਜੀਤ ਕੌਰ, ਬਿੰਦਰ ਕੁਮਾਰ, ਨਰਿੰਜਣਯੋਤ ਸਿੰਘ, ਧਰਮ ਚੰਦ, ਸਤੀਸ਼ ਕੁਮਾਰ ਤੇ ਮਹਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿਚ ਪਿੰਡ ਵਾਸੀ ਹਾਜ਼ਰ ਸਨ।









# ਸੰਯੁਕਤ ਰਾਜ ਅਮਰੀਕਾ ਦੇ ਉਦਯੋਗਪਤੀ ਅਤੇ ਉਨ੍ਹਾਂ ਦੇ ਵਫ਼ਦ ਨੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਨਾਲ ਮੁਲਾਕਾਤ ਕੀਤੀ





ਅਮਰੀਕਾ ਤੋਂ ਆਏ ਪ੍ਰਵਾਸੀ ਭਾਰਤੀ ਉਦਯੋਗਪਤੀ ਸ਼੍ਰੀ ਪਾਮਸ ਰਾਏ ਭੱਟੀ ਨੇ 25 ਜਨਵਰੀ ਨੂੰ ਹਿਮਾਚਲ ਪ੍ਰਦੇਸ਼ ਦੇ ਮਾਣਯੋਗ ਮੁੱਖ ਮੰਤਰੀ ਸ਼੍ਰੀ ਸੁਖਵਿੰਦਰ ਸਿੰਘ ਸੁੱਖੂ ਨਾਲ ਹਮੀਰਪੁਰ ਵਿਖੇ ਮੁਲਾਕਾਤ ਕੀਤੀ।ਸੂਬੇ ਵਿੱਚ ਸੈਰ ਸਪਾਟੇ ਨੂੰ ਬੜ੍ਹਾਵਾ ਦੇਣ ਵਿੱਚ ਮੁੱਖ ਮੰਤਰੀ ਦੀ ਡੂੰਘੀ ਦਿਲਚਸਪੀ ਦੇ ਆਧਾਰ 'ਤੇ ਸ਼੍ਰੀ ਭੱਟੀ ਨੇ ਮੁੱਖ ਮੰਤਰੀ ਨੂੰ ਸੂਬੇ ਵਿੱਚ ਸੈਰ ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਇੱਕ ਅਸਥਾਈ ਪ੍ਰਸਤਾਵ ਪੇਸ਼ ਕੀਤਾ।ਸ਼੍ਰੀ ਭੱਟੀ ਨੇ ਮਾਨਯੋਗ ਮੁੱਖ ਮੰਤਰੀ ਨੂੰ ਜਾਣੂ ਕਰਵਾਇਆ ਕਿ ਸੈਰ ਸਪਾਟਾ ਖੇਤਰ ਵਿੱਚ ਨਿਵੇਸ਼ ਨਾਲ ਸੂਬੇ ਦੀ ਆਰਥਿਕਤਾ ਨੂੰ ਵੱਡਾ ਹੁਲਾਰਾ ਮਿਲੇਗਾ ਅਤੇ ਹਜ਼ਾਰਾਂ ਲੋਕਾਂ ਨੂੰ ਰੁਜ਼ਗਾਰ ਦੇ ਮੌਕੇ ਪੈਦਾ ਹੋਣ ਦੀ ਸੰਭਾਵਨਾ ਹੈ। ਮਾਣਯੋਗ ਮੁੱਖ ਮੰਤਰੀ ਨੇ ਸ਼੍ਰੀ ਭੱਟੀ ਅਤੇ ਉਨ੍ਹਾਂ ਦੇ ਵਫ਼ਦ ਨੂੰ ਵੱਖ-ਵੱਖ ਪ੍ਰੋਜੈਕਟਾਂ ਦੇ ਵਿਆਪਕ ਪ੍ਰਸਤਾਵ 'ਤੇ ਹੋਰ ਵਿਚਾਰ ਵਟਾਂਦਰਾ ਕਰਨ ਲਈ ਸ਼ਿਮਲਾ ਵਿਖੇ ਆਪਣੇ ਮੁੱਖ ਦਫ਼ਤਰ ਵਿਖੇ ਸੱਦਾ ਦਿੱਤਾ।ਮੁੱਖ ਮੰਤਰੀ ਨੇ ਵਫ਼ਦ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀ ਸਰਕਾਰ ਹਿਮਾਚਲ ਵਿੱਚ ਸੈਰ ਸਪਾਟੇ ਨੂੰ ਹੁਲਾਰਾ ਦੇਣ ਲਈ ਸਾਰੀਆਂ ਸੰਭਾਵਨਾਵਾਂ ਦੀ ਪੂਰੀ ਤਰ੍ਹਾਂ ਖੋਜ ਕਰਨ ਵਿੱਚ ਬਹੁਤ ਦਿਲਚਸਪੀ ਰੱਖਦੀ ਹੈ।

ਸ਼੍ਰੀ ਭੱਟੀ ਨੇ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਵਫ਼ਦ ਨੂੰ ਅਮਰੀਕਾ ਜਾਣ ਦਾ ਸੱਦਾ ਵੀ ਦਿੱਤਾ ਤਾਂ ਜੋ ਉਹ ਸਾਰੀਆਂ ਸੰਭਾਵਨਾਵਾਂ ਬਾਰੇ ਵਿਸਥਾਰ ਵਿੱਚ ਚਰਚਾ ਕਰਨ ਲਈ ਦਿਲਚਸਪੀ ਰੱਖਣ ਵਾਲੇ ਨਿਵੇਸ਼ਕਾਂ ਨੂੰ ਨਿੱਜੀ ਤੌਰ 'ਤੇ ਮਿਲਣ।ਸਰਕਾਰ ਅਤੇ ਦਿਲਚਸਪੀ ਰੱਖਣ ਵਾਲੇ ਨਿਵੇਸ਼ਕ ਇਸ ਗੱਲ ਨਾਲ ਸਹਿਮਤ ਹਨ ਕਿ ਵਿਦੇਸ਼ੀ ਨਿਵੇਸ਼ ਯਕੀਨੀ ਤੌਰ 'ਤੇ ਹਿਮਾਚਲ ਪ੍ਰਦੇਸ਼ ਰਾਜ ਵਿੱਚ ਸੈਰ ਸਪਾਟੇ ਨੂੰ ਵਧਾਏਗਾ।

ਸ਼੍ਰੀ ਭੱਟੀ ਨੇ ਮੁੱਖ ਮੰਤਰੀ ਨੂੰ ਭਰੋਸਾ ਦਿਵਾਇਆ ਕਿ ਉਹ ਅਮਰੀਕਾ ਵਿੱਚ ਨਿਵੇਸ਼ਕਾਂ ਨਾਲ ਇਸ ਮੀਟਿੰਗ ਦਾ ਪ੍ਰਬੰਧ ਉਦੋਂ ਕਰਨਗੇ ਜਦੋਂ ਇਹ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਵਫ਼ਦ ਲਈ ਸਭ ਤੋਂ ਵੱਧ ਸੁਵਿਧਾਜਨਕ ਹੋਵੇਗਾ।

# 35ਵੀਆਂ ਕੋਕਾ ਕੋਲਾ, ਏਵਨ ਸਾਈਕਲ ਜਰਖੜ ਖੇਡਾਂ ਧੂਮ ਧੜੱਕੇ ਨਾਲ ਸਮਾਪਤ

**ਲੁਧਿਆਣਾ, 30 ਜਨਵਰੀ–** 35ਵੀਆਂ ਕੋਕਾ ਕੋਲਾ, ਏਵਨ ਸਾਈਕਲ ਜਰਖੜ ਖੇਡਾਂ ਬੀਤੀ ਦੇਰ ਰਾਤ ਅਗਲੇ ਵਰ੍ਹੇ ਮੁੜ ਮਿਲਣ ਦੇ ਵਾਅਦੇ ਨਾਲ਼ ਸਮਾਪਤ ਹੋਈਆਂ। ਕਬੱਡੀ, ਹਾਕੀ, ਵਾਲੀਬਾਲ ਤੇ ਕੁਸ਼ਤੀਆਂ ਦੇ ਫਸਵੇਂ ਫਾਈਨਲ ਮੁਕਾਬਲੇ ਵੇਖਣ ਨੂੰ ਮਿਲ਼ੇ। ਕਬੱਡੀ ਅਕੈਡਮੀਆ ਦੇ ਨਾਇਬ ਸਿੰਘ ਗਰੇਵਾਲ ਜੋਧਾਂ ਕਬੱਡੀ ਕੱਪ ਦੇ ਫਾਈਨਲ ਮੁਕਾਬਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਡੀ ਏ ਵੀ ਕਬੱਡੀ ਕਲੱਬ ਨੂੰ 27-21 ਅੰਕਾਂ ਨਾਲ ਹਰਾਕੇ 1:50 ਲੱਖ ਦੀ ਇਨਾਮੀ ਰਾਸ਼ੀ ਨਾਲ ਖਿਤਾਬ ਜਿੱਤਿਆ। ਸ਼ੋਰਮਣੀ ਕਮੇਟੀ ਵਲੋਂ ਸਿਮਰਨ ਕੰਗ , ਲੱਡਾ ਬੱਲਪੁਰੀਆ, ਵਧੀਆ ਧਾਵੀ, ਚੱਕੀ ਰਾਮਦਾਸ ਵਧਾਈ ਜਾਫੀ ਬਣੇ।

ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਐਸਟ੍ਰੋਟਰਫ ਲਵਾਉਣ ਦੇ ਕੀਤੇ ਵਾਅਦੇ ਨੂੰ ਜਲਦੀ ਪੂਰਾ ਕਰਨ ਦਾ ਯਕੀਨ ਦਿਵਾਉਂਦਿਆਂ ਮੁੱਖ ਮਹਿਮਾਨ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਮਾਤਾ ਸਾਹਿਬ ਕੌਰ ਚੈਰੀਟੇਬਲ ਤੇ ਸਪੋਰਟਸ ਟਰੱਸਟ ਜਰਖੜ ਦੇ ਆਰੰਭੇ ਖੇਡ ਉਪਰਾਲੇ ਦੀ ਭਰਵੀਂ ਸ਼ਲਾਘਾ ਕੀਤੀ। ਜਰਖੜ ਸਪੋਰਟਸ ਟਰਸਟ ਵੱਲੋਂ ਕਬੱਡੀ ਸਟਾਰ ਮਨਜੀਤ ਸਿੰਘ ਮੋਹਲਾ ਨੂੰ ਮਾਣਕ ਜੋਧਾਂ ਕਬੱਡੀ ਐਵਾਰਡ, ਜਗਤ ਪ੍ਰਸਿੱਧ ਖੇਡ ਲਿਖਾਰੀ ਪ੍ਰਿੰ: ਸਰਵਣ ਸਿੰਘ ਨੂੰ ਖੇਡ ਸਾਹਿਤ ਐਵਾਰਡ, ਨਾਮਵਰ ਪੱਤਰਕਾਰ ਯਾਦਵਿੰਦਰ ਕਰਫਿਊ ਨੂੰ ਪੰਜਾਬ ਦਾ ਮਾਣ ਐਵਾਰ੍ਡ, ਵਲੌਗਰ ਗੁਰੀ ਘਰਾਂਗਣਾ ਨੂੰ ਭਗਤ ਪੂਰਨ ਸਿੰਘ ਐਵਾਰਡ, ਅਤੇ ਖੇਡ ਪ੍ਰਮੋਟਰ ਨਰੈਣ ਸਿੰਘ ਗਰੇਵਾਲ ਨੂੰ ਅਮਰਜੀਤ ਗਰੇਵਾਲ ਖੇਡ ਐਵਾਰਡ ਨਾਲ਼ ਸਨਮਾਨਿਤ ਕੀਤਾ ਗਿਆ। ਫਾਈਨਲ ਸਮਾਰੋਹ ਤੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਤੋਂ ਇਲਾਵਾ ਵਿਧਾਇਕ ਗੁਰਮੀਤ ਸਿੰਘ ਖੁੱਡੀਆ, ਵਿਧਾਇਕ ਗੁਰਲਾਲ ਸਿੰਘ ਘਨੌਰ, ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ , ਵਿਧਾਇਕ ਹਰਦੀਪ ਸਿੰਘ ਮੁੰਡੀਆ, ਕੋਕਾ ਕੋਲਾ ਕੰਪਨੀ ਵਲੋਂ ਜੀ ਐਮ ਦਲਜੀਤ ਸਿੰਘ ਭੱਟੀ, ਮਨਪ੍ਰੀਤ ਭਾਟੀਆ, ਏਵਨ ਸਾਈਕਲ ਵਲੋਂ ਹਰੀਸ਼ ਅਹੂਜਾ, ਅਸ਼ੋਕ ਕੁਮਾਰ ਮੈਨੇਜਰ, ਉਲੰਪੀਅਨ ਗੁਰਬਾਜ਼ ਸਿੰਘ, ਸਮੇਤ ਅਹਿਮ ਹਸਤੀਆਂ ਨੇ ਖਿਡਾਰੀਆਂ ਨੂੰ ਇਨਾਮ ਵੰਡੇ।

ਮਾਤਾ ਸਾਹਿਬ ਕੌਰ ਖੇਡ ਕੰਪਲੈਕਸ ਜਰਖੜ ਵਿਖੇ ਹੋਏ ਹਾਕੀ ਮੁਕਾਬਲਿਆਂ ਵਿਚ ਜੂਨੀਅਰ ਵਰਗ 'ਚ ਜਰਖੜ ਅਕੈਡਮੀ ਨੇ ਏਕ ਨੂਰ ਅਕੈਡਮੀ ਨੂੰ 5-1 ਨਾਲ, ਔਰਤਾਂ ਦੇ ਫਾਈਨਲ ਵਿੱਚ ਹਾਕੀ ਮੁਕਾਬਲੇ 'ਚ ਉਤਰੀ ਰੇਲਵੇ ਨੇ ਸੋਨੀਪਤ ਹਾਕੀ ਸੈਂਟਰ ਨੂੰ 4-3 ਗੋਲਾਂ ਨਾਲ, ਜਦਕਿ ਸੀਨੀਅਰ ਵਰਗ 'ਚ ਕਿਲਾ ਰਾਏਪੁਰ ਨੇ ਈਗਲ ਕਲੱਬ ਫੇਅਰਫੀਲਡ ਅਮਰੀਕਾ ਨੂੰ 4-2 ਗੋਲਾਂ ਨਾਲ ਹਰਾਕੇ ਮਹਿੰਦਰ ਪ੍ਰਤਾਪ ਗਰੇਵਾਲ ਕੱਪ ਦੇ ਚੈਂਪੀਅਨ ਬਣੇ। ਵਾਲੀਵਾਲ ਵਿੱਚ ਗਿੱਲ ਨੇ ਗੰਢੂਆਂ 3-0 ਨਾਲ ਹਰਾਕੇ ਅਮਰਜੀਤ ਗਰੇਵਾਲ ਅਤੇ ਬਾਬਾ ਸੁਰਜਨ ਸਿੰਘ ਕੱਪ ਜਿੱਤਿਆ।

ਬਚਨ ਸਿੰਘ ਮੰਡੌੜ ਕੁਸ਼ਤੀ ਕੱਪ ਦੌਰਾਨ ਬਾਲ ਕੇਸਰੀ ਦਾ ਖਿਤਾਬ ਤਰਨਵੀਰ ਸਿੰਘ ਆਲਮਗੀਰ, ਉਪ ਜੇਤੂ ਮਨਜੋਤ ਸਿੰਘ ਮੰਡੌੜ, ਜਗਜੀਤ ਸਿੰਘ ਆਲਮਗੀਰ ਤੀਜੇ ਸਥਾਨ 'ਤੇ ਰਿਹਾ। ਸਿਤਾਰੇ ਪੰਜਾਬ ਮੁਕਾਬਲੇ ਵਿਚ ਪਰਦੀਪ ਸਿੰਘ ਮੰਡੌੜ ਚੈਂਪੀਅਨ, ਲਿਆਕਤ ਧਲੇਤਾ ਉਪ ਜੇਤੂ , ਰਹੀਮ ਮੰਡੌੜ ਤੀਜੇ ਸਥਾਨ 'ਤੇ, ਪੰਜਾਬ ਕੁਮਾਰ ਦੇ ਖਿਤਾਬ ਲਈ ਸਹਿਬਾਜ਼ ਸਿੰਘ ਆਲਮਗੀਰ ਪਹਿਲੇ, ਜੱਸਾ ਫਗਵਾੜਾ ਦੂਜੇ ਅਤੇ ਗੁਰਕੀਰਤ ਮੰਡੌੜ ਤੀਜੇ ਸਥਾਨ 'ਤੇ ਰਹੇ।

ਇਸ ਮੌਕੇ ਚੈਅਰਮੈਨ ਨਰਿੰਦਰਪਾਲ ਸਿੰਘ ਸਿੱਧੂ, ਪ੍ਰਧਾਨ ਹਰਕਮਲ ਸਿੰਘ, ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ, ਨਰਾਇਣ ਸਿੰਘ ਗਰੇਵਾਲ, ਦੇਪਿੰਦਰ ਸਿੰਘ ਡਿੰਪੀ, ਬਲਬੀਰ ਸਿੰਘ ਇੰਸਪੈਕਟਰ, ਸਾਬੀ ਜਰਖੜ, ਅਜੈਬ ਸਿੰਘ ਗਰਚਾ ਯੂ ਕੇ, ਹਰਦੀਪ ਸਿੰਘ ਸੈਣੀ, ਲਕਸ਼ੈ ਭਾਰਤੀ, ਜੀਤ ਸਿੰਘ ਲਾਦੀਆਂ, ਹੈਰੀ ਗੁੱਜਰਵਾਲ਼, ਮਨਜੀਤ ਸਿੰਘ ਸਿਆਟਲ, ਕਰਨੈਲ ਸਿੰਘ ਕੈਲ, ਹਰਮੇਲ ਸਿੰਘ ਕਾਲ਼ਾ ਮੰਡੌੜ, ਸੁਰਿੰਦਰ ਸਿੰਘ ਖੰਨਾ, ਨਿਰਮਲ ਸਿੰਘ ਖਹਿਰਾ ਯੂ ਕੇ, ਜੀ ਐਸ ਰੰਧਾਵਾ, ਅਸ਼ੋਕ ਬਾਂਸਲ, ਵਿਜੇ ਵਰਮਾ, ਅਜੀਤ ਸਿੰਘ ਲਾਦੀਆ ਗੁਰਸਤਿੰਦਰ ਸਿੰਘ ਪਰਗਟ, ਸ਼ਿੰਗਾਰਾ ਸਿੰਘ ਜਰਖੜ ਪੰਮਾ ਗਰੇਵਾਲ ਗੁਰਤੇਜ ਸਿੰਘ ਬਾਕਸਿੰਗ ਕੋਚ ਤਰਨ ਚਾਹਿਲ ਕੈਨੇਡਾ, ਪ੍ਰੋ ਰਜਿੰਦਰ ਸਿੰਘ ਤੋਂ ਇਲਾਵਾ ਸੰਦੀਪ ਪੰਧੇਰ, ਪਰਮਜੀਤ ਸਿੰਘ ਨੀਟੂ, ਟਰੱਸਟ ਦੇ ਸਮੂਹ ਮੈਂਬਰ ਤੇ ਅਹੁਦੇਦਾਰ ਹਾਜਰ ਸਨ। ਖੇਡ ਪਰਮੋਟਰ ਜਗਰੂਪ ਸਿੰਘ ਜਰਖੜ ਨੇ ਮਹਿਮਾਨਾਂ ਅਤੇ ਖੇਡ ਪ੍ਰੇਮੀਆ ਦਾ ਅਗਲੇ ਵਰੇ ਫੇਰ ਮਿਲਣ ਦੇ ਵਾਅਦੇ ਨਾਲ ਤਹਿ ਦਿਲੋਂ ਧੰਨਵਾਦ ਕੀਤਾ। ਪਰ ਮੌਸਮ ਖਰਾਬ ਹੋਣ ਕਾਰਨ ਹਰਭਜਨ ਮਾਨ ਦਾ ਅਖਾੜਾ ਨਹੀਂ ਲੱਗ ਸਕਿਆ।

# ਬਜਟ 'ਚ ਆਮ ਆਦਮੀ ਲਈ ਖਾਸ ਸੌਗਾਤ

(ਸਫਾ 1 ਦੀ ਬਾਕੀ)

* ਸ਼੍ਰਿੰਪ ਫੀਡ, ਪੂੰਜੀਗਤ ਸਾਮਾਨ, ਸਾਈਕਲ ਤੇ ਬਾਇਓ ਗੈਸ ਨਾਲ ਸਬੰਧਤ ਵਸਤੂਆਂ ਸਸਤੀਆਂ ਹੋ ਗਈਆਂ ਹਨ।

**ਕੀ ਹੋਇਆ ਮਹਿੰਗਾ**

* ਸਿਗਰੇਟ 'ਤੇ ਇਤਫਾਕਨ ਡਿਊਟੀ 16 ਫੀਸਦੀ ਵਧਾ ਦਿੱਤੀ ਗਈ ਹੈ। ਇਸ ਨਾਲ ਸਿਗਰੇਟ ਮਹਿੰਗੀ ਹੋ ਜਾਵੇਗੀ।
* ਸੋਨੇ, ਚਾਂਦੀ ਅਤੇ ਪਲੈਟੀਨਮ ਨਾਲ ਬਣੇ ਗਹਿਣੇ ਮਹਿੰਗੇ ਹੋ ਗਏ ਹਨ।
* ਪੂਰੀ ਤਰ੍ਹਾਂ ਦਰਾਮਦ ਕੀਤੇ ਇਲੈਕਟ੍ਰਿਕ ਵਾਹਨ, ਕੰਪਾਊਂਡ ਰਬੜ, ਚਾਂਦੀ ਦੇ ਦਰਵਾਜ਼ੇ, ਨੈਫਥਾ, ਕੈਮਰੇ ਦੇ ਲੈਂਸ, ਵਿਦੇਸ਼ੀ ਇਲੈਕਟ੍ਰਿਕ ਰਸੋਈ ਦੀਆਂ ਚਿਮ-ਨੀਆਂ, ਤਾਂਬਾ ਆਦਿ ਵੀ ਮਹਿੰਗੇ ਹੋ ਗਏ ਹਨ।

ਬਜਟ ਪੇਸ਼ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਭਾਰਤ ਦੀ ਅਰਥਵਿਵਸਥਾ ਵਿਸ਼ਵ ਵਿਚ ਇਕ ਚਮਕਦਾ ਸਿਤਾਰਾ ਹੈ ਤੇ ਲਗਾਤਾਰ ਆਪਣੇ ਭਵਿੱਖ ਵੱਲ ਵਧ ਰਹੀ ਹੈ। 2014 ਤੋਂ ਬਾਅਦ ਸਰਕਾਰ ਦੀ ਪ੍ਰਤੀ ਵਿਅਕਤੀ ਆਮਦਨ ਦੁੱਗਣੀ ਹੋ ਕੇ 1.97 ਲੱਖ ਕਰੋੜ ਰੁਪਏ ਹੋ ਗਈ ਹੈ। ਪ੍ਰਧਾਨ ਮੰਤਰੀ ਆਵਾਸ ਯੋਜਨਾ 'ਤੇ ਖਰਚ 66 ਫੀਸਦੀ ਵਧ ਕੇ 79 ਹਜ਼ਾਰ ਕਰੋੜ ਹੋ ਗਿਆ ਹੈ। ਬੱਚਤ ਵਧਾਉਣ ਲਈ ਮਹਿਲਾ ਬੱਚਤ ਸਨਮਾਨ ਪੱਤਰ ਦਾ ਐਲਾਨ ਕੀਤਾ ਗਿਆ। ਸੀਨੀਅਰ ਸਿਟੀਜ਼ਨ ਸੇਵਿੰਗ ਸਕੀਮ ਦੀ ਸੀਮਾ 15 ਰੁਪਏ ਤੋਂ ਵਧਾ ਕੇ 30 ਲੱਖ ਰੁਪਏ ਕਰ ਦਿੱਤੀ ਗਈ ਹੈ।

ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ ਦੇ ਚੌਥੇ ਪੜਾਅ ਤਹਿਤ 30 ਹੁਨਰ ਅੰਤਰਰਾਸ਼ਟਰੀ ਕੇਂਦਰ ਸਥਾਪਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਇਨਕਮ ਟੈਕਸ ਸਲੈਬ ਵਿੱਚ ਵੀ ਲੋਕਾਂ ਨੂੰ ਰਾਹਤ ਦਿੱਤੀ ਗਈ ਹੈ। ਇਸ ਦੇ ਨਾਲ ਹੀ ਰੇਲਵੇ ਲਈ 2.40 ਲੱਖ ਕਰੋੜ ਰੁਪਏ ਅਲਾਟ ਕੀਤੇ ਗਏ ਹਨ।

**ਬਜਟ 'ਚ ਮਿਲਿਆ ਕਿਸਾਨਾਂ ਨੂੰ ਤੋਹਫ਼ਾ**

ਬਜਟ 2023 ਵਿਚ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਬੁੱਧਵਾਰ ਨੂੰ ਕਿਹਾ ਕਿ ਸਰਕਾਰ ਨੇ PM-KISAN ਯੋਜਨਾ ਤਹਿਤ 2.12 ਲੱਖ ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ। ਇਸ ਨਾਲ ਕਿਸਾਨਾਂ ਨੂੰ ਖੇਤੀਬਾੜੀ ਨਾਲ ਸਬੰਧਤ ਕੰਮਾਂ ਲਈ ਬੈਂਕਾਂ ਤੋਂ ਕਰਜ਼ਾ ਲੈਣਾ ਆਸਾਨ ਹੋ ਜਾਵੇਗਾ। ਇਸ ਦੇ ਨਾਲ ਹੀ ਇਸ ਦੀ 13ਵੀਂ ਕਿਸ਼ਤ ਜਲਦੀ ਮਿਲਣ ਦੀ ਸੰਭਾਵਨਾ ਵੀ ਵਧ ਗਈ ਹੈ। ਬਜਟ ਪੇਸ਼ ਕਰਨ ਤੋਂ ਪਹਿਲਾਂ ਹੀ ਕਿਹਾ ਜਾ ਰਿਹਾ ਸੀ ਕਿ ਇਸ ਵਾਰ ਸਰਕਾਰ ਪੇਂਡੂ ਵਿਕਾਸ 'ਤੇ ਧਿਆਨ ਕੇਂਦਰਿਤ ਕਰਨ ਜਾ ਰਹੀ ਹੈ ਅਤੇ ਇਹ ਖਬਰ ਲੋਕਾਂ ਲਈ ਖੁਸ਼ਖਬਰੀ ਲੈ ਕੇ ਆਈ ਹੈ।

ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੇ ਕਿਸਾਨਾਂ ਦੀ ਭਲਾਈ ਲਈ ਕਿਸਾਨ ਸਨਮਾਨ ਨਿਧੀ ਯੋਜਨਾ ਦਾ ਐਲਾਨ ਕੀਤਾ ਸੀ। ਇਸ ਵਿੱਚ ਦੇਸ਼ ਦੇ ਕਰੀਬ 12 ਕਰੋੜ ਕਿਸਾਨ ਪਰਿਵਾਰਾਂ ਨੂੰ ਲਾਭ ਮਿਲਦਾ ਹੈ ਅਤੇ ਹਰ ਸਾਲ ਛੇ ਹਜ਼ਾਰ ਰੁਪਏ ਤਿੰਨ ਕਿਸ਼ਤਾਂ ਦੇ ਰੂਪ ਵਿੱਚ ਟਰਾਂਸਫਰ ਕੀਤੇ ਜਾਂਦੇ ਹਨ।

**ਰੇਲਵੇ ਸੈਕਟਰ ਨੂੰ 2,40 ਲੱਖ ਕਰੋੜ**

ਵਿੱਤ ਮੰਤਰੀ ਨੇ ਰੇਲਵੇ ਲਈ 2,40 ਲੱਖ ਕਰੋੜ ਰੁਪਏ ਅਲਾਟ ਕੀਤੇ ਹਨ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਬਜਟ 'ਚ ਰੇਲਵੇ ਲਈ 2.40 ਲੱਖ ਕਰੋੜ ਰੁਪਏ ਦੀ ਪੂੰਜੀਗਤ ਵਿਵਸਥਾ ਕੀਤੀ ਗਈ ਹੈ।

# ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਉਤਸਵ ਮਨਾਉਣ ਦੀਆਂ ਤਿਆਰੀਆਂ ਪੂਰੇ ਜੋਰਾਂ 'ਤੇ

ਸ੍ਰੀ ਗੁਰੂ ਰਵਿਦਾਸ ਧਾਰਮਿਕ ਸਭਾ ਪਿੰਡ ਕਥੇੜਾ ਨੰਗਲ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਉਤਸਵ ਮਨਾਉਣ ਦੀਆਂ ਤਿਆਰੀਆਂ ਪੂਰੇ ਜੋਰਾਂ ਨਾਲ ਚਲ ਰਹੀਆਂ ਹਨ ਲ ਇਸ ਸਬੰਧੀ ਜਾਣਕਾਰੀ ਦਿੰਦਿਆਂ ਕਮੇਟੀ ਆਗੂਆਂ ਰਾਜ ਕੁਮਾਰ ਰਾਜਾ, ਸੁਰੇਸ਼ ਕੁਮਾਰ ਸੋਢੀ, ਪਵਨ ਕੁਮਾਰ, ਮਿਸ਼ਨ ਪੇ ਬੈਕ ਟੂ ਸੁਸਾਇਟੀ ਦੇ ਆਗੂ ਕੁਲਦੀਪ ਚੰਦ ਆਦਿ ਨੇ ਦੱਸਿਆ ਕਿ ਗੁਰੂ ਘਰ ਨੂੰ ਦੀਪਮਾਲਾ ਕੀਤੀ ਗਈ ਹੈ ਲ ਇਲਾਕੇ ਵਿੱਚ ਪ੍ਰਭਾਤ ਫੇਰੀਆਂ ਦੁਆਰਾ ਗੁਰੂ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਜਾ ਰਿਹਾ ਹੈ!




ਕੁਟੀਆ ਬਾਬਾ ਜਮਨਾ ਦਾਸ ਅਜੋਲੀ ਦੇ ਮੁੱਖ ਸੇਵਾਦਾਰ ਬਾਬਾ ਜਗਤਾਰ ਸਿੰਘ ਵੱਲੋਂ ਪੰਜ ਰੋਜ਼ਾ ਕੀਰਤਨ ਦਰਬਾਰ ਕੀਤੇ ਜਾ ਰਹੇ ਹਨ ! ਗੁਰੂ ਮਹਾਰਾਜ ਦੀ ਵਿਚਾਰਧਾਰਾ ਦੇ ਫੈਲਾਅ ਲਈ ਬੱਚਿਆਂ ਲਈ ਇੱਕ ਪ੍ਰਤੀਯੋਗਤਾ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸ ਵਿੱਚ ਅੱਵਲ ਰਹਿਣ ਵਾਲੇ ਵਿਦਿਆਰਥੀ ਨੂੰ ਨਕਦ ਰਾਸ਼ੀ ਦੇ ਇਨਾਮ ਦਿੱਤੇ ਜਾਣਗੇ! 03 ਫਰਵਰੀ ਨੂੰ ਇਲਾਕੇ ਵਿੱਚ ਵਿਸ਼ੇਸ਼ ਤੌਰ ਤੇ ਜਾਗੋ ਨਿਕਾਲੀ ਜਾਵੇਗੀ! 04 ਫਰਵਰੀ ਨੂੰ ਮਿਸ਼ਨ ਪੇ ਬੈਕ ਟੂ ਸੁਸਾਇਟੀ ਦੁਆਰਾ ਵਿਸ਼ੇਸ਼ ਤੌਰ ਤੇ ਮੈਡੀਕਲ ਕੈਂਪ ਲਗਾਇਆ ਜਾਵੇਗਾ ਜਿਸ ਵਿੱਚ ਵੱਖ-ਵੱਖ ਰੋਗਾਂ ਦੇ ਮਾਹਰ ਡਾਕਟਰਾਂ ਦੀ ਟੀਮ ਡਾਕਟਰ ਰਣਵੀਰ ਸਿੰਘ, ਐਸ ਪੀ ਸਿੰਘ, ਜੇ ਐਸ ਕਹਿਲ, ਰਜੇਸ਼ ਬੈਂਸ ਆਦਿ ਵੱਲੋਂ ਚੈੱਕ-ਅਪ ਕੀਤਾ ਜਾਵੇਗਾ ਅਤੇ ਮੁਫ਼ਤ ਦਵਾਈਆਂ ਦੇਣਗੇ! ਸਿਲਵਰ ਓਕ ਲਬੋਟਰੀ ਸੰਤੋਸ਼ਗੜ ਦੀ ਟੀਮ ਵੱਲੋਂ ਸਤੀਸ਼ ਕੁਮਾਰ ਦੀ ਅਗਵਾਈ ਵਿੱਚ ਵੱਖ ਵੱਖ ਟੈਸਟ ਕੀਤੇ ਜਾਣ! 5 ਫਰਵਰੀ ਨੂੰ ਵੱਖ ਵੱਖ ਸਮਾਜਕ ਅਤੇ ਧਾਰਮਿਕ ਆਗੂ ਅਤੇ ਬੁੱਧੀਜੀਵੀ ਗੁਰੂ ਮਹਾਰਾਜ ਦੀ ਵਿਚਾਰਧਾਰਾ ਅਤੇ ਮਿਸ਼ਨ ਬਾਰੇ ਲੋਕਾਂ ਨੂੰ ਜਾਗਰੂਕ ਕਰਨਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ!

**ਕੁਲਦੀਪ ਚੰਦ 91-94175-63054**

# ਅਡਾਨੀ ਸਮੂਹ 'ਚ ਐਲਆਈਸੀ ਦੇ 'ਭਾਰੀ ਨਿਵੇਸ਼' ਨੂੰ ਲੈ ਕੇ ਕਿਉਂ ਉੱਠ ਰਹੇ ਹਨ ਸਵਾਲ?

ਅਮਰੀਕੀ ਫੋਰੈਂਸਿਕ ਫ਼ਾਇਨੈਸ਼ਿਅਲ ਏਜੰਸੀ ਹਿੰਡਨਬਰਗ ਨੇ ਪਿਛਲੇ ਹਫ਼ਤੇ ਮੰਗਲਵਾਰ ਨੂੰ ਇੱਕ ਰਿਪੋਰਟ ਜਾਰੀ ਕਰਦਿਆਂ ਅਡਾਨੀ ਸਮੂਹ ਦੀਆਂ ਕੰਪਨੀਆਂ 'ਤੇ ਕਈ ਗੰਭੀਰ ਇਲਜ਼ਾਮ ਲਗਾਏ ਸਨ। ਇੰਨ੍ਹਾਂ 'ਚ ਗਲਤ ਤਰੀਕੇ ਨਾਲ ਕੰਪਨੀਆਂ ਦੇ ਸ਼ੇਅਰਾਂ 'ਚ ਵਾਧਾ ਕਰਨਾ, ਫਰਜ਼ੀ ਕੰਪਨੀਆਂ ਦੇ ਰਾਹੀਂ ਹਵਾਲਾ ਕਾਰੋਬਾਰ ਅਤੇ ਆਡਿਟਿੰਗ ਸਬੰਧੀ ਕੁੱਲ 88 ਸਵਾਲ ਪੁੱਛੇ ਗਏ ਹਨ। ਅਡਾਨੀ ਨੇ ਐਤਵਾਰ ਨੂੰ ਹਿੰਡਨਬਰਗ ਦੇ 88 ਸਵਾਲਾਂ ਦਾ ਜਵਾਬ 413 ਪੰਨਿਆਂ 'ਚ ਦਿੱਤਾ। ਅਡਾਨੀ ਸਮੂਹ ਨੇ ਕਿਹਾ ਕਿ ਹਿੰਡਨਬਰਗ ਦੇ ਇਲਜ਼ਾਮ 'ਦੁਰਭਾਵਨਾ' ਨਾਲ ਲਗਾਏ ਗਏ ਹਨ। ਅਡਾਨੀ ਸਮੂਹ ਨੇ ਸ਼ਾਰਟ ਸੇਲਰ ਹਿੰਡਨਬਰਗ ਦੀ ਰਿਪੋਰਟ ਨੂੰ 'ਭਾਰਤ ਅਤੇ ਉਸ ਦੀਆਂ ਸੁਤੰਤਰ ਸੰਸਥਾਵਾਂ 'ਤੇ ਯੋਜਨਾਬੱਧ ਹਮਲਾ' ਕਰਾਰ ਦਿੱਤਾ ਹੈ। ਹਿੰਡਨਬਰਗ ਨੇ ਵੀ ਅਡਾਨੀ ਸਮੂਹ 'ਤੇ ਪਲਟਵਾਰ ਕਰਦਿਆਂ ਕਿਹਾ ਕਿ "ਧੋਖਾਧੜੀ ਨੂੰ ਰਾਸ਼ਟਰਵਾਦ ਦੇ ਪਿੱਛੇ ਨਹੀਂ ਛੁਪਾਇਆ ਜਾ ਸਕਦਾ ਹੈ।"



### ਅਡਾਨੀ ਸਮੂਹ ਨੂੰ ਨੁਕਸਾਨ

ਰਿਪੋਰਟ ਤੋਂ ਬਾਅਦ ਦੋ ਕਾਰੋਬਾਰੀ ਸੈਸ਼ਨਾਂ 'ਚ ਅਡਾਨੀ ਸਮੂਹ ਦੇ ਨਿਵੇਸ਼ਕਾਂ ਨੂੰ ਭਾਰੀ ਝਟਕਾ ਲੱਗਿਆ ਅਤੇ ਨੁਕਸਾਨ ਝੱਲਣ ਵਾਲੇ ਕੁਝ ਵੱਡੇ ਨਿਵੇਸ਼ਕਾਂ ਦੇ ਨਾਮ ਵੀ ਸੋਸ਼ਲ ਮੀਡੀਆ 'ਤੇ ਟ੍ਰੈਂਡ ਕਰਨ ਲੱਗੇ। ਇੰਨ੍ਹਾਂ 'ਚ ਮੁੱਖ ਤੌਰ 'ਤੇ ਐਲਆਈਸੀ ਚਰਚਾ 'ਚ ਆਈ। ਕੁਝ ਲੋਕਾਂ ਦਾ ਸਵਾਲ ਸੀ ਕਿ ਐਲਆਈਸੀ ਨੇ ਕਿਸ ਰਣਨੀਤੀ ਤਹਿਤ ਅਡਾਨੀ ਦੀਆਂ ਕੰਪਨੀਆਂ 'ਚ 'ਭਾਰੀ ਨਿਵੇਸ਼' ਕੀਤਾ ਹੈ, ਜਦਕਿ ਹੋਰ ਬੀਮਾ ਕੰਪਨੀਆਂ ਅਡਾਨੀ ਸਮੂਹ 'ਚ ਨਿਵੇਸ਼ ਕਰਨ ਤੋਂ ਕੰਨੀ ਕਤਰਾਉਂਦੀਆਂ ਰਹੀਆਂ ਹਨ। ਬੰਬੇ ਸਟਾਕ ਐਕਸਚੇਂਜ 'ਤੇ ਉਪਲਬਧ ਜਾਣਕਾਰੀ ਅਨੁਸਾਰ, ਐਲਆਈਸੀ ਨੂੰ ਛੱਡ ਕੇ ਦੂਜੀਆਂ ਬੀਮਾ ਕੰਪਨੀਆਂ ਨੇ ਅਡਾਨੀ ਸਮੂਹ ਦੀਆਂ ਕੰਪਨੀਆਂ 'ਚ ਨਿਵੇਸ਼ ਕਰਨ 'ਚ ਕੋਈ ਦਿਲਚਸਪੀ ਨਹੀਂ ਵਿਖਾਈ ਹੈ। ਬੀਮਾ ਕੰਪਨੀਆਂ ਦੇ ਅਡਾਨੀ ਸਮੂਹ 'ਚ ਕੁੱਲ ਨਿਵੇਸ਼ ਦਾ 98 ਫੀਸਦੀ ਤੋਂ ਵੀ ਵੱਧ ਹਿੱਸਾ ਸਰਕਾਰੀ ਕੰਟਰੋਲ ਵਾਲੀ ਐਲਆਈਸੀ ਦਾ ਹੀ ਹੈ। ਬੰਬੇ ਸਟਾਕ ਐਕਸਚੇਂਜ ਭਾਵ ਬੀਐਸਆਈ 'ਤੇ ਦਸੰਬਰ ਤਿਮਾਹੀ ਦੇ ਅੰਕੜਿਆਂ ਦੇ ਅਨੁਸਾਰ ਅਡਾਨੀ ਇੰਟਰਪ੍ਰਾਈਜਿਜ਼ 'ਚ ਐਲਆਈਸੀ ਦੀ ਹਿੱਸੇਦਾਰੀ 4.23%, ਅਡਾਨੀ ਪੋਰਟਸ 'ਚ 9.14%, ਅਡਾਨੀ ਟ੍ਰਾਂਸਮਿਸ਼ਨ 'ਚ 3.65%, ਅਡਾਨੀ ਗ੍ਰੀਨ ਐਨਰਜੀ 'ਚ 1.28%, ਅਡਾਨੀ ਟੋਟਲ ਗੈਸ 'ਚ 5.96 % ਅਤੇ ਅਡਾਨੀ ਵਿਲਮਰ 'ਚ 0.04% ਸੀ।

ਦਰਅਸਲ, ਅਡਾਨੀ ਦੇ ਖਿਲਾਫ਼ ਹਿੰਡਨਬਰਗ ਦੀ ਰਿਸਰਚ ਰਿਪੋਰਟ ਤੋਂ ਪਹਿਲਾ ਵੀ ਕੁਝ ਮੌਕਿਆਂ 'ਤੇ ਆਈਆਂ ਖ਼ਬਰਾਂ ਨੇ ਇਸ ਦੇ ਨਿਵੇਸ਼ਕਾਂ ਨੂੰ ਚਿੰਤਾ 'ਚ ਪਾ ਦਿੱਤਾ ਹੈ। 19 ਜੁਲਾਈ, 2021 ਨੂੰ ਤ੍ਰਿਣਮੂਲ ਕਾਂਗਰਸ ਦੀ ਸੰਸਦ ਮੈਂਬਰ ਮੋਇਤਰਾ ਦੇ ਸਵਾਲ ਦੇ ਜਵਾਬ 'ਚ ਵਿੱਤ ਰਾਜ ਮੰਤਰੀ ਪੰਕਜ ਚੌਧਰੀ ਨੇ ਸੰਸਦ 'ਚ ਦੱਸਿਆ ਸੀ ਕਿ ਭਾਰਤੀ ਪ੍ਰਤੀਭੂਤੀ ਅਤੇ ਐਕਸਚੇਂਜ ਬੋਰਡ ਭਾਵ ਸੇਬੀ ਆਪਣੇ ਨਿਯਮਾਂ ਦੀ ਪਾਲਣਾ ਸਬੰਧੀ ਅਡਾਨੀ ਸਮੂਹ ਦੀਆਂ ਕਈ ਕੰਪਨੀਆਂ ਦੀ ਜਾਂਚ ਕਰ ਰਿਹਾ ਹੈ। ਹਾਲਾਂਕਿ ਮੰਤਰੀ ਨੇ ਉਨ੍ਹਾਂ ਕੰਪਨੀਆਂ ਦੇ ਨਾਮ ਨਹੀਂ ਦੱਸੇ ਸਨ।

ਇਸ ਦੇ ਨਾਲ ਹੀ ਮੰਤਰੀ ਨੇ ਇਹ ਵੀ ਦੱਸਿਆ ਸੀ ਕਿ ਡਾਇਰੈਕਟੋਰੇਟ ਆਫ਼ ਰੈਵੇਨਿਊ ਇੰਟੈਲੀਜੈਂਸ ਯਾਨੀ ਡੀਆਰਆਈ ਵੀ ਅਡਾਨੀ ਸਮੂਹ ਦੀਆਂ ਕਈ ਕੰਪਨੀਆਂ ਦੀ ਜਾਂਚ ਕਰ ਰਿਹਾ ਹੈ। ਇਸ ਤੋਂ ਪਹਿਲਾਂ ਵੀ ਜੂਨ 2021 'ਚ ਇੱਕ ਅੰਗ੍ਰੇਜ਼ੀ ਅਖ਼ਬਾਰ ਨੇ ਆਪਣੀ ਰਿਪੋਰਟ 'ਚ ਦਾਅਵਾ ਕੀਤਾ ਸੀ ਕਿ ਅਡਾਨੀ ਸਮੂਹ 'ਚ ਨਿਵੇਸ਼ ਕਰਨ ਵਾਲੇ ਤਿੰਨ ਮਾਰੀਸ਼ਸ ਅਧਾਰਤ ਵਿਦੇਸ਼ੀ ਫੰਡਾਂ ਦੇ ਖਾਤਿਆਂ 'ਤੇ ਰੋਕ ਲਗਾ ਦਿੱਤੀ ਗਈ ਹੈ। ਇੰਨ੍ਹਾਂ ਖ਼ਬਰਾਂ ਤੋਂ ਬਾਅਦ ਅਡਾਨੀ ਸਮੂਹ ਦੀਆਂ ਕੰਪਨੀਆਂ ਦੇ ਸ਼ੇਅਰਾਂ 'ਚ ਭਾਰੀ ਵਿਕਰੀ ਵੇਖਣ ਨੂੰ ਮਿਲੀ ਸੀ।

### ਕੀ ਐਲਆਈਸੀ ਨਿਵੇਸ਼ਕਾਂ ਨੂੰ ਚਿੰਤਾ ਕਰਨੀ ਚਾਹੀਦੀ ਹੈ?

ਭਾਰਤੀ ਜੀਵਨ ਬੀਮਾ ਨਿਗਮ ਦੇ 28 ਕਰੋੜ ਤੋਂ ਵੀ ਵੱਧ ਪਾਲਿਸੀ ਧਾਰਕ ਹਨ। ਉਹਨਾਂ ਤੋਂ ਹਾਸਲ ਹੋਈ ਰਾਸ਼ੀ ਨੂੰ ਐਲਆਈਸੀ ਸ਼ੇਅਰਾਂ, ਸਰਕਾਰੀ ਬਾਂਡਾਂ ਸਮੇਤ ਕਈ ਕੰਪਨੀਆਂ 'ਚ ਨਿਵੇਸ਼ ਕਰਦਾ ਹੈ। ਇਸ ਨਿਵੇਸ਼ ਤੋਂ ਪ੍ਰਾਪਤ ਹੋਈ ਰਕਮ ਨੂੰ ਐਲਆਈਸੀ ਮੁੜ ਆਪਣੇ ਪਾਲਿਸੀਧਾਰਕਾਂ ਨੂੰ ਵਾਪਸ ਦਿੰਦਾ ਹੈ। ਐਲਆਈਸੀ ਦੇ ਪਾਲਿਸੀ ਧਾਰਕਾਂ ਦਾ ਇਕ ਵੱਡਾ ਹਿੱਸਾ ਮੱਧ ਵਰਗ ਅਤੇ ਤਨਖ਼ਾਹਦਾਰ ਕਰਮਚਾਰੀਆਂ ਦਾ ਹੈ। ਇਸ ਲਈ ਮੰਨਿਆ ਜਾਂਦਾ ਹੈ ਕਿ ਐਲਆਈਸੀ ਆਪਣੇ ਨਿਵੇਸ਼ ਪੋਰਟਫੋਲਿਓ ਨੂੰ ਇਸ ਢੰਗ ਨਾਲ ਤਿਆਰ ਕਰੇਗੀ ਕਿ ਵਧੇਰੇ ਜ਼ੋਖਮ ਲਏ ਬਿਨ੍ਹਾਂ ਹੀ ਪਾਲਿਸੀਧਾਰਕਾਂ ਨੂੰ ਉਨ੍ਹਾਂ ਦੀ ਰਕਮ ਮੁਨਾਫ਼ੇ ਸਮੇਤ ਵਾਪਸ ਮਿਲ ਸਕੇ। ਕਾਂਗਰਸ ਆਗੂ ਜੈਰਾਮ ਰਮੇਸ਼ ਨੇ ਅਡਾਨੀ ਸਮੂਹ 'ਚ ਐਲਆਈਸੀ ਦੇ ਭਾਰੀ ਨਿਵੇਸ਼ 'ਤੇ ਚਿੰਤਾ ਪ੍ਰਗਟ ਕੀਤੀ ਸੀ ਅਤੇ ਇਲਜ਼ਾਮ ਲਗਾਇਆ ਸੀ ਕਿ ਐਲਆਈਸੀ ਨੇ ਲੋਕਾਂ ਦੀ ਬਚਤ ਨੂੰ ਵਿੱਤੀ ਜੋਖਮ 'ਚ ਪਾ ਦਿੱਤਾ ਹੈ।

# ਪੰਜਵੀਂ ਜਮਾਤ ਦੀਆਂ ਪ੍ਰੀ-ਬੋਰਡ ਪ੍ਰੀਖਿਆਵਾਂ ਸ਼ੁਰੂ, 4 ਫਰਵਰੀ ਤੱਕ ਚਲਣਗੀਆਂ- ਨਰੇਸ਼ ਪਨਿਆੜ

**ਪਠਾਨਕੋਟ, 30 ਜਨਵਰੀ (ਰਾਜਿੰਦਰ ਸਿੰਘ ਰਾਜਨ)** ਜ਼ਿਲ੍ਹੇ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਪੰਜਵੀਂ ਜਮਾਤ ਦੀਆਂ ਪ੍ਰੀ ਬੋਰਡ ਦੀਆਂ ਪ੍ਰੀਖਿਆਵਾਂ ਨਕਲ ਰਹਿਤ ਅਤੇ ਬੜੇ ਹੀ ਸੁਚੱਜੇ ਢੰਗ ਨਾਲ ਅੱਜ 30 ਜਨਵਰੀ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਦੀ ਅਗਵਾਈ ਹੇਠ ਸ਼ੁਰੂ ਹੋ ਗਈਆਂ ਹਨ ਅਤੇ ਇਹ ਪ੍ਰੀਖਿਆਵਾਂ 4 ਫਰਵਰੀ ਤੱਕ ਚਲਣਗੀਆਂ। ਪ੍ਰੀਖਿਆਵਾਂ ਦੌਰਾਨ ਵਿਦਿਆਰਥੀ ਸਿੱਖਿਆ ਵਿਭਾਗ ਅਤੇ ਬੋਰਡ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ ਪ੍ਰੀਖਿਆਵਾਂ ਦੇ ਰਹੇ ਹਨ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬੀਪੀਈਓ ਸ੍ਰੀ ਨਰੇਸ਼ ਪਨਿਆੜ ਨੇ ਸਰਕਾਰੀ ਪ੍ਰਾਇਮਰੀ ਸਕੂਲ ਖੋਜਕੀਚੱਕ, ਸਰਕਾਰੀ ਪ੍ਰਾਇਮਰੀ ਸਕੂਲ ਕੋਟਲੀ ਜਵਾਹਰ, ਸਰਕਾਰੀ ਪ੍ਰਾਇਮਰੀ ਸਕੂਲ ਜਨਿਆਲ, ਸਰਕਾਰੀ ਪ੍ਰਾਇਮਰੀ ਸਕੂਲ ਮੁੱਠੀ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਸਿੰਬਲ ਵਿੱਚ ਪ੍ਰੀ-ਬੋਰਡ ਪ੍ਰੀਖਿਆਵਾਂ ਦਾ ਜਾਇਜ਼ਾ ਲੈਣ ਸਮੇਂ ਕੀਤਾ।

ਬੀਪੀਈਓ ਸ੍ਰੀ ਨਰੇਸ਼ ਪਨਿਆੜ ਨੇ ਦੱਸਿਆ ਕਿ ਉਕਤ ਪ੍ਰੀਖਿਆਵਾਂ ਵਿੱਚ ਵਿਦਿਆਰਥੀਆਂ ਦੀ 100% ਹਾਜ਼ਰੀ ਅਤੇ ਉਤਸ਼ਾਹ ਦੇਖਣ ਤੇ ਇਹ ਸੁਨਿਸ਼ਚਿਤ ਹੈ ਕਿ ਵਿਭਾਗ ਵੱਲੋਂ ਚਲਾਏ ਗਈ ਮੁਹਿੰਮ 'ਮਿਸ਼ਨ 100% ਗਿਵ ਯੂਅਰ ਬੈਸਟ' ਵਿੱਚ ਜ਼ਿਲ੍ਹਾ ਪਠਾਨਕੋਟ ਮੋਹਰੀ ਜ਼ਿਲ੍ਹਾ ਬਣੇਗਾ। ਉਨ੍ਹਾਂ ਕਿਹਾ ਕਿ ਪ੍ਰੀਖਿਆਵਾਂ ਸਬੰਧੀ ਇਨ੍ਹਾਂ ਪ੍ਰਾਇਮਰੀ ਸਕੂਲਾਂ ਵੱਲੋ ਸੁਚੱਜੇ ਪ੍ਰਬੰਧ ਕੀਤੇ ਗਏ ਹਨ।

ਵਿਦਿਆਰਥੀ ਬੋਰਡ ਵੱਲੋਂ ਜਾਰੀ ਡੇਟਸੀਟ ਅਨੁਸਾਰ ਪ੍ਰੀਖਿਆਵਾਂ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰੀ ਬੋਰਡ ਪ੍ਰੀਖਿਆਵਾਂ ਵਿਦਿਆਰਥੀਆਂ ਦੇ ਮਨਾਂ ਵਿੱਚੋਂ ਬੋਰਡ ਪ੍ਰੀਖਿਆ ਦਾ ਡਰ ਖਤਮ ਕਰਨਗੀਆਂ। ਵਿਦਿਆਰਥੀਆਂ ਬੋਰਡ ਪ੍ਰੀਖਿਆ ਦੇ ਪੈਟਰਨ ਤੋਂ ਜਾਣੂ ਹੋਣਗੇ। ਇਹ ਪ੍ਰੀਖਿਆਵਾਂ ਬੋਰਡ ਪ੍ਰੀਖਿਆ ਦੀ ਚੰਗੀ ਤਿਆਰੀ ਵਿੱਚ ਮਦਦ ਕਰਣਗੀਆਂ

### ਕਿਓਂ ਜਰੂਰੀ ਨੇ ਪ੍ਰੀ-ਬੋਰਡ ਪ੍ਰੀਖਿਆਵਾਂ

ਇਸ ਸਬੰਧੀ ਜਾਣਕਾਰੀ ਦਿੰਦਿਆਂ ਬੀਪੀਈਓ ਨਰੇਸ਼ ਪਨਿਆੜ ਨੇ ਦੱਸਿਆ ਕਿ ਫਰਵਰੀ ਵਿੱਚ ਪੰਜਵੀਂ ਬੋਰਡ ਦੀਆਂ ਪ੍ਰੀਖਿਆਵਾਂ ਆਰੰਭ ਹੋ ਰਹੀਆਂ ਹਨ, ਜਿਸ ਵਾਸਤੇ ਹਰ ਵਿਦਿਆਰਥੀ ਨੂੰ ਤਿਆਰੀ ਪੂਰੀ ਗੰਭੀਰਤਾ ਨਾਲ ਕਰਨ ਦੀ ਜ਼ਰੂਰਤ ਹੈ। ਇਨ੍ਹਾਂ ਪ੍ਰੀਖਿਆਵਾਂ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਇਸ ਰਾਹੀਂ ਵਿਦਿਆਰਥੀਆਂ ਨੂੰ ਬੋਰਡ ਦੇ ਪੇਪਰ ਦੇ ਸਟਾਈਲ ਦਾ ਗਿਆਨ ਹੋ ਜਾਂਦਾ ਹੈ। ਕਿੰਨੇ ਸਵਾਲ ਕਿਹੜੇ ਭਾਗ ਵਿਚੋਂ ਅਤੇ ਕਿੰਨੇ-ਕਿੰਨੇ ਅੰਕਾਂ ਦੇ ਆਉਣਗੇ। ਅਸਲ ਵਿਚ ਇਹ ਸਲਾਨਾ ਪ੍ਰੀਖਿਆ ਦੀ ਰਿਹਰਸਲ ਸਮਝੀ ਜਾਣੀ ਚਾਹੀਦੀ ਹੈ।

### ਅੰਕਾਂ ਦੀ ਵੰਡ ਦਾ ਗਿਆਨ

ਪ੍ਰੀ-ਬੋਰਡ ਰਾਹੀਂ ਵਿਦਿਆਰਥੀ ਨੂੰ ਇਸ ਗੱਲ ਦਾ ਵੀ ਗਿਆਨ ਹੋ ਜਾਂਦਾ ਹੈ ਕਿ ਕਿੰਨੇ ਸਵਾਲ ਆਉਣਗੇ ਅਤੇ ਉਨ੍ਹਾਂ ਵਿਚੋਂ ਕਿੰਨੇ ਹੱਲ ਕਰਨੇ ਹਨ। ਕਿਸ ਭਾਗ ਦੇ ਕਿੰਨੇ ਅੰਕ ਹਨ। ਇਨ੍ਹਾਂ ਸਵਾਲਾਂ ਦੇ ਕਿੰਨੇ-ਕਿੰਨੇ ਅੰਕ ਹਨ, ਜੋ ਵਿਦਿਆਰਥੀ ਲਈ ਲੋੜੀਂਦੇ ਹਨ। ਇਕ ਦੋ ਸ਼ਬਦਾਂ ਵਾਲੇ, ਇਕ ਦੋ ਵਾਕਾਂ ਵਾਲੇ, ਛੋਟੇ ਅਤੇ ਵੱਡੇ ਉਤਰਾਂ ਵਾਲੇ ਸਭ ਸਵਾਲਾਂ ਦਾ ਗਿਆਨ ਇਹ ਪ੍ਰੀਖਿਆਵਾਂ ਵਿਦਿਆਰਥੀਆਂ ਨੂੰ ਕਰਵਾ ਦਿੰਦੀਆਂ ਹਨ ਤਾਂ ਕਿ ਉਹ ਸਲਾਨਾ ਪ੍ਰੀਖਿਆਵਾਂ ਵਿਚੋਂ ਸ਼ਾਨਦਾਰ ਅੰਕਾਂ ਨਾਲ ਸਫ਼ਲ ਹੋ ਸਕਣ।

### ਪੇਪਰ ਵਿੱਚ ਮਹੱਤਵਪੂਰਨ ਸਵਾਲ ਹੁੰਦੇ ਹਨ

ਇਨ੍ਹਾਂ ਪ੍ਰੀਖਿਆਵਾਂ ਰਾਹੀਂ ਵਿਦਿਆਰਥੀਆਂ ਨੂੰ ਇਹ ਵੀ ਪਤਾ ਲਗਦਾ ਹੈ ਕਿ ਕਿਹੜੇ ਸਵਾਲ ਮਹੱਤਵਪੂਰਨ ਹਨ ਤੇ ਕਿਹੜਿਆਂ ਦੀ ਤਿਆਰੀ 'ਤੇ ਜ਼ਿਆਦਾ ਜ਼ੋਰ ਦੇਣ ਦੀ ਲੋੜ ਹੁੰਦੀ ਹੈ। ਮਾਹਿਰ ਪ੍ਰੀਖਿਅਕਾਂ ਨੇ ਇਨ੍ਹਾਂ ਪ੍ਰੀਖਿਆਵਾਂ ਵਾਸਤੇ ਮਹੱਤਵਪੂਰਨ ਸਵਾਲ ਚੁਣੇ ਹੁੰਦੇ ਹਨ। ਬਾਅਦ ਵਿੱਚ ਸਲਾਨਾ ਪ੍ਰੀਖਿਆਵਾਂ ਵਿੱਚ ਵੀ ਅਜਿਹੇ ਸਵਾਲ ਸ਼ਾਮਲ ਕੀਤੇ ਜਾਂਦੇ ਹਨ। ਇਨ੍ਹਾਂ ਮਹੱਤਵਪੂਰਨ ਸਵਾਲਾਂ ਨਾਲ ਸਧਾਰਨ ਵਿਦਿਆਰਥੀ ਵੀ ਚੰਗੇ ਅੰਕ ਪ੍ਰਾਪਤ ਕਰਨ ਦੇ ਸਮਰੱਥ ਹੋ ਜਾਂਦੇ ਹਨ। ਹੁਸ਼ਿਆਰ ਵਿਦਿਆਰਥੀਆਂ ਲਈ ਸ਼ਾਨਦਾਰ ਅੰਕਾਂ ਨਾਲ ਮੈਰਿਟ ਵਿਚ ਆਉਣ ਦਾ ਰਾਹ ਦਿਖਾਈ ਦਣ ਲੱਗ ਪੈਂਦਾ ਹੈ।

# ਬੁੱਟਰਵੀ ਪਰਿਵਾਰ ਵਲੋਂ ਭਾਈ ਸੰਤੋਖ ਸਿੰਘ ਕਿਰਤੀ ਲਾਇਬ੍ਰੇਰੀ ਲਈ ਕਿਤਾਬਾਂ ਦਾਨ

**ਜਲੰਧਰ-** ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸਥਾਪਤ ਭਾਈ ਸੰਤੋਖ ਸਿੰਘ ਕਿਰਤੀ ਲਾਇਬ੍ਰੇਰੀ ਲਈ ਉਰਦੂ ਅਤੇ ਪੰਜਾਬੀ ਦੇ ਨਾਮਵਰ ਸ਼ਾਇਰ ਮਰਹੂਮ ਮੁਰਸ਼ਦ ਬੁੱਟਰਵੀ ਦੇ ਪਰਿਵਾਰ ਵੱਲੋਂ ਮੁਸ਼ਰਦ ਸਾਹਿਬ ਦੀਆਂ ਉਰਦੂ, ਅੰਗਰੇਜ਼ੀ ਅਤੇ ਪੰਜਾਬੀ ਸ਼ਾਇਰੀ ਦੀਆਂ ਪੁਸਤਕਾਂ ਦੀਆਂ ਸੈਂਕੜੇ ਕਾਪੀਆਂ ਦਾਨ ਕੀਤੀਆਂ ਗਈਆਂ। ਅੱਜ ਜਲੰਧਰ ਵਿਖੇ ਮੁਸ਼ਰਦ ਸਾਹਿਬ ਦੇ ਨਜ਼ਦੀਕੀ ਸ੍ਰੀ ਜਤਿੰਦਰ ਸ਼ਰਮਾ ਨੇ ਇਹ ਪੁਸਤਕਾਂ ਕਮੇਟੀ ਦੇ ਟਰੱਸਟੀ ਕਾਮਰੇਡ ਰਣਜੀਤ ਸਿੰਘ ਔਲਖ ਅਤੇ ਲਾਇਬ੍ਰੇਰੀ ਦੇ ਕਨਵੀਨਰ ਪ੍ਰੋ. ਗੋਪਾਲ ਸਿੰਘ ਬੁੱਟਰ ਨੂੰ ਸੌਂਪੀਆਂ। ਸ੍ਰੀ ਜਤਿੰਦਰ ਸ਼ਰਮਾ ਅਤੇ ਮੁਰਸ਼ਦ ਬੁੱਟਰਵੀ ਦੇ ਬੇਟਿਆਂ ਦਾ ਧੰਨਵਾਦ ਕਰਦਿਆਂ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਅਤੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਮੁਸ਼ਰਦ ਸਾਹਿਬ ਦੇ ਪਰਿਵਾਰ ਦਾ ਦੇਸ਼ ਭਗਤ ਯਾਦਗਾਰ ਕਮੇਟੀ ਨਾਲ ਬਹੁਤ ਪੁਰਾਣਾ ਰਿਸ਼ਤਾ ਹੈ। ਇਸ ਪਰਿਵਾਰ ਨੇ ਬਾਬਾ ਭਗਤ ਸਿੰਘ ਬਿਲਗਾ ਕਿਤਾਬਘਰ ਲਈ ਵੀ ਇੱਕ ਲੱਖ ਰੁਪਏ ਦੀ ਰਾਸ਼ੀ ਕਮੇਟੀ ਨੂੰ ਦਿੱਤੀ ਸੀ।




## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਲੈਂਡ ਸੀਲਿੰਗ ਦੀ ਹੱਦਬੰਦੀ ਤੋਂ ਵਾਧੂ ਜਮੀਨ ਬੇਜ਼ਮੀਨੇ ਕਿਸਾਨਾਂ ਅਤੇ ਮਜ਼ਦੂਰਾਂ ਵਿਚ ਵੰਡੀ ਜਾਵੇ - ਐਨਐਲਓ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** "ਭਾਰਤ ਵਿੱਚ ਭੂਮੀ ਮਲਕੀਅਤ ਕੇਵਲ ਨਿੱਜੀ ਸੰਪਤੀ ਦਾ ਹੀ ਪ੍ਰਸ਼ਨ ਨਹੀਂ ਬਲਕਿ ਇਹ ਸਮਾਜਿਕ ਇੱਜਤ ਤੇ ਵੱਕਾਰ ਦਾ ਪ੍ਰਸ਼ਨ ਵੀ ਹੈ। ਪ੍ਰੰਪਰਾਗਤ ਪੇਂਡੂ ਆਰਥਿਕਤਾ ਜੋ ਕਿ ਖੇਤੀ ਉੱਤੇ ਅਧਾਰਿਤ ਹੈ ਸਮਾਜਿਕ ਆਰਥਿਕ ਅਸਮਾਨਤਾ ਤੇ ਅਨਿਆਂ ਦਾ ਮੁੱਢਲਾ ਕਾਰਨ ਹੈ। ਸਾਡੀ ਭੂਮੀ ਵੰਡ ਔਗੁਣਾਂ ਭਰਪੂਰ ਅਤੇ ਅਣਵਾਸਤਵਿਕ ਹੈ। ਇਸ ਕਿਸਮ ਦੀ ਭੂਮੀ ਵੰਡ ਤੇ ਖੇਤੀਬਾੜੀ ਲੋਕਤੰਤਰੀ ਤੇ ਸਮਾਜਵਾਦੀ ਸਿਧਾਂਤਾਂ ਦੇ ਉਲਟ ਹੈ।"



ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਨੈਸ਼ਨਲ ਲੇਬਰ ਆਰਗੇਨਾਈਜੇਸ਼ਨ (ਐਨਐਲਓ) ਦੇ ਕਨਵੀਨਰ ਬਲਦੇਵ ਭਾਰਤੀ ਸਟੇਟ ਐਵਾਰਡੀ ਨੇ ਜਮੀਨ ਦੀ ਹੱਦਬੰਦੀ ਤੋਂ ਵਾਧੂ ਗੈਰ-ਕਾਨੂੰਨੀ ਜਮੀਨ ਸਬੰਧੀ ਗੱਲਬਾਤ ਕਰਦਿਆਂ ਦੱਸਿਆ ਕਿ "ਦ ਪੰਜਾਬ ਲੈਂਡ ਰਿਫਾਰਮਰਜ਼ ਐਕਟ-1972" ਮੁਤਾਬਕ ਲੈਂਡ ਸੀਲਿੰਗ ਦੀ ਹੱਦਬੰਦੀ 17.50 ਏਕੜ ਹੈ ਅਤੇ ਇਸ ਤੋਂ ਵਾਧੂ ਜਮੀਨ ਗੈਰ-ਕਾਨੂੰਨੀ ਹੈ। ਪੰਜਾਬ ਵਿੱਚ 10.50 ਲੱਖ ਕਿਸਾਨ ਪ੍ਰੀਵਾਰ ਹਨ ਅਤੇ ਇਨ੍ਹਾਂ ਵਿੱਚੋਂ 86% ਕਿਸਾਨਾਂ ਪਾਸ 5 ਏਕੜ ਤੋਂ ਘੱਟ ਜਮੀਨ ਦੀ ਮਾਲਕੀ ਹੈ। ਇਕ ਅੰਦਾਜ਼ੇ ਮੁਤਾਬਿਕ ਹੱਦਬੰਦੀ ਤੋਂ ਵੱਧ ਜਮੀਨ ਰੱਖਣ ਵਾਲੇ ਵੱਡੇ ਜਿਮੀਂਦਾਰ ਕੁੱਝ ਫੀਸਦੀ ਹੀ ਹਨ। ਇਨ੍ਹਾਂ ਵੱਡੇ ਜਿਮੀਂਦਾਰਾਂ ਨੇ ਕਾਨੂੰਨੀ ਊਣਤਾਈਆਂ ਦਾ ਨਜਾਇਜ ਲਾਭ ਲੈਂਦਿਆਂ ਪ੍ਰੀਵਾਰ ਦੀਆਂ ਕਈ ਕਈ ਇਕਾਈਆਂ ਦਿਖਾ ਕੇ ਜਮੀਨ ਦੀ ਮਾਲਕੀ ਲਈ ਹੋਈ ਹੈ। ਇਸ ਤੋਂ ਇਲਾਵਾ ਫਾਰਮ ਹਾਊਸ ਅਤੇ ਬਾਗਾਂ ਆਦਿ ਦੇ ਨਾਮ ਤੇ ਜਮੀਨਾਂ ਦੱਬੀਆਂ ਹੋਈਆਂ ਹਨ। ਮਜ਼ਦੂਰ ਜੱਥੇਬੰਦੀਆਂ ਇਸ ਦੇ ਵਿਰੁੱਧ ਸੰਘਰਸ਼ ਕਰ ਰਹੀਆਂ ਹਨ। ਸਰਕਾਰਾਂ ਅਤੇ ਸਿਆਸੀ ਪਾਰਟੀਆਂ ਨੂੰ ਸਵਾਲ ਹੈ ਕਿ ਮਜ਼ਦੂਰ ਪ੍ਰੀਵਾਰਾਂ ਦੀਆਂ ਰੰਬਾ, ਦਾਤੀ ਅਤੇ ਪੱਲੀ ਵਾਲੀਆਂ ਔਰਤਾਂ ਦਾ ਬਿਗਾਨੀਆਂ ਵੱਟਾਂ ਤੋਂ ਖਹਿੜਾ ਕਦੋਂ ਛੁੱਟੇਗਾ?

ਐਨਐਲਓ। ਮੁਖੀ ਬਲਦੇਵ ਭਾਰਤੀ ਨੇ ਕਿਹਾ ਕਿ ਉਨ੍ਹਾਂ ਦੀ ਜੱਥੇਬੰਦੀ ਇਸ ਕਾਣੀ ਵੰਡ ਦੇ ਖਿਲਾਫ਼ ਆਵਾਜ਼ ਬੁਲੰਦ ਕਰਦੇ ਹੋਏ ਇਸ ਕਾਨੂੰਨ ਨੂੰ ਇਮਾਨਦਾਰੀ ਅਤੇ ਸਖਤੀ ਨਾਲ ਲਾਗੂ ਕਰਕੇ ਹੱਦਬੰਦੀ ਤੋਂ ਵਾਧੂ ਜਮੀਨ ਬੇਜ਼ਮੀਨੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵਿੱਚ ਵੰਡਣ ਦੀ ਪੁਰਜੋਰ ਮੰਗ ਕਰਦੀ ਹੈ।

ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਪੰਜਾਬੀ ਅਮੈਰੀਕਨ ਹੈਰੀਟੇਜ਼ ਸੁਸਾਇਟੀ ਵੱਲੋਂ ਸੈਕਰਾਮੈਂਟੋ ਸਟੇਟ ਲਾਇਬ੍ਰੇਰੀ ਵਿਚ ਅਮਰੀਕਾ ਦੇ ਪੰਜਾਬੀਆਂ ਬਾਰੇ ਇਤਿਹਾਸਕ ਕਿਤਾਬ ਰਿਲੀਜ਼ ਸਮਾਗਮ ਹੋਇਆ





**ਸੈਕਰਾਮੈਂਟੋ, ਕੈਲੀਫੋਰਨੀਆ–** ਪੰਜਾਬੀ ਅਮੈਰੀਕਨ ਹੈਰੀਟੇਜ਼ ਸੁਸਾਇਟੀ ਯੂਬਾ ਸਿਟੀ ਦੇ ਕਾਰਕੁੰਨਾਂ ਵਲੋਂ ਸਟੇਟ ਲਾਇਬ੍ਰੇਰੀ ਵਿਖੇ ਇਕ ਸੰਖੇਪ ਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਅਮਰੀਕਾ ਵਿੱਚ ਪੰਜਾਬੀਆਂ ਦੇ ਇਤਿਹਾਸ ਬਾਰੇ ਚਾਨਣਾ ਪਾਉਂਦੀ ਕਿਤਾਬ "Cailforina's iPoneeirng Punjaibs an Ameircan Story." ਰਿਲੀਜ਼ ਕੀਤੀ ਗਈ । ਸਮਾਗਮ ਦੀ ਅਗਵਾਈ ਪੰਜਾਬੀ ਅਮੈਰੀਕਨ ਹੈਰੀਟੇਜ਼ ਸੁਸਾਇਟੀ ਦੇ ਡਾ। ਜਸਵੀਰ ਸਿੰਘ ਕੰਗ ਨੇ ਕੀਤੀ ਜਿਨਾਂ ਨੇ ਸਕਰੀਨ ਤੇ ਵੀਡੀਓ ਰਾਹੀਂ ਆਏ ਖਾਸ ਮਹਿਮਾਨਾਂ ਨੂੰ ਪੰਜਬੀਆਂ ਖਾਸ ਕਰ ਸਿੱਖਾਂ ਦੇ ਅਮਰੀਕਾ ਵਿਚਲੇ ਇਤਿਹਾਸ ਨੂੰ ਵੇਰਵੇ ਤੇ ਫੋਟੋਆਂ ਸਹਿਤ ਦਿਖਾਇਆ ਤੇ ਜਿਸ ਤੋਂ ਸਮਾਗਮ ਚ ਸ਼ਾਮਿਲ ਲੋਕ ਪ੍ਰਭਾਵਿਤ ਹੋਏ। ਇਸ ਖਾਸ ਕਿਤਾਬ ਦੇ ਰੀਲੀਜ ਸਮਾਗਮ ਚ ਜਿਥੇ ਖਾਸ ਸਥਾਨਕ ਪੰਜਾਬੀ ਸ਼ਾਮਿਲ ਸਨ ਉਥੇ ਇਸ ਸਮਾਗਮ ਵਿਚ ਅਸੈਂਬਲੀਮੈਨ ਜੇਮਜ਼ ਗਾਲਾਗਰ, ਪਹਿਲੀ ਬਣੀ ਪੰਜਾਬੀ ਅਸੈਂਬਲੀ ਮੈਂਬਰ ਡਾ ਜਸਮੀਤ ਕੌਰ ਬੈਂਸ, ਅਸੈਂਬਲੀ ਮੈਂਬਰ ਐਸ਼ ਕਾਲੜਾ, ਅਸੈਂਬਲੀ ਮੈਂਬਰ ਜਿਮ ਪੀਟਰਸਨ ਸਮੇਤ ਕਈ ਹੋਰ ਅਮਰੀਕੀ ਆਗੂ ਵੀ ਹਾਜ਼ਰ ਸਨ। ਹਰ ਅਸੈਂਬਲੀ ਮੈਨ ਤੇ ਵੋਮੈਨ ਨੇ ਆਪਣੀ ਤਕਰੀਰ ਵਿੱਚ ਕੈਲੀਫੋਰਨੀਆ ਵਿਚ ਪੰਜਾਬੀ ਸਿੱਖਾਂ ਵੱਲੋਂ ਪਾਏ ਮਹੱਤਵਪੂਰਨ ਯੋਗਦਾਨ ਬਾਰੇ ਇਸ ਕਿਤਾਬ 'ਚ ਚਾਨਣਾ ਪਾਉਣ ਦੀ ਸ਼ਲਾਘਾ ਕੀਤੀ। ਇਸ ਮੌਕੇ ਡਾ ਜਸਵੀਰ ਕੰਗ ਨੇ ਸਾਰੇ ਅਸੈਂਬਲੀ ਮੈਂਬਰਾਂ ਨੂੰ ਸਟੇਜ ਤੇ ਬੁਲਾ ਕੇ ਉਨਾਂ ਹੱਥੋਂ ਕਿਤਾਬ ਰੀਲੀਜ ਕਰਵਾਈ। ਜ਼ਿਕਰਯੋਗ ਹੈ ਕਿ 288 ਸਫਿਆਂ ਦੀ ਇਹ ਕਿਤਾਬ ਅਮਰੀਕਨ ਲੇਖਕ 'ਲੀ ਤ੍ਰਿਹੂਨ' ਵੱਲੋਂ ਲਿਖੀ ਗਈ ਹੈ। ਇਸ ਕਿਤਾਬ ਵਿਚ ਲੇਖਕ ਨੇ 19ਵੀਂ ਅਤੇ 20ਵੀਂ ਸਦੀ ਦੌਰਾਨ ਪ੍ਰਵਾਸੀ ਪੰਜਾਬੀਆਂ ਦੇ ਕੈਲੀਫੋਰਨੀਆ ਵਿਚ ਕੀਤੇ ਗਏ ਪ੍ਰਵਾਸ ਨੂੰ ਬਿਆਨ ਕੀਤਾ ਹੈ। ਲੇਖਕ ਵੱਲੋਂ ਉਸ ਸਮੇਂ ਦੌਰਾਨ ਪੰਜਾਬੀਆਂ ਵੱਲੋਂ ਕੈਲੀਫੋਰਨੀਆ ਦੇ ਖੇਤਾਂ ਅਤੇ ਬਾਗਾਂ ਵਿਚ ਕੀਤੀ ਗਈ ਘੱਟ ਤਨਖਾਹ 'ਤੇ ਮਜ਼ਦੂਰੀ, ਉਸ ਸਮੇਂ ਦੌਰਾਨ ਪੰਜਾਬੀਆਂ ਨਾਲ ਹੁੰਦਾ ਵਿਤਕਰਾ ਬੜੇ ਸੁਚੱਜੇ ਢੰਗ ਨਾਲ ਬਿਆਨ ਕੀਤਾ। ਲੇਖਕ ਨੇ ਪ੍ਰਵਾਸੀ ਪੰਜਾਬੀ ਭਗਤ ਸਿੰਘ ਥਿੰਦ ਦੇ ਅਮਰੀਕੀ ਸੈਨਾ ਵਿਚ ਕੀਤੀ ਗਈ ਸੇਵਾ ਦੇ ਨਾਲ-ਨਾਲ, ਪਹਿਲੇ ਪੰਜਾਬੀ ਕਾਂਗਰਸਮੈਨ ਦਲੀਪ ਸਿੰਘ ਸੌਂਧ ਬਾਰੇ ਵੀ ਵਰਣਨ ਕੀਤਾ ਹੈ। ਇਸ ਤੋਂ ਇਲਾਵਾ ਇਸ ਕਿਤਾਬ ਵਿੱਚ ਅਮਰੀਕਾ ਵਿੱਚ ਬਣਾਏ ਗਏ ਪਹਿਲੇ ਗੁਰਦੁਆਰਾ ਸਾਹਿਬ ਸਟਾਕਟਨ ਦਾ ਵੀ ਵਿਸ਼ੇਸ਼ ਤੌਰ ਤੇ ਜਿਕਰ ਹੈ ਜਿਸਨੂੰ ਦੇਸ਼ ਭਗਤ ਗਦਰੀ ਬਾਬਿਆਂ ਨੇ ਬਣਾਇਆ ਸੀ। ਇਸ ਸਮਾਗਮ ਮੌਕੇ ਹੋਰਨਾਂ ਤੋਂ ਇਲਾਵਾ ਉਘੇ ਵਿਦਵਾਨ ਡਾ ਗੁਰਦੇਵ ਖੁਸ਼, ਉਘੇ ਬਿਜਨਸਮੈਂਨ ਸਰਬਜੀਤ ਥੀਆੜਾ, ਕਾਂਊਂਟੀ ਸੁਪਵਾਈਜਰ ਕਰਮਦੀਪ ਸਿੰਘ ਬੈਂਸ, ਮਨਜੀਤ ਸੀਬੀਆ ਤੋਂ ਇਲਾਵਾ ਪੰਜਾਬੀ ਅਮੈਰੀਕਨ ਹੈਰੀਟੇਜ਼ ਸੁਸਾਇਟੀ ਯੂਬਾ ਸਿਟੀ ਦੇ ਮੈਂਬਰਾਨ ਵੀ ਹਾਜਰ ਸਨ।

## ਅਮਰੀਕਾ ਵਿਚ ਪੁਲਿਸ ਦੀ ਕਾਰ ਨੇ ਭਾਰਤੀ ਵਿਦਿਆਰਥਣ ਨੂੰ ਮਾਰੀ ਟੱਕਰ, ਹੋਈ ਮੌਤ



**ਸੈਕਰਾਮੈਂਟੋ–** ਸਿਆਟਲ (ਵਾਸ਼ਿੰਗਟਨ) ਵਿਚ ਪੁਲਿਸ ਦੀ ਕਾਰ ਵੱਲੋਂ ਭਾਰਤੀ ਵਿਦਿਆਰਥਣ ਨੂੰ ਜਬਰਦਸਤ ਟੱਕਰ ਮਾਰੀ ਗਈ ਜਿਸ ਉਪਰੰਤ ਉਸ ਦੀ ਮੌਤ ਹੋ ਗਈ। 23 ਸਾਲਾ ਵਿਦਿਆਰਥਣ ਭਾਰਤ ਦੇ ਆਂਧਰਾ ਪ੍ਰਦੇਸ਼ ਰਾਜ ਦੀ ਰਹਿਣ ਵਾਲੀ ਸੀ। ਵਿਦਿਆਰਥਣ ਦੀ ਪਛਾਣ ਜਾਹਨਵੀ ਕੰਡੂਲਾ ਵਜੋਂ ਹੋਈ ਹੈ ਜੋ ਸਾਊਥ ਲੇਕ ਯੂਨੀਅਨ ਵਿਚ ਯੁਨੀਵਰਸਿਟੀ ਕੈਂਪਸ ਦੀ ਵਿਦਿਆਰਥਣ ਸੀ। ਜਿਸ ਸਮੇ ਹਾਦਸਾ ਹੋਇਆ ਉਹ ਡੈਕਸਟਰ ਐਵਨਿਊ ਨਾਰਥ ਤੇ ਥਾਮਸ ਸਟਰੀਟ ਨੇੜੇ ਸੈਰ ਕਰ ਰਹੀ ਸੀ। ਪੁਲਿਸ ਨੇ ਉਸ ਨੂੰ ਹਾਰਬੋਰ ਵਿਊ ਮੈਡੀਕਲ ਸੈਂਟਰ ਵਿਖੇ ਗੰਭੀਰ ਹਾਲਤ ਵਿਚ ਦਾਖਲ ਕਰਵਾਇਆ ਜਿਥੇ ਉਹ ਕੁਝ ਦੇਰ ਬਾਅਦ ਦਮ ਤੋੜ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਰਾਤ 8 ਵਜੇ ਦੇ ਕਰੀਬ ਪੁਲਿਸ ਅਫਸਰ ਸਿਆਟਲ ਫਾਇਰ ਡਿਪਾਰਟਮੈਂਟ ਦੀ ਬੇਨਤੀ 'ਤੇ ਐਸ ਯੂ ਵੀ ਗਸ਼ਤੀ ਗੱਡੀ ਲੈ ਕੇ ਜਾ ਰਿਹਾ ਸੀ ਕਿ ਰਸਤੇ ਵਿਚ ਹਾਦਸਾ ਵਾਪਰਾ ਗਿਆ।

ਪੁਲਿਸ ਨੇ ਜਾਰੀ ਬਿਆਨ ਵਿਚ ਅਫਸਰ ਦਾ ਨਾਂ ਨਹੀਂ ਦਸਿਆ ਹੈ ਤੇ ਕੇਵਲ ਏਨਾ ਹੀ ਕਿਹਾ ਹੈ ਕਿ ਮੁੱਢਲੀ ਜਾਂਚ ਤੋਂ ਇਹ ਵਿਸ਼ਵਾਸ਼ ਕਰਨ ਵਿੱਚ ਕੋਈ ਹਿਚਕਚਾਹਟ ਨਹੀਂ ਹੈ ਕਿ ਅਫਸਰ ਨੇ ਜਾਣ ਬੁਝ ਕੇ ਹਾਦਸਾ ਨਹੀਂ ਕੀਤਾ। ਸਿਆਟਲ ਪੁਲਿਸ ਵਿਭਾਗ ਦੇ ਬੁਲਾਰੇ ਡੀਟੈਕਟਿਵ ਵਾਲੇਰੀ ਕਾਰਸਨ ਨੇ ਕਿਹਾ ਹੈ ਕਿ ਕੰਡੂਲਾ ਦੀ ਮੌਤ ਦੀ ਜਾਂਚ ਨਹੀਂ ਹੋਵੇਗੀ ਤੇ ਸਬੰਧਤ ਅਫਸਰ ਨੂੰ ਛੁੱਟੀ ਉਪਰ ਨਹੀਂ ਭੇਜਿਆ ਜਾਵੇਗਾ।

ਕੰਡੂਲਾ ਦੀ ਮਾਂ ਅਡੋਨੀ (ਆਂਧਰਾ ਪ੍ਰਦੇਸ਼) ਵਿਚ ਐਲੀਮੈਂਟਰੀ ਸਕੂਲ ਦੀ ਅਧਿਆਪਕਾ ਹੈ। ਕੰਡੂਲਾ ਦੀ ਇਸ ਸਾਲ ਦਸੰਬਰ ਵਿਚ ਇਨਫਰਮੇਸ਼ਨ ਸਿਸਟਮ ਵਿਚ ਮਾਸਟਰ ਡਿਗਰੀ ਮੁਕੰਮਲ ਹੋਣੀ ਸੀ।

## 5 ਪੁਲਿਸ ਅਫਸਰਾਂ ਵਿਰੁੱਧ ਕਾਲੇ ਵਿਅਕਤੀ ਦੀ ਮੌਤ ਦੇ ਮਾਮਲੇ ਵਿਚ ਅਗਵਾ ਤੇ ਹੱਤਿਆ ਦਾ ਕੇਸ ਦਰਜ



**ਸੈਕਰਾਮੈਂਟੋ–** ਮੈਮਫਿਸ ਪੁਲਿਸ ਦੇ 5 ਸਾਬਕਾ ਅਫਸਰਾਂ ਵਿਰੁੱਧ 29 ਸਾਲਾ ਕਾਲੇ ਵਿਅਕਤੀ ਟਾਇਰ ਨਿਕੋਲਸ ਦੀ ਮੌਤ ਦੇ ਮਾਮਲੇ ਵਿਚ ਅਗਵਾ ਤੇ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਇਹ ਜਾਣਕਾਰੀ ਸ਼ੈਲਬਾਈ ਕਾਊਂਟੀ ਡਿਸਟ੍ਰਿਕਟ ਅਟਾਰਨੀ ਸਟੀਵ ਮੁਲਰਾਇ ਨੇ ਦਿੱਤੀ ਹੈ। ਇਨਾਂ 5 ਅਫਸਰਾਂ ਵਿਚ ਟਾਡਾਰੀਅਸ ਬੀਨ, ਡੈਮੈਟਰੀਅਸ ਹੇਲੇ, ਜਸਟਿਨ ਸਮਿਥ, ਐਮਿਟ ਮਾਰਟਿਨ ਤੇ ਡੀਮੌਂਡ ਮਿਲਜ ਜੂਨੀਅਰ ਸ਼ਾਮਿਲ ਹਨ। ਮੁਲਰਾਇ ਨੇ ਕਿਹਾ ਹੈ ਕਿ ਪੰਜਾਂ ਪੁਲਿਸ ਅਫਸਰਾਂ ਨੇ ਘਟਨਾ ਵਿਚ ਵੱਖ ਵੱਖ ਭੂਮਿਕਾ ਨਿਭਾਈ ਹੈ ਤੇ ਉਨਾਂ ਦੀ ਕਾਰਵਾਈ ਕਾਰਨ ਨਿਕੋਲਸ ਦੀ ਮੌਤ ਹੋਈ ਹੈ ਤੇ ਇਸ ਲਈ ਪੰਜੇ ਪੁਲਿਸ ਅਫਸਰ ਜਿੰਮੇਵਾਰ ਹਨ। 3 ਜਨਵਰੀ ਨੂੰ ਇਕ ਟਰੈਫਿਕ ਨਾਕੇ 'ਤੇ ਕੁੱਟਮਾਰ ਕਾਰਨ ਨਿਕੋਲਸ ਦੀ 10 ਜਨਵਰੀ ਨੂੰ ਹਸਪਤਾਲ ਵਿਚ ਮੌਤ ਹੋ ਗਈ ਸੀ।

### ਨਿਊਯਾਰਕ ਵਿਚ ਟਰੱਕ ਚਾੜ ਕੇ 8 ਲੋਕਾਂ ਨੂੰ ਮਾਰਨ ਦਾ ਮਾਮਲਾ

## ਸੰਘੀ ਅਦਾਲਤ ਨੇ ਸ਼ੱਕੀ ਸੇਫੁਲੋ ਸਾਈਪੋਵ ਨੂੰ ਦੋਸ਼ੀ ਠਹਿਰਾਇਆ, ਹੋ ਸਕਦੀ ਹੈ ਮੌਤ ਦੀ ਸਜ਼ਾ



**ਸੈਕਰਾਮੈਂਟੋ–** ਇਕ ਸੰਘੀ ਅਦਾਲਤ ਨੇ 2017 ਵਿਚ ਹੈਲੋਵੀਨ ਦਿਵਸ ਵਾਲੇ ਦਿਨ ਨਿਊਯਾਰਕ ਸਿਟੀ ਬਾਈਕ ਪਾਥ 'ਤੇ ਟਰੱਕ ਚਾੜ ਕੇ 8 ਲੋਕਾਂ ਦੀਆਂ ਹੱਤਿਆਵਾਂ ਕਰਨ ਦੇ ਮਾਮਲੇ ਵਿਚ ਸ਼ੱਕੀ ਸੇਫੁਲੋ ਸਾਈਪੋਵ ਨੂੰ ਦੋਸ਼ੀ ਠਹਿਰਾਇਆ ਹੈ। 9-11 ਹਮਲੇ ਤੋਂ ਬਾਅਦ ਨਿ-ਊਯਾਰਕ ਵਿਚ ਇਸ ਘਟਨਾ ਨੂੰ ਭਿਆਨਕ ਅੱਤਵਾਦੀ ਹਮਲਾ ਮੰਨਿਆ ਗਿਆ ਹੈ ਜਿਸ ਵਿਚ 6 ਵਿਦੇਸ਼ੀ ਸੈਲਾਨੀ ਤੇ 2 ਅਮਰੀਕੀ ਮਾਰੇ ਗਏ ਸਨ। ਸ਼ੱਕੀ ਦੋਸ਼ੀ ਨੇ ਹੱਤਿਆਵਾਂ ਲਈ ਕਿਰਾਏ 'ਤੇ ਲਿਆ ਟਰੱਕ ਵਰਤਿਆ। ਸੰਘੀ ਅਦਾਲਤ ਨੇ ਇਸ ਨੂੰ ਅੱਤਵਾਦ ਦਾ ਮਾਮਲਾ ਮੰਨਿਆ ਹੈ।

ਇਸਤਗਾਸਾ ਪੱਖ ਦੇ ਵਕੀਲਾਂ ਨੇ ਜੱਜਾਂ ਨੂੰ ਕਿਹਾ ਕਿ ਸਾਈਪੋਵ ਨੇ ਜਾਣਬੁਝ ਕੇ ਲੋਕਾਂ ਨੂੰ ਟਰੱਕ ਹੇਠਾਂ ਦਰੜਿਆ ਸੀ ਕਿਉਂਕਿ ਉਹ ਅੱਤਵਾਦੀ ਸੰਗਠਨ ਆਈ ਐਸ ਆਈ ਐਸ ਦਾ ਮੈਂਬਰ ਬਣਨਾ ਚਹੁੰਦਾ ਸੀ। ਹਾਲਾਂ ਕਿ ਬਚਾਅ ਪੱਖ ਦੇ ਵਕੀਲ ਪੈਟਨ ਨੇ ਇਸਤਗਾਸਾ ਪੱਖ ਦੇ ਵਕੀਲਾਂ ਦੇ ਇਸ ਦਾਅਵੇ ਨਾਲ ਸਹਿਮਤੀ ਨਹੀਂ ਪ੍ਰਗਟਾਈ। ਉਸ ਨੇ ਕਿਹਾ ਕਿ ਸਾਈਪੋਵ ਨੇ ਧਾਰਮਿੱਕ ਭਾਵਨਾ ਤਹਿਤ ਘਟਨਾ ਨੂੰ ਅੰਜਾਮ ਦਿੱਤਾ ਸੀ ਕਿਉਂਕਿ ਉਹ ਬਹਿਸ਼ਤ ਵਿਚ ਜਗਾ ਬਣਾਉਣ ਲਈ ਅਲਾ ਨੂੰ ਖੁਸ਼ ਕਰਨਾ ਚਹੁੰਦਾ ਸੀ। ਸ਼ੱਕੀ ਦੋਸ਼ੀ ਨੇ ਆਪਣੇ ਆਪ ਨੂੰ ਬੇਗੁਨਾਹ ਦਸਿਆ। ਅਦਾਲਤ ਵਿਚ ਦੋ ਦਿਨਾਂ ਦੌਰਾਨ ਤਕਰੀਬਨ 6 ਘੰਟੇ ਬਹਿਸ ਹੋਈ।

ਦੋਸ਼ੀ ਨੂੰ ਮੌਤ ਦੀ ਸਜ਼ਾ ਹੋ ਸਕਦੀ ਹੈ ਜਾਂ ਉਮਰ ਭਰ ਲਈ ਜੇਲ ਜਾਣਾ ਪਵੇਗਾ। ਮੌਤ ਦੀ ਸਜ਼ਾ ਲਈ ਜਰੂਰੀ ਹੈ ਕਿ ਅਦਾਲਤ ਦੇ ਸਾਰੇ ਜੱਜਾਂ ਵਿਚਾਲੇ ਸਹਿਮਤੀ ਹੋਵੇ। ਜੇਕਰ ਇਕ ਜੱਜ ਵੀ ਮੌਤ ਦੀ ਸਜ਼ਾ ਦਾ ਵਿਰੋਧ ਕਰਦਾ ਹੈ ਤਾਂ ਦੋਸ਼ੀ ਨੂੰ ਉਮਰ ਭਰ ਲਈ ਜੇਲ ਹੋ ਸਕਦੀ ਹੈ। ਸਜ਼ਾ ਲਈ ਅਦਾਲਤ ਦੀ ਕਾਰਵਾਈ 6 ਫਰਵਰੀ ਤੋਂ ਸ਼ੁਰੂ ਹੋਵੇਗੀ।

## ਕੈਲੀਫੋਰਨੀਆ ਵਿਚ ਗੋਲੀਬਾਰੀ ਦੀ ਇਕ ਹੋਰ ਘਟਨਾ ਵਿਚ 3 ਮੌਤਾਂ, 4 ਜ਼ਖਮੀ

**ਸੈਕਰਾਮੈਂਟੋ–** ਕੈਲੀਫੋਰਨੀਆ ਦੇ ਸ਼ਹਿਰ ਲਾਸ ਏਂਜਲਸ ਵਿਚ ਗੋਲੀਬਾਰੀ ਦੀ ਵਾਪਰੀ ਇਕ ਹੋਰ ਘਟਨਾ ਵਿਚ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਤੇ 4 ਹੋਰ ਜ਼ਖਮੀ ਹੋ ਗਏ। ਕੈਲੀਫੋਰਨੀਆ ਵਿਚ ਜਨਵਰੀ ਮਹੀਨੇ ਦੌਰਾਨ ਗੋਲੀਬਾਰੀ ਦੀ ਇਹ ਛੇਵੀਂ ਘਟਨਾ ਹੋਈ ਹੈ। ਪੁਲਿਸ ਨੇ ਕਿਹਾ ਹੈ ਕਿ ਤੜਕਸਾਰ 2.30 ਵਜੇ ਬੈਵਰਲੀ ਕਰੈਸਟ ਦੇ ਗਵਾਂਢ ਵਿਚ ਇਕ ਘਰ ਵਿਚ ਗੋਲੀਆਂ ਚੱਲਣ ਦੀ ਸੂਚਨਾ ਮਿਲੀ। ਲਾਸ ਏਂਜਲਸ ਪੁਲਿਸ ਵਿਭਾਗ ਦੇ ਸਾਰਜੈਂਟ ਫਰੈਂਕ ਪ੍ਰੀਸਿਆਡੋ ਨੇ ਇਸ ਤੋਂ ਪਹਿਲਾਂ ਕਿਹਾ ਸੀ ਕਿ ਮਾਰੇ ਗਏ ਵਿਅਕਤੀਆਂ ਦੀਆਂ ਲਾਸ਼ਾਂ ਇਕ ਕਾਰ ਵਿਚੋਂ ਮਿਲੀਆਂ ਹਨ। ਜ਼ਖਮੀਆਂ ਵਿਚੋਂ 2 ਦੀ ਹਾਲਤ ਗੰਭੀਰ ਹੈ ਜਦਕਿ 2 ਦੀ ਹਾਲਤ ਸਥਿੱਰ ਹੈ। ਪੁਲਿਸ ਨੇ ਮਾਰੇ ਗਏ ਤੇ ਜ਼ਖਮੀ ਲੋਕਾਂ ਦੇ ਨਾਂ ਜਾਰੀ ਨਹੀਂ ਕੀਤੇ ਹਨ ਤੇ ਨਾ ਹੀ ਉਨਾਂ ਦੇ ਲਿੰਗ ਬਾਰੇ ਕੁਝ ਦਸਿਆ ਹੈ। ਪੁਲਿਸ ਦੇ ਬੁਲਾਰੇ ਸਾਰਜੈਂਟ ਬਰੂਸ ਬੋਰੀਹਾਨਹ ਨੇ ਕਿਹਾ ਹੈ ਕਿ ਜਾਂਚਕਾਰ ਇਹ ਪਤਾ ਲਾਉਣ ਦਾ ਯਤਨ ਕਰ ਰਹੇ ਹਨ ਕਿ ਕੀ ਗੋਲੀਬਾਰੀ ਵਾਲੇ ਸਥਾਨ ਤੇ ਕੋਈ ਪਾਰਟੀ ਚਲ ਰਹੀ ਜਾਂ ਕਿਸ ਕਿਸਮ ਦੇ ਲੋਕ ਉਥੇ ਇਕੱਠੇ ਹੋਏ ਸਨ। ਬੁਲਾਰੇ ਨੇ ਕਿਹਾ ਹੈ ਕਿ ਇਸ ਗੋਲੀਬਾਰੀ ਵਿਚ ਕਿਸੇ ਸ਼ੱਕੀ ਵਿਅਕਤੀ ਦੇ ਸ਼ਾਮਿਲ ਹੋਣ ਬਾਰੇ ਪੁਲਿਸ ਕੋਲ ਕੋਈ ਸੂਚਨਾ ਨਹੀਂ ਹੈ। ਇਥੇ ਜਿਕਰਯੋਗ ਹੈ ਕਿ ਪਿਛਲੇ ਹਫਤੇ ਲਾਸ ਏਂਜਲਸ ਦੇ ਨੀਮ ਸ਼ਹਿਰੀ ਖੇਤਰ ਦੇ ਇਕ ਡਾਂਸ ਹਾਲ ਵਿਚ ਹੋਏ ਕਤਲੇਆਮ ਵਿਚ 11 ਵਿਅਕਤੀਆਂ ਦੀ ਮੌਤ ਹੋ ਗਈ ਸੀ ਤੇ 9 ਜ਼ਖਮੀ ਹੋ ਗਏ ਸਨ। ਇਸ ਤੋਂ ਇਲਾਵਾ ਇਸ ਹਫਤੇ ਹਾਫ ਬੇਅ ਮੂਨ ਸ਼ਹਿਰ ਦੇ ਖੇਤਾਂ ਵਿਚ ਦੋ ਥਾਵਾਂ ਤੇ ਇਕ ਸ਼ੱਕੀ ਵਿਅਕਤੀ ਨੇ ਗੋਲੀਆਂ ਚਲਾ ਕੇ 7 ਜਣਿਆਂ ਦੀ ਜਾਨ ਲੈ ਲਈ ਸੀ।



## ਨਿਊਯਾਰਕ ਵਿਚ ਬੱਸ ਤੇ ਟਰੱਕ ਦੀ ਭਿਆਨਕ ਟੱਕਰ ਵਿੱਚ 6 ਮੌਤਾਂ 3 ਜ਼ਖਮੀ

**ਸੈਕਰਾਮੈਂਟੋ–** ਬੀਤੇ ਦਿਨ ਸਵੇਰ ਵੇਲੇ ਨਿਊਯਾਰਕ ਵਿਚ ਇਕ ਐਕਸਪ੍ਰੈਸ ਬੱਸ ਤੇ ਟਰੱਕ ਵਿਚਾਲੇ ਹੋਈ ਜਬਰਦਸਤ ਟੱਕਰ ਵਿੱਚ 6 ਲੋਕਾਂ ਦੀ ਮੌਤ ਹੋ ਗਈ ਤੇ 3 ਹੋਰ ਜ਼ਖਮੀ ਹੋ ਗਏ। ਅਮਰੀਕਾ-ਕੈਨੇਡਾ ਬਾਰਡਰ ਨੇੜੇ ਪੈਂਦੇ ਕਸਬੇ ਲੁਇਸਵਿਲੇ ਵਿਚ ਸਟੇਟ ਹਾਈਵੇਅ 37 ਉਪਰ ਸਵੇਰੇ 6 ਵਜੇ ਦੇ ਆਸਪਾਸ ਇਹ ਹਾਦਸਾ ਹੋਇਆ। ਸੇਂਟ ਲਾਰੈਂਸ ਕਾਊਂਟੀ ਦੀਆਂ ਐਮਰਜੰਸੀ ਸੇਵਾਵਾਂ ਦੇ ਡਾਇਰੈਕਟਰ ਮੈਥੀਊ ਡੈਨਰ ਨੇ ਜਾਰੀ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਬੱਸ ਵਿਚ 16 ਸਵਾਰੀਆਂ ਸਵਾਰ ਸਨ ਜਦ ਕਿ ਟਰੱਕ ਵਿਚ ਇਕ ਹੀ ਵਿਅਕਤੀ ਸੀ। ਪੁਲਿਸ ਨੇ ਮਾਰੇ ਗਏ ਵਿਅਕਤੀਆਂ ਤੇ ਜ਼ਖਮੀਆਂ ਦੇ ਅਜੇ ਤੱਕ ਨਾਂ ਜਾਰੀ ਨਹੀਂ ਕੀਤੇ ਹਨ। ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਨੇ ਹਾਦਸੇ ਦੀ ਜਾਚ ਲਈ 6 ਮੈਂਬਰੀ ਟੀਮ ਗਠਿਤ ਕਰਨ ਦਾ ਐਲਾਨ ਕੀਤਾ ਹੈ।



# ਯੂ. ਕੇ. ਦੀ ਸੰਸਦ ’ਚ ਪੰਜਾਬਣ ਪ੍ਰਤਿਸ਼ਠਾ ਦਾ ਸਨਮਾਨ

**ਹੁਸ਼ਿਆਰਪੁਰ–** ਹੁਸ਼ਿਆਰਪੁਰ ਦੀ ਧੀ ਪ੍ਰਤਿਸ਼ਠਾ ਦੇਵੇਸ਼ਵਰ ਨੂੰ ਗਣਤੰਤਰ ਦਿਵਸ ਦੇ ਮੌਕੇ ਯੂ. ਕੇ. ਦੀ ਸੰਸਦ ’ਚ ਆਯੋਜਿਤ ਇਕ ਸ਼ਾਨਦਾਰ ਸਮਾਗਮ ਦੌਰਾਨ ਇੰਡੀਆ ਯੂ. ਕੇ. ਅਚੀਵਰਜ਼ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਪ੍ਰਤਿਸ਼ਠਾ ਦੇ ਨਾਲ ਸਨਮਾਨ ਪਾਉਣ ਵਾਲੀ ਹੋਰ ਭਾਰਤੀ ਸਖ਼ਸ਼ੀਅਤਾਂ ’ਚ ਰਾਜਸਭਾ ਸੰਸਦ ਮੈਂਬਰ ਰਾਘਵ ਚੱਢਾ, ਫਿਲਮ ਅਭਿਨੇਤਰੀ ਪਰਿਣੀਤੀ ਚੋਪੜਾ ਆਦਿ ਸ਼ਾਮਲ ਹੋਏ।

23 ਸਾਲਾ ਪ੍ਰਤਿਸ਼ਠਾ ਯੂ. ਕੇ. ਦੀ ਆਕਸਫੋਰਡ ਯੂਨੀਵਰਸਿਟੀ ’ਚ ਆਪਣੀ ਪੜ੍ਹਾਈ ਪੂਰੀ ਕਰਨ ਦੇ ਬਾਅਦ ਅੱਜਕਲ੍ਹ



ਯੂਨਾਈਟਿਡ ਨੇਸ਼ਨਜ਼ ਦੇ ਨਾਲ ਕੰਮ ਕਰ ਰਹੀ ਹੈ। ਯੂ. ਕੇ. ਸੰਸਦ ’ਚ ਇਕ ਪ੍ਰਭਾਵਸ਼ਾਲੀ ਸੰਬੋਧਨ ਦੌਰਾਨ ਪ੍ਰਤਿਸ਼ਠਾ ਬੜੇ ਹੀ ਆਤਮਵਿਸ਼ਵਾਸ ਨਾਲ ਵਿਸ਼ਵ ਭਰ ਦੀਆਂ ਹਸਤੀਆਂ ਸਾਹਮਣੇ ਰੂ-ਬ-ਰੂ ਹੋਈ। ਦੱਸ ਦਈਏ ਕਿ ਸਰੀਰਕ ਤੌਰ ’ਤੇ ਅਸਮਰਥ ਪ੍ਰਤਿਸ਼ਠਾ ਵ੍ਹੀਲਚੇਅਰ ’ਤੇ ਹੀ ਆਪਣੀ ਸੇਵਾਵਾਂ ਨੂੰ ਅੰਜਾਮ ਦਿੰਦੀ ਹੈ। ਇਸ ਤੋਂ ਇਲਾਵਾ ਪ੍ਰਤਿਸ਼ਠਾ ਦਾ ਆਕਸਫੋਰਡ ਗਲੋਬਲ ਲੀਡਰਸ਼ਿਪ ਇਨੀਸ਼ੀਏਟਿਵ ਲਈ ਵੀ ਚੋਣ ਹੋਈ ਹੈ। ਪ੍ਰਤਿਸ਼ਠਾ ਦੇ ਪਿਤਾ ਮਨੀਸ਼ ਸ਼ਰਮਾ ਬਤੌਰ ਡੀ. ਐਸ .ਪੀ. ਹੁਸ਼ਿਆਰਪੁਰ ’ਚ ਤਾਇਨਾਤ ਹਨ।

# ਬੰਟਾਈ ਨੂੰ ਪਛਾੜ ਮੂਸੇਵਾਲਾ ਬਣਿਆ ਟਾਪ ਯੂਟਿਊਬ ਸਬਸਕ੍ਰਾਈਬਰਸ

**ਚੰਡੀਗੜ੍ਹ–** ਸ਼ੁੱਭਦੀਪ ਸਿੰਘ ਉਰਫ ਸਿੱਧੂ ਮੂਸੇ ਵਾਲਾ ਦਾ ਯੂਟਿਊਬ ਚੈਨਲ ਭਾਰਤ ਦਾ ਸਭ ਤੋਂ ਵੱਧ ਸਬਸਕ੍ਰਾਈਬਸ ਵਾਲਾ ਆਜ਼ਾਦ ਕਲਾਕਾਰ ਦਾ ਚੈਨਲ ਬਣ ਗਿਆ ਹੈ। ਸਿੱਧੂ ਮੂਸੇ ਵਾਲਾ ਨੇ ਇਸ ਮਾਮਲੇ ’ਚ ਰੈਪਰ ਐਮੀਵੇਅ ਬੰਟਾਈ ਨੂੰ ਪਛਾੜ ਦਿੱਤਾ ਹੈ। ਖ਼ਬਰ ਲਿਖੇ ਜਾਣ ਤਕ ਯੂਟਿਊਬ ’ਤੇ ਸਿੱਧੂ ਮੂਸੇ ਵਾਲਾ ਦੇ 1 ਕਰੋੜ 88 ਲੱਖ 31 ਹਜ਼ਾਰ ਸਬਸਕ੍ਰਾਈਬਰਸ ਸਨ, ਉਥੇ ਐਮੀਵੇਅ ਬੰਟਾਈ ਦੇ 1 ਕਰੋੜ 88 ਲੱਖ 24 ਹਜ਼ਾਰ ਸਬਸਕ੍ਰਾਈਬਰਸ ਹਨ। ਸਿੱਧੂ ਮੂਸੇ ਵਾਲਾ ਦੇ ਚੈਨਲ ’ਤੇ ਹੁਣ ਤਕ 112 ਵੀਡੀਓਜ਼ ਅਪਲੋਡ ਹੋਈਆਂ ਹਨ, ਉਥੇ ਐਮੀਵੇਅ ਬੰਟਾਈ ਦੇ ਚੈਨਲ ’ਤੇ 216 ਵੀਡੀਓਜ਼ ਅਪਲੋਡ ਹੋ ਚੁੱਕੀਆਂ ਹਨ। ਦੱਸ ਦੇਈਏ ਕਿ ਸਿੱਧੂ ਮੂਸੇ ਵਾਲਾ ਦੇ ਯੂਟਿਊਬ ਚੈਨਲ ਦੇ ਕੁਲ ਵਿਊਜ਼ 5 ਅਰਬ ਤੋਂ ਵੀ ਵੱਧ ਹਨ। ਉਥੇ ਐਮੀਵੇਅ ਬੰਟਾਈ ਦੇ ਵਿਊਜ਼ 3 ਅਰਬ ਤੋਂ ਵੱਧ ਹਨ।



# ਕੈਨੇਡਾ ‘ਚ ਇਸਲਾਮੋਫੋਬੀਆ ਦੇ ਖਾਤਮੇ ਲਈ ਸਲਾਹਕਾਰ ਨਿਯੁਕਤ

**ਮਾਂਟਰੀਅਲ–** ਜਸਟਿਨ ਟਰੂਡੋ ਦੀ ਸਰਕਾਰ ਨੇ ਇਸਲਾਮੋਫੋਬੀਆ ਦਾ ਮੁਕਾਬਲਾ ਕਰਨ ਲਈ ਆਪਣਾ ਪਹਿਲਾ ਵਿਸ਼ੇਸ਼ ਪ੍ਰਤੀਨਿਧੀ ਨਿਯੁਕਤ ਕੀਤਾ ਹੈ, ਜੋ ਦੇਸ਼ ਵਿਚ ਮੁਸਲਮਾਨਾਂ ‘ਤੇ ਹਾਲ ਹੀ ਵਿੱਚ ਹੋਏ ਹਮਲਿਆਂ ਦੀ ਲੜੀ ਤੋਂ ਬਾਅਦ ਇੱਕ ਸਲਾਹਕਾਰ ਵਜੋਂ ਕੰਮ ਕਰੇਗਾ। ਇਸ ਨਿਯੁਕਤੀ ਸਬੰਧੀ ਟਰੂਡੋ ਨੇ ਟਵੀਟ ਕਰ ਕੇ ਜਾਣਕਾਰੀ ਦਿੱਤੀ। ਇਸਲਾਮੋਫੋਬੀਆ, ਪ੍ਰਣਾਲੀਗਤ ਨਸਲਵਾਦ, ਨਸਲੀ ਵਿਤਕਰੇ ਅਤੇ ਧਾਰਮਿਕ ਅਸਹਿਣਸ਼ੀਲਤਾ ਵਿਰੁੱਧ ਲੜਾਈ ਦਾ ਸਮਰਥਨ ਕਰਨ ਲਈ ਸਰਕਾਰ ਦੁਆਰਾ ਵਿਸ਼ੇਸ਼ ਪ੍ਰਤੀਨਿਧੀ ਅਮੀਰਾ ਅਲਘਵੇਬੀ ਨੂੰ ਇੱਕ ਸਲਾਹਕਾਰ ਅਤੇ ਮਾਹਰ ਵਜੋਂ ਨਿਯੁਕਤ ਕੀਤਾ ਗਿਆ ਹੈ।

**ਕੈਨੇਡਾ ‘ਚ ਮੁਸਲਮਾਨਾਂ ‘ਤੇ ਵਧੇ ਹਮਲੇ**

ਪਿਛਲੇ ਕੁਝ ਸਾਲਾਂ ਵਿੱਚ ਕੈਨੇਡਾ ਵਿੱਚ ਮੁਸਲਿਮ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਕਈ ਜਾਨਲੇਵਾ ਹਮਲੇ ਹੋਏ ਹਨ। ਜੂਨ 2021 ਵਿੱਚ ਇੱਕ ਮੁਸਲਿਮ ਪਰਿਵਾਰ ਦੇ ਚਾਰ ਮੈਂਬਰਾਂ ਦੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ। ਹਮਲਾਵਰ ਨੇ ਓਂਟਾਰੀਓ ‘ਚ ਪੂਰੇ ਪਰਿਵਾਰ ਨੂੰ ਟਰੱਕ ਨਾਲ ਕੁਚਲ ਦਿੱਤਾ ਸੀ। ਇਸ ਤੋਂ ਇਲਾਵਾ ਚਾਰ ਸਾਲ ਪਹਿਲਾਂ ਕਿਊਬਿਕ ਸ਼ਹਿਰ ਦੀ ਇਕ ਮਸਜਿਦ ‘ਤੇ ਹੋਏ ਹਮਲੇ ‘ਚ ਛੇ ਮੁਸਲਮਾਨ



ਮਾਰੇ ਗਏ ਸਨ ਅਤੇ ਪੰਜ ਜ਼ਖ਼ਮੀ ਹੋ ਗਏ ਸਨ।

**ਜਾਣੋ ਅਮੀਰਾ ਅਲਘਵੇਬੀ ਬਾਰੇ**

ਵਿਸ਼ੇਸ਼ ਪ੍ਰਤੀਨਿਧੀ ਵਜੋਂ ਨਿਯੁਕਤ ਕੀਤੀ ਗਈ ਅਮੀਰਾ ਅਲਘਵੇਬੀ ਇੱਕ ਪੱਤਰਕਾਰ ਅਤੇ ਕਾਰਕੁਨ ਹੈ। ਇੱਕ ਸਰਗਰਮ ਮਨੁੱਖੀ ਅਧਿਕਾਰਾਂ ਦੀ ਪ੍ਰਚਾਰਕ, ਅਮੀਰਾ ਅਲਘਵੇਬੀ ਕੈਨੇਡੀਅਨ ਰੇਸ ਰਿਲੇਸ਼ਨਜ਼ ਫਾਊਂਡੇਸ਼ਨ ਲਈ ਸੰਚਾਰ ਦੀ ਮੁਖੀ ਅਤੇ ਟੋਰਾਂਟੋ ਸਟਾਰ ਅਖ਼ਬਾਰ ਲਈ ਇੱਕ ਕਾਲਮਨਵੀਸ ਹੈ। ਅਮੀਰਾ ਨੇ ਇਸ ਤੋਂ ਪਹਿਲਾਂ ਇੱਕ ਦਹਾਕੇ ਤੋਂ ਵੱਧ ਸਮੇਂ ਲਈ ਪ੍ਰਸਾਰਕ ਸੀਬੀਸੀ ਵਿੱਚ ਕੰਮ ਕੀਤਾ ਸੀ।

**ਅਲਘਵੇਬੀ ਨੇ ਕਹੀ ਇਹ ਗੱਲ**

ਅਲਘਵੇਬੀ ਨੇ ਆਪਣੀ ਨਿਯੁਕਤੀ ਤੋਂ ਬਾਅਦ ਕਈ ਟਵੀਟ ਕੀਤੇ। ਉਸਨੇ ਹਾਲੀਆ ਹਮਲਿਆਂ ਵਿੱਚ ਮਾਰੇ ਗਏ ਲੋਕਾਂ ਦੇ ਨਾਵਾਂ ਦੀ ਸੂਚੀ ਦਿੰਦੇ ਹੋਏ ਕਿਹਾ ਕਿ “ਸਾਨੂੰ ਕਦੇ ਨਹੀਂ ਭੁੱਲਣਾ ਚਾਹੀਦਾ,”। ਇਸ ਟਵੀਟ ਰਾਹੀਂ ਉਨ੍ਹਾਂ ਨੇ ਲੋਕਾਂ ਨੂੰ ਸੁਚੇਤ ਰਹਿਣ ਦੀ ਹਦਾਇਤ ਕੀਤੀ ਅਤੇ ਨਫ਼ਰਤ ਨੂੰ ਭੁੱਲਣ ਦੀ ਗੱਲ ਕਹੀ। ਦੱਸ ਦਈਏ ਕਿ ਜੂਨ 2021 ਵਿੱਚ ਹੋਏ ਹਮਲਿਆਂ ਦੇ ਜਵਾਬ ਵਿੱਚ ਸੰਘੀ ਸਰਕਾਰ ਦੁਆਰਾ ਆਯੋਜਿਤ ਇਸਲਾਮੋਫੋਬੀਆ ‘ਤੇ ਇੱਕ ਰਾਸ਼ਟਰੀ ਸੰਮੇਲਨ ਵਿੱਚ ਪੋਸਟ ਦੀ ਸਿਫਾਰਸ਼ ਕੀਤੀ ਗਈ ਸੀ।

# ਬਜਟ 'ਚ ਆਮ ਆਦਮੀ ਲਈ ਖਾਸ ਸੌਗਾਤ, 7 ਲੱਖ ਤੱਕ ਦੀ ਆਮਦਨ ’ਤੇ ਕੋਈ ਟੈਕਸ ਨਹੀਂ

**ਨਵੀਂ ਦਿੱਲੀ (ਬਿਊਰੋ)–** ਭਾਰਤ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਅੱਜ ਆਪਣਾ ਪੰਜਵਾਂ ਬਜਟ ਪੇਸ਼ ਕੀਤਾ। ਬਜਟ 'ਚ ਵੱਖ-ਵੱਖ ਸੈਕਟਰਾਂ ਨੂੰ ਲੈ ਕੇ ਕਈ ਐਲਾਨ ਕੀਤੇ ਗਏ ਹਨ ਪਰ ਕਿਹੜੀਆਂ ਚੀਜ਼ਾਂ 'ਤੇ ਆਮ ਆਦਮੀ ਨੂੰ ਰਾਹਤ ਮਿਲੀ ਅਤੇ ਕਿਹੜੀਆਂ ਚੀਜ਼ਾਂ ਮਹਿੰਗੀਆਂ ਹੋ ਗਈਆਂ। ਇਸ ਬਜਟ ਵਿੱਚ 7 ਲੱਖ ਰੁਪਏ ਤੱਕ ਟੈਕਸ ਦੀ ਕੋਈ ਵਿਵਸਥਾ ਨਹੀਂ ਹੈ। ਨਾਲ ਹੀ, ਵਿੱਤ ਮੰਤਰੀ ਨੇ ਨਵੀਂ ਵਿਵਸਥਾ ਵਿੱਚ 215 ਲੱਖ ਰੁਪਏ ਦੀ ਛੋਟ ਦੀ ਹੱਦ ਵਧਾ ਕੇ 3 ਲੱਖ ਰੁਪਏ ਕਰ ਦਿੱਤੀ ਹੈ। ਯਾਨੀ ਜਿਨ੍ਹਾਂ ਦੀ ਆਮਦਨ 3 ਲੱਖ ਰੁਪਏ ਤੱਕ ਹੈ, ਉਨ੍ਹਾਂ ਨੂੰ ਕੁਝ ਟੈਕਸ ਦੇਣਾ ਹੋਵੇਗਾ।



**ਕੀ ਹੋਇਆ ਸਸਤਾ**

* ਬਜਟ 'ਚ ਖਿਡੌਣਿਆਂ 'ਤੇ ਕਸਟਮ ਡਿਊਟੀ ਘਟਾ ਕੇ 13 ਫੀਸਦ ਕਰ ਦਿੱਤੀ ਗਈ ਹੈ। ਇਸ ਨਾਲ ਖਿਡੌਣਿਆਂ ਦੀ ਕੀਮਤ 'ਚ ਕਮੀ ਆਵੇਗੀ।
* ਇਲੈਕਟ੍ਰਾਨਿਕ ਵਾਹਨਾਂ 'ਚ ਵਰਤੀਆਂ ਜਾਣ ਵਾਲੀਆਂ ਬੈਟਰੀਆਂ 'ਤੇ ਕਸਟਮ ਡਿਊਟੀ ਮਾਫ਼ ਕਰ ਦਿੱਤੀ ਗਈ ਹੈ। ਇਸ ਤੋਂ ਬਾਅਦ ਇਲੈਕਟ੍ਰਾਨਿਕ ਵਾਹਨ ਸਸਤੇ ਹੋ ਜਾਣਗੇ।
* ਮੋਬਾਈਲ ਫੋਨਾਂ 'ਚ ਵਰਤੀਆਂ ਜਾਣ ਵਾਲੀਆਂ ਲਿਥੀਅਮ ਬੈਟਰੀਆਂ 'ਤੇ ਕਸਟਮ ਡਿਊਟੀ ਵੀ ਘਟਾ ਦਿੱਤੀ ਗਈ ਹੈ।
* ਟੈਲੀਵਿਜ਼ਨ ਪੈਨਲਾਂ 'ਤੇ ਦਰਾਮਦ ਡਿਊਟੀ ਘਟਾ ਕੇ 215 ਫੀਸਦੀ ਕਰ ਦਿੱਤੀ ਗਈ ਹੈ।

(ਬਾਕੀ ਸਫਾ 11 ‘ਤੇ)

# ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਯੂਐਨਓ ਤੇ ਇੰਟਰਨੈਸ਼ਨਲ ਕੋਰਟ ਆਫ ਜਸਟਿਸ ਤਕ ਲਿਜਾਏਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ–** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲੰਮੇ ਸਮੇਂ ਤੋਂ ਦੇਸ਼ ਦੀਆਂ ਜੇਲ੍ਹਾਂ ਵਿਚ 9 ਬੰਦੀ ਸਿੰਘਾਂ ਨੂੰ ਸਨਮਾਨ ਭੱਤੇ ਵਜੋਂ ਹਰ ਮਹੀਨੇ 20-20 ਹਜ਼ਾਰ ਰੁਪਏ ਦੇਣ ਦਾ ਫੈਸਲਾ ਕੀਤਾ ਹੈ। ਇਸ ਦੇ ਨਾਲ ਹੀ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਸਬੰਧੀ ਯੂਐਨਓ ਅਤੇ ਇੰਟਰਨੈਸ਼ਨਲ ਕੋਰਟ ਆਫ ਜਸਟਿਸ ਤਕ ਵੀ ਪਹੁੰਚ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਤਿੰਨ-ਤਿੰਨ ਦਹਾਕਿਆਂ ਤੋਂ ਜੇਲ੍ਹਾਂ ਵਿਚ ਬੰਦ ਸਿੱਖਾਂ ਪ੍ਰਤੀ ਸਰਕਾਰਾਂ ਦਾ ਅਨਿਆਂ ਮਨੁੱਖੀ ਅਧਿਕਾਰਾਂ ਦਾ ਵੱਡਾ ਉਲੰਘਣ ਹੈ, ਜਿਸ ਨੂੰ ਲੈ ਕੇ ਅੰਤਰਰਾਸ਼ਟਰੀ ਮੰਚਾਂ ’ਤੇ ਅਵਾਜ਼ ਉਠਾਈ ਜਾਵੇਗੀ। ਉਨ੍ਹਾਂ ਕਿਹਾ ਕਿ ਅੰਤ੍ਰਿੰਗ ਕਮੇਟੀ ਨੇ



ਲੰਮੀਆਂ ਸਜ਼ਾਵਾਂ ਵਾਲੇ 9 ਸਿੱਖ ਬੰਦੀਆਂ ਨੂੰ 20-20 ਹਜ਼ਾਰ ਰੁਪਏ ਮਹੀਨਾਵਾਰ ਸਨਮਾਨ ਭੱਤਾ ਦੇਣ ਅਤੇ ਲੋੜ ਅਨੁਸਾਰ ਕਾਨੂੰਨੀ ਮੱਦਦ ਦਾ ਫੈਸਲਾ ਕੀਤਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਸਬੰਧ ਵਿਚ ਕਾਨੂੰਨੀ ਲੋੜਾਂ ਲਈ ਸੀਨੀਅਰ ਐਡਵੋਕੇਟ ਪੂਰਨ ਸਿੰਘ ਹੁੰਦਲ, ਪਰਮਜੀਤ ਸਿੰਘ ਥਿਆੜਾ, ਬਲਤੇਜ ਸਿੰਘ ਢਿੱਲੋਂ, ਭਗਵੰਤ ਸਿੰਘ ਸਿਆਲਕਾ, ਅਮਰਜੀਤ ਸਿੰਘ ਧਾਰਨੀ ਅਤੇ ਅਰਸ਼ਦੀਪ ਸਿੰਘ ਕਲੇਰ ’ਤੇ ਅਧਾਰਿਤ ਕਾਨੂੰਨੀ ਸਲਾਹਕਾਰ ਬੋਰਡ ਦਾ ਗਠਨ ਕੀਤਾ ਗਿਆ ਹੈ, ਜੋ ਬੰਦੀ ਸਿੰਘਾਂ ਦੇ ਪਰਿਵਾਰਾਂ ਦੀ ਕਾਨੂੰਨੀ ਮੱਦਦ ਲਈ ਕਾਰਜਸ਼ੀਲ ਰਹੇਗਾ।

# ਜਰਮਨੀ ਬੈਲਜੀਅਮ ਨੂੰ 5-4 ਨਾਲ ਹਰਾਕੇ ਬਣਿਆ ਵਿਸ਼ਵ ਚੈਂਪੀਅਨ



**ਭੁਬਨੇਸ਼ਵਰ–** ਹਾਕੀ ਵਿਸ਼ਵ ਕੱਪ ਦੇ ਫਾਈਨਲ ਵਿਚ ਅੱਜ ਜਰਮਨੀ ਨੇ ‘ਸਡਨ ਡੈਥ ਸ਼ੂਟ-ਆਊਟ’ ਵਿਚ ਬੈਲਜੀਅਮ ਨੂੰ 5-4 ਨਾਲ ਹਰਾ ਕੇ ਵਿਸ਼ਵ ਕੱਪ ’ਤੇ ਕਬਜ਼ਾ ਕਰ ਲਿਆ। ਇਸ ਤੋਂ ਪਹਿਲਾਂ ਨਿਯਮਿਤ ਸਮੇਂ ਤੱਕ ਦੋਵੇਂ ਟੀਮਾਂ 3-3 ਦੀ ਬਰਾਬਰੀ ਉਤੇ ਸਨ। ਜਰਮਨੀ ਨੇ ਤੀਜੀ ਵਾਰ ਵਿਸ਼ਵ ਕੱਪ ਖ਼ਿਤਾਬ ਜਿੱਤਿਆ ਹੈ। ਜਰਮਨੀ ਮੈਚ ਵਿਚ ਪਹਿਲਾਂ 2-0 ਨਾਲ ਪੱਛੜਿਆ ਹੋਇਆ ਸੀ ਪਰ ਮਗਰੋਂ ਉਸ ਨੇ ਜ਼ਬਰਦਸਤ ਵਾਪਸੀ ਕਰਦਿਆਂ 3-2 ਦੀ ਲੀਡ ਬਣਾ ਲਈ। ਇਸ ਤੋਂ ਪਹਿਲਾਂ ਕਪਤਾਨ ਥਿਏਰੀ ਬ੍ਰਿੰਕਮੈਨ ਦੇ ਦੋ ਗੋਲਾਂ ਦੀ ਮਦਦ ਨਾਲ ਨੈਦਰਲੈਂਡਜ਼ ਨੇ ਆਸਟਰੇਲੀਆ ਨੂੰ 3-1 ਨਾਲ ਹਰਾ ਕੇ ਕਾਂਸੇ ਦਾ ਤਗ਼ਮਾ ਜਿੱਤਿਆ।

# ਸ਼ਰਾਬ ਪੀਣ ’ਤੇ ਕੈਨੇਡਾ ਸਰਕਾਰ ਨੇ ਲਾਈਆਂ ਸ਼ਰਤਾਂ !

**ਟਰਾਂਟੋ–** ਕੈਨੇਡਾ ਵਿੱਚ ਸ਼ਰਾਬ ਪੀਣ ਵਾਲਿਆਂ ਨੂੰ ਝਟਕਾ ਲੱਗ ਸਕਦਾ ਹੈ। ਰੋਜਾਨਾ ਜਾਮ ’ਤੇ ਪਾਬੰਦੀ ਲਗਾਈ ਜਾ ਸਕਦੀ ਹੈ। ਦਰਅਸਲ, ਸ਼ਰਾਬ ਦੇ ਨਵੇਂ ਦਿਸ਼ਾ-ਨਿਰਦੇਸ਼ਾਂ ਦੀ ਸਿਫ਼ਾਰਸ਼ ਕੀਤੀ ਗਈ ਹੈ, ਜਿਸ ਵਿੱਚ ਹਫ਼ਤੇ ਵਿੱਚ ਸਿਰਫ਼ 2 ਵਾਰ ਹੀ ਸ਼ਰਾਬ ਦਾ ਸੇਵਨ ਕਰਨ ਲਈ ਕਿਹਾ ਗਿਆ ਹੈ। ਇਸ ਸਿਫ਼ਾਰਿਸ਼ ਨੇ ਇੱਕ ਨਵੀਂ ਬਹਿਸ ਨੂੰ ਜਨਮ ਦਿੱਤਾ ਹੈ। ਕਿਹਾ ਜਾਂਦਾ ਹੈ ਕਿ ਕੈਨੇਡਾ ਵਿਚ ਜ਼ਿਆਦਾਤਰ ਲੋਕ ਸ਼ਰਾਬ ਦਾ ਸੇਵਨ ਨਿਯਮਿਤ ਤੌਰ ‘ਤੇ ਕਰਦੇ ਹਨ। ਕੈਨੇਡੀਅਨ ਸੈਂਟਰ ਆਨ ਸਬਸਟੈਂਸ ਯੂਜ਼ ਐਂਡ ਐਡਿਕਸ਼ਨ (ਸੀਸੀਐਸਏ) ਨੇ ਇਸ ਹਫ਼ਤੇ ਸ਼ਰਾਬ ਦੀ ਖਪਤ ਵਿੱਚ ਭਾਰੀ ਕਮੀ ਦੀ ਅਪੀਲ ਕੀਤੀ ਹੈ। ਉਸਨੇ ਚੇਤਾਵਨੀ ਦਿੱਤੀ ਕਿ ਮਾਡਰੇਟ ਸ਼ਰਾਬ ਪੀਣ ਨਾਲ ਕੈਂਸਰ, ਦਿਲ ਦੀ ਬਿਮਾਰੀ ਤੇ ਸਟ੍ਰੋਕ ਸਮੇਤ ਕਈ ਗੰਭੀਰ ਸਿਹਤ ਖਤਰੇ ਪੈਦਾ ਹੁੰਦੇ ਹਨ। ਹੈਲਥ ਕੈਨੇਡਾ ਦੇ ਨਵੇਂ ਦਿਸ਼ਾ-ਨਿਰਦੇਸ਼ 2011 ਵਿੱਚ ਜਾਰੀ ਕੀਤੀਆਂ ਸਿਫ਼ਾਰਸ਼ਾਂ ਤੋਂ ਇੱਕ ਵੱਡੀ ਤਬਦੀਲੀ ਹੈ। ਪਿਛਲੀਆਂ ਸਿਫ਼ਾਰਸ਼ਾਂ ਵਿੱਚ ਕਿਹਾ ਗਿਆ ਸੀ ਕਿ ਔਰਤਾਂ ਇੱਕ ਹਫ਼ਤੇ ਵਿੱਚ 10 ਅਤੇ ਪੁਰਸ਼ ਹਫ਼ਤੇ ਵਿੱਚ 15 ਡ੍ਰਿੰਕ ਪੀ ਸਕਦੇ ਹਨ।

ਸਸਕੈਚਵਨ ਯੂਨੀਵਰਸਿਟੀ ਦੇ ਫੈਮਿਲੀ ਮੈਡੀਸਨ ਦੇ ਪ੍ਰੋਫੈਸਰ ਪੀਟਰ ਬੱਟ, ਜਿਸ ਨੇ ਇਹ



ਦਿਸ਼ਾ-ਨਿਰਦੇਸ਼ ਤਿਆਰ ਕੀਤੇ ਹਨ, ਨੇ ਕਿਹਾ, “ਅਸੀਂ ਸਿਰਫ ਕੈਨੇਡੀਅਨ ਲੋਕਾਂ ਦੇ ਸਾਹਮਣੇ ਸਬੂਤ ਪੇਸ਼ ਕਰਨਾ ਚਾਹੁੰਦੇ ਸੀ, ਤਾਂ ਜੋ ਉਹ ਆਪਣੇ ਸ਼ਰਾਬ ਪੀਣ ਬਾਰੇ ਵਿਚਾਰ ਕਰ ਸਕਣ ਅਤੇ ਫੈਸਲੇ ਲੈ ਸਕਣ। ਇਹ ਅਸਲ ਵਿੱਚ ਜਾਣਨ ਦੇ ਅਧਿਕਾਰ ’ਤੇ ਅਧਾਰਿਤ ਹੈ।” ਸਟੈਂਡਰਡ ਡਰਿੰਕਸ ਦੀ ਗੱਲ ਕਰੀਏ ਤਾਂ, 355ਮਲ ਬੀਅਰ ਵਿੱਚ 5% ਅਲਕੋਹਲ ਹੋਣੀ ਚਾਹੀਦੀ ਹੈ, ਜਦੋਂ ਕਿ 148ਮਲ ਵਾਈਨ ਵਿੱਚ 12% ਅਲਕੋਹਲ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਇੱਕ ਸ਼ਾਟ ਗਲਾਸ ਵਿੱਚ 40% ਸਪਿਰਟ ਹੋਣੀ ਚਾਹੀਦੀ ਹੈ। ਸੀਸੀਐਸਏ ਨੇ ਇਹ ਜਾਣਕਾਰੀ ਦਿੱਤੀ ਹੈ।

ਕੈਨੇਡੀਅਨ ਮਾਹਿਰਾਂ ਦਾ ਕਹਿਣਾ ਹੈ ਕਿ ਨਵੀਂ ਖੋਜ ਸੁਝਾਅ ਦਿੰਦੀ ਹੈ ਕਿ ਹਫ਼ਤੇ ਵਿਚ 3 ਤੋਂ 6 ਡ੍ਰਿੰਕ ਮਰਦਾਂ ਅਤੇ ਔਰਤਾਂ ਲਈ ਮੱਧਮ ਜੋਖਮ ਸਮਝੇ ਜਾਣੇ ਚਾਹੀਦੇ ਹਨ। ਹਾਲਾਂਕਿ, ਹਫ਼ਤੇ ਵਿੱਚ 7 ਜਾਂ ਇਸ ਤੋਂ ਵੱਧ ਪੀਣ ਨੂੰ ਉੱਚ ਜੋਖਮ ਮੰਨਿਆ ਜਾਂਦਾ ਹੈ। ਸੀਸੀਐਸਏ ਨੇ ਰਿਪੋਰਟ ਦਿੱਤੀ ਹੈ ਕਿ ਅਲਕੋਹਲ ਦੀ ਭਾਰੀ ਖਪਤ ਕੋਲਨ ਤੇ ਛਾਤੀ ਦੇ ਕੈਂਸਰ ਦੇ ਨਾਲ-ਨਾਲ ਦਿਲ ਦੀ ਬਿਮਾਰੀ ਅਤੇ ਸਟ੍ਰੋਕ ਦੇ ਜੋਖਮ ਨੂੰ ਵਧਾਉਂਦੀ ਹੈ। ਇਸ ਤੋਂ ਇਲਾਵਾ ਸ਼ਰਾਬ ਪੀਣ ਦੇ ਮਾੜੇ ਨਤੀਜਿਆਂ ਦੇ ਰੂਪ ਵਿੱਚ ਹਿੰਸਾ ਵੀ ਵਧਦੀ ਹੈ। ਬੱਟ ਨੇ ਕਿਹਾ, “ਇਹ (ਗਾਈਡਲਾਈਨ) ਮਨਾਹੀ ਬਾਰੇ ਨਹੀਂ ਹੈ। ਇਹ ਸਿਰਫ਼ ਇੱਕ ਪੀਣ ਦੀ ਮਾਤਰਾ ਨੂੰ ਘਟਾਉਣ ਬਾਰੇ ਹੈ।”

# ਆਮ ਆਦਮੀ ਕਲੀਨਿਕ ਨੇ ਪੰਜਾਬ ਦੀ ਸਿਆਸਤ ਮਘਾਈ

**ਜਲੰਧਰ (ਜੇ ਸਿੰਘ 'ਭੜਿਆਰ')**– ਆਮ ਆਦਮੀ ਪਾਰਟੀ ਵੱਲੋਂ ਪੰਜਾਬ ਵਿਧਾਨ ਸਭਾ 2022 ਚੋਣਾਂ ਤੋਂ ਪਹਿਲਾਂ ਹੀ ਇਹ ਕਿਹਾ ਗਿਆ ਸੀ ਕਿ ਪੰਜਾਬ ਵਿੱਚ ਦਿੱਲੀ ਦੀ ਤਰ੍ਹਾਂ ਮੁਹੱਲਾ ਕਲੀਨਿਕ ਬਣਾਏ ਜਾਣਗੇ। ਇਨ੍ਹਾਂ ਕਲੀਨਿਕਾਂ ਦੇ ਵਿਚ ਸ਼ਹਿਰ ਵਾਸੀਆਂ ਦੇ ਮੁਫ਼ਤ ਟੈਸਟ ਕੀਤੇ ਜਾਣਗੇ। ਮੁੱਖ ਮੰਤਰੀ ਦੇ ਇਸ ਬਿਆਨ 'ਤੇ ਵਿਰੋਧੀ ਧਿਰਾਂ ਨੇ ਵੀ ਕਾਫੀ ਸਵਾਲ ਚੁੱਕੇ ਸਨ।

ਪੰਜਾਬ ਸਰਕਾਰ ਵੱਲੋਂ 27 ਜਨਵਰੀ ਦੇ ਦਿਨ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਹਾਜ਼ਰੀ ਵਿੱਚ 400 ਆਮ ਆਦਮੀ ਕਲੀਨਿਕ ਲੋਕਾਂ ਨੂੰ ਸਮਰਪਿਤ ਕੀਤੇ ਗਏ। ਪੰਜਾਬ ਦੇ ਵਾਸੀ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸ਼ੁਰੂ ਕੀਤੀਆਂ ਮੁਫ਼ਤ ਗੁਣਾਤਮਕ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨ ਲਈ ਸਿਹਤ ਸਕੀਮਾਂ ਦਾ ਲਾਭ ਉਠਾ ਰਹੀ ਹੈ। ਉਨ੍ਹਾਂ ਦੱਸਿਆ ਕਿ ਹਰੇਕ ਜ਼ਿਲ੍ਹੇ ਦੇ ਆਮ ਲੋਕ ਆਪਣੀ ਸਿਹਤ ਦੇ ਇਲਾਜ ਲਈ ਆਮ ਆਦਮੀ ਕਲੀਨਿਕਾਂ ਤੱਕ ਆਸਾਨੀ ਨਾਲ ਪਹੁੰਚ ਕੇ ਇਨ੍ਹਾਂ ਦੀ ਵਰਤੋਂ ਕਰ ਰਹੇ ਹਨ।




**ਕੀ ਕੀ ਲਾਭ ਮਿਲਣਗੇ**

ਆਮ ਆਦਮੀ ਕਲੀਨਿਕ ਵਿੱਚ ਮਰੀਜ਼ਾਂ ਦਾ ਇਲਾਜ ਕਰਨ ਅਤੇ ਬਿਮਾਰੀਆਂ ਦੀ ਜਾਂਚ ਕਰਨ ਲਈ ਐਮ ਬੀ ਬੀ ਐਸ ਡਾਕਟਰ, ਫਾਰਮਾਸਿਸਟ ਸਮੇਤ ਸਟਾਫ ਮੈਂਬਰ ਤਾਇਨਾਤ ਹੋਣਗੇ। ਇਨ੍ਹਾਂ ਕਲੀਨਿਕਾਂ ਵਿੱਚ ਲੋਕਾਂ ਨੂੰ ਲਗਭਗ 100 ਤਰ੍ਹਾਂ ਦੇ ਕਲੀਨੀਕਲ ਟੈਸਟਾਂ ਵਾਲੇ 41 ਪੈਕੇਜ ਮੁਫ਼ਤ ਦਿੱਤੇ ਜਾਣਗੇ। ਇਨ੍ਹਾਂ ਕਲੀਨਿਕਾਂ ਦੁਆਰਾ ਵੱਡੀ ਗਿਣਤੀ ਵਿਚ ਮਰੀਜ਼ਾਂ ਦਾ ਇਲਾਜ ਹੋਵੇਗਾ, ਜਿਸ ਨਾਲ ਸਰਕਾਰੀ ਹਸਪਤਾਲਾਂ 'ਤੇ ਬੋਝ ਘਟੇਗਾ। ਇਨ੍ਹਾਂ ਕਲੀਨਿਕਾਂ ਰਾਹੀਂ ਵਿਸ਼ੇਸ਼ ਦੇਖਭਾਲ ਲਈ ਰੈਫਰਲ ਅਤੇ ਬਾਅਦ ਵਿੱਚ ਫਾਲੋ-ਅੱਪ ਵੀ ਕੀਤਾ ਜਾਵੇਗਾ।

**ਸਿਆਸਤਦਾਨਾਂ ਵਲੋਂ ਵਿਰੋਧ**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ "ਮੁੱਢਲੇ ਸਿਹਤ ਕੇਂਦਰਾਂ ਨੂੰ ਨਵਾਂ ਰੰਗ ਕਰਕੇ, ਹਰ ਇੱਕ ਤੇ ਕਰੀਬ 20-26 ਲੱਖ ਖਰਚ ਕੇ, ਉਨ੍ਹਾਂ ਦਾ ਨਾਮ ਆਮ ਆਦਮੀ ਕਲੀਨਿਕ ਰੱਖ ਆਪਣੀ ਤਸਵੀਰ ਲਗਾਕੇ ਤੁਸੀਂ ਕਿਸੇ ਨੂੰ ਬੇਵਕੂਫ ਨਹੀਂ ਬਣਾ ਸਕਦੇ। ਅਜਿਹੀਆਂ ਚਾਲਬਾਜ਼ੀਆਂ ਨਾਲ ਤੁਸੀਂ ਪੰਜਾਬ ਦੇ ਸਿਹਤ ਢਾਂਚੇ ਨੂੰ ਵਿਗਾੜ ਰਹੇ ਹੋ।"

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੰਜਾਬ ਵਿੱਚ ਆਮ ਆਦਮੀ ਕਲੀਨਿਕ ਖੋਲ੍ਹਣ ਨੂੰ ਮਹਿਜ਼ ਪਬਲੀਸਿਟੀ ਸਟੰਟ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਨਵੀਂ ਬੋਤਲਾਂ ਵਿੱਚ ਪੁਰਾਣੀ ਸ਼ਰਾਬ ਵਾਂਗ ਹੈ, ਕਿਉਂਕਿ ਸਰਕਾਰ ਪਹਿਲਾਂ ਤੋਂ ਉਪਲਬਧ ਸਿਹਤ ਸਹੂਲਤਾਂ ਦਾ ਨਾਮ ਬਦਲ ਰਹੀ ਹੈ। ਇਸ ਤੋਂ ਇਲਾਵਾ ਸੂਬਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਇਹ ਕਲੀਨਿਕ ਹੈਲਥ ਕਲੀਨਿਕਾਂ ਨਾਲੋਂ ਆਮ ਆਦਮੀ ਪਾਰਟੀ ਦੇ ਦਫ਼ਤਰ ਅਤੇ ਐਕਸਟੈਂਸ਼ਨ ਕਾਊਂਟਰ ਵੱਧ ਜਾਪਦੇ ਹਨ।

ਭਾਜਪਾ ਦੇ ਕੌਮੀ ਬੁਲਾਰੇ ਸੰਬਿਤ ਪਾਤਰਾ ਨੇ ਕਿਹਾ ਕਿ "ਜੇ ਲੋਕਾਂ ਦੇ ਪੈਸੇ ਬਰਬਾਦ ਕਰਨਾ ਇੱਕ ਕਲਾ ਹੈ ਤਾਂ ਆਮ ਆਦਮੀ ਪਾਰਟੀ ਅਜਿਹੀ ਕਲਾ ਦੀ ਮੋਢੀ ਹੈ।

## ਮਾਨ ਸਰਕਾਰ ਸਿੱਖ ਕੌਮ ਦੀਆਂ ਯਾਦਗਾਰਾਂ ਦੀ ਕਰ ਰਹੀ ਤੌਹੀਨ-ਧਾਮੀ

**ਅੰਮ੍ਰਿਤਸਰ**–ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਖਾਲਸਾ ਸਾਜਣਾ ਦਿਵਸ ਦੇ 300 ਸਾਲਾ ਮੌਕੇ ਅਕਾਲੀ ਸਰਕਾਰ ਵੱਲੋਂ ਅੰਮ੍ਰਿਤਸਰ ਵਿਚ ਪੰਜ ਪਿਆਰਿਆਂ ਦੇ ਨਾਂ 'ਤੇ ਪੰਜ ਸਿਹਤ ਕੇਂਦਰ ਸਥਾਪਤ ਕੀਤੇ ਗਏ ਸਨ, ਜਿਨ੍ਹਾਂ ਨੂੰ ਆਮ ਆਦਮੀ ਕਲੀਨਿਕ ਵਜੋਂ ਬਦਲ ਕੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਸਿੱਖ ਕੌਮ ਦੀਆਂ ਯਾਦਗਾਰਾਂ ਦੀ ਤੌਹੀਨ ਕੀਤੀ ਹੈ।

ਉਨ੍ਹਾਂ ਕਿਹਾ ਕਿ ਇਨ੍ਹਾਂ ਪੰਜ ਪਿਆਰਿਆਂ ਦੇ ਨਾਂ ਵਾਲੇ ਸਿਹਤ ਕੇਂਦਰਾਂ ਨੂੰ ਭਗਵੰਤ ਮਾਨ ਵੱਲੋਂ ਆਪਣੀ ਤਸਵੀਰ ਵਾਲੇ ਬੋਰਡ ਲਗਾ ਕੇ ਆਮ ਆਦਮੀ ਕਲੀਨਿਕ ਘੋਸ਼ਿਤ ਕੀਤਾ ਗਿਆ ਹੈ, ਜਿਸ ਨੇ ਸਿੱਖ ਭਾਵਨਾਵਾਂ ਨੂੰ ਸੱਟ ਮਾਰੀ ਹੈ। ਉਨ੍ਹਾਂ ਕਿਹਾ ਕਿ ਸਿੱਖ ਇਤਿਹਾਸ ਅੰਦਰ ਗੁਰੂ ਸਾਹਿਬਾਨ ਤੋਂ ਬਾਅਦ ਪੰਜ ਪਿਆਰੇ ਸਾਹਿਬਾਨ ਦਾ ਸਤਿਕਾਰ ਹੈ ਅਤੇ ਦੁੱਖ ਦੀ ਗੱਲ ਹੈ ਕਿ ਸ੍ਰੀ ਭਗਵੰਤ ਮਾਨ ਪੰਜਾਬ ਦੇ ਇਤਿਹਾਸ ਅਤੇ ਵਿਰਾਸਤ ਨੂੰ ਖੋਰਾ ਲਗਾ ਰਿਹਾ ਹੈ। ਉਨ੍ਹਾਂ ਸਵਾਲ ਕੀਤਾ ਕਿ ਕੀ ਭਗਵੰਤ ਮਾਨ ਪੰਜ ਪਿਆਰੇ ਸਾਹਿਬਾਨ ਤੋਂ ਉੱਪਰ ਹੈ, ਜੋ ਇਨ੍ਹਾਂ ਧਾਰਮਿਕ ਯਾਦਗਾਰਾਂ ਨੂੰ ਆਪਣੀ ਪਾਰਟੀ ਦੇ ਨਾਂ ਹੇਠ ਉਭਾਰ ਰਿਹਾ ਹੈ।

# ਡੀ ਸੀ ਵਲੋਂ 'ਨਾਰਕੋ ਕੋਆਰਡੀਨੇਸ਼ਨ ਸੈਂਟਰ ਮੈਕਾਨਿਜਮ' ਤਹਿਤ ਬਣੀ ਜ਼ਿਲ੍ਹਾ ਪੱਧਰੀ ਕਮੇਟੀ ਦੀ ਮੀਟਿੰਗ ਕੀਤੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** "ਨਾਰਕੋ ਕੋਆਰਡੀਨੇਸ਼ਨ ਸੈਂਟਰ ਮੈਕਾਨਿਜਮ" ਤਹਿਤ ਗਠਿਤ ਜ਼ਿਲ੍ਹਾ ਪੱਧਰੀ ਕਮੇਟੀ ਦੀ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਦੀ ਅਗਵਾਈ ਹੇਠ ਹੋਈ ਮੀਟਿੰਗ ਵਿੱਚ ਕਮੇਟੀ ਦੇ ਸਮੂਹ ਭਾਗੀਦਾਰਾਂ ਨੂੰ ਨਸ਼ਾਖੋਰੀ ਦੀ ਰੋਕਥਾਮ ਲਈ ਆਪਸੀ ਤਾਲਮੇਲ ਅਤੇ ਵਿਚਾਰ ਵਟਾਂਦਰੇ ਨਾਲ ਕੰਮ ਕਰਨ ਦੀ ਲੋੜ ਤੇ ਜ਼ੋਰ ਦਿੱਤਾ ਗਿਆ। ਡਿਪਟੀ ਕਮਿਸ਼ਨਰ, ਐਸ ਪੀ, ਡਿਪਟੀ ਮੈਡੀਕਲ ਕਮਿਸ਼ਨਰ, ਮੁੱਖ ਖੇਤੀਬਾੜੀ ਅਫ਼ਸਰ, ਵਣ ਵਿਭਾਗ, ਸਿੱਖਿਆ ਵਿਭਾਗ, ਉਪ ਮੰਡਲ ਮੈਜਿਸਟ੍ਰੇਟ, ਸਮਾਜਿਕ ਨਿਆ ਅਧਿਕਾਰੀ ਤੇ ਅਧਾਰਿਤ ਇਸ ਕਮੇਟੀ ਦਾ ਮੰਤਵ ਨਸ਼ਾ ਤਸਕਰੀ ਦੇ ਰੁਝਾਨਾ ਸੰਬੰਧੀ ਸੂਚਨਾ ਦਾ ਅਦਾਨ ਪ੍ਰਦਾਨ ਕਰਨਾ, ਪੋਸਤ ਤੇ ਭੰਗ ਦੀ ਨਜਾਇਜ ਖੇਤੀ ਦੀ ਨਿਗਰਾਨੀ, ਅੰਤਰ ਰਾਜੀ ਮਾਮਲਿਆਂ ਦੀ ਪੜਤਾਲ ਦੀ ਨਿਗਰਾਨੀ, ਸਕੂਲਾਂ ਤੇ ਕਾਲਜਾਂ ਚ ਨਸ਼ੇ ਦੀ ਵਰਤੋਂ ਖਿਲਾਫ ਜਾਗਰੂਕਤਾ ਗਤੀਵਿਧੀਆਂ, ਗੈਰ ਕਾਨੂੰਨੀ ਨਸ਼ਿਆਂ ਦੀ ਕਾਸ਼ਤ ਤੇ ਨਸ਼ਿਆਂ ਦੇ ਖਤਰਨਾਕ ਪ੍ਰਭਾਵਾਂ ਵਾਲੇ ਥਾਵਾਂ ਚ ਜਾਗਰੂਕਤਾ ਪ੍ਰੋਗਰਾਮ, ਅਜਿਹੇ ਇਲਾਕਿਆਂ ਚ ਬਦਲਵੇਂ ਵਿਕਾਸ ਕਾਰਜਾਂ ਨੂੰ ਉਤਸ਼ਾਹਿਤ ਕਰਨਾ, ਨਸ਼ਿਆਂ ਦੇ ਸੁਰਾਗ ਲਈ ਲੋੜੀਂਦੇ ਸਾਧਨਾਂ ਦਾ ਪ੍ਰਸਤਾਵ ਤਿਆਰ ਕਰਕੇ ਭੇਜਣਾ, ਜ਼ਿਲ੍ਹੇ ਚ ਨਸ਼ਾ ਛੁਡਾਊ ਤੇ ਮੁੜ ਵਸੇਬਾ, ਗਤੀਵਿਧੀਆ ਤੇ ਨਜ਼ਰ ਰੱਖਣਾ ਤੇ ਨਸ਼ਿਆਂ ਦੀ ਰੋਕਥਾਮ ਨਾਲ ਸੰਬੰਧਤ ਹੋਰ ਗਤੀਵਿਧੀਆ ਕਰਨਾ ਸ਼ਾਮਲ ਹੈ। ਡਿਪਟੀ ਕਮਿਸ਼ਨਰ ਨੇ ਇਸ ਮੌਕੇ ਜ਼ਿਲ੍ਹਾ ਪੁਲਿਸ ਨੂੰ ਨਸ਼ਾ ਰਹਿਤ ਹਾਟ-ਸਪਾਟ ਖੇਤਰਾਂ ਚ ਸਰਗਰਮ ਨਸ਼ਾ ਤਸਕਰਾਂ ਦੀ ਸੂਚੀ ਬਣਾਉਣ,ਉਹਨਾਂ ਤੇ ਕਾਰਵਾਈ ਕਰਨ,ਇਨ੍ਹਾਂ ਖੇਤਰਾਂ ਚ ਪੈਂਦੇ ਸਕੂਲਾਂ ਚ ਸਵੇਰ ਦੀ ਸਭਾ ਦੌਰਾਨ ਜਾਗਰੂਕਤਾ ਭਾਸ਼ਣ ਦੇਣ, ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਜ਼ਬਤ ਕਰਨ, ਓਟ-ਸੈਂਟਰਾਂ ਅਤੇ ਮੁੜ-ਵਸੇਬਾ ਸੈਂਟਰਾਂ ਵਲੋਂ ਦਿੱਤੀ ਜਾਂਦੀ ਦਵਾਈ ਅਤੇ ਇਲਾਜ ਦੀ ਸਫਲਤਾ ਦਰ ਦਾ ਜਾਇਜ਼ਾ ਲੈਣ, ਨਸ਼ਾ-ਮੁਕਤ ਐਲਾਨੇ ਪਿੰਡਾਂ ਚ ਨਸ਼ਾ-ਮੁਕਤੀ ਬਰਕਰਾਰ ਰੱਖਣ ਲਈ ਹਰ ਸੰਭਵ ਯਤਨ ਕਰਨ ਲਈ ਪ੍ਰੋਗਰਾਮ ਉਲੀਕਣ ਅਤੇ ਲਾਗੂ ਕਰਨ ਲਈ ਆਖਿਆ। ਜ਼ਿਲ੍ਹਾ ਪੁਲਿਸ ਦੇ ਡੀ ਐਸ ਪੀ (ਪੀ ਬੀ ਆਈ ਅਤੇ ਨਾਰਕੋਟਿਕਸ) ਅਮਰ ਨਾਥ ਨੇ ਇਸ ਮੌਕੇ ਜ਼ਿਲ੍ਹਾ ਪੁਲਿਸ ਵਲੋਂ ਨਸ਼ਿਆਂ ਖਿਲਾਫ ਕੀਤੀ ਕਾਰਵਾਈ ਦੀ ਪ੍ਰਗਤੀ ਰਿਪੋਰਟ ਡਿਪਟੀ ਕਮਿਸ਼ਨਰ ਨੂੰ ਪੇਸ਼ ਕਰਦਿਆਂ ਦੱਸਿਆ ਕਿ ਜ਼ਿਲ੍ਹੇ ਚ ਦਸੰਬਰ ਮਹੀਨੇ ਦੌਰਾਨ 35 ਐਨ ਡੀ ਪੀ ਐਸ ਐਕਟ ਦੇ ਮੁਕੱਦਮੇ ਦਰਜ ਕਰਕੇ 43 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ। ਇਨ੍ਹਾਂ ਪਾਸੋਂ ਕੁੱਲ 1153 ਗ੍ਰਾਮ ਹੈਰੋਇਨ, 210 ਗ੍ਰਾਮ ਅਫੀਮ, 8 ਕਿਲੋਗ੍ਰਾਮ ਡੋਡੇ ਚੂਰਾ-ਪੋਸਤ, 38 ਨਸ਼ੀਲੇ ਟੀਕੇ,1142 ਨਸ਼ੀਲੀਆਂ ਗੋਲੀਆਂ,90 ਗ੍ਰਾਮ ਆਈਸ ਡਰੱਗ ਅਤੇ ਇੱਕ ਵਾਹਨ ਬਰਾਮਦ ਕੀਤਾ ਗਿਆ। ਇਸ ਦੌਰਾਨ 37 ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਜਦਕਿ 13 ਨੂੰ ਸਜਾ ਹੋਈ। ਇਸ ਤਰ੍ਹਾਂ ਜ਼ਿਲ੍ਹਾ ਪੁਲਿਸ ਵਲੋਂ 12 ਸਕੂਲਾਂ , 3 ਕਾਲਜਾਂ, 27 ਅਬਾਦੀਆਂ (ਪਿੰਡ/ਮੁਹੱਲੇ) 3 ਆਈਲੈਟਸ ਸੈਂਟਰਾਂ, ਬੱਸ ਸਟੈਂਡ ਸਮੇਤ 55 ਥਾਵਾਂ ਤੇ ਜਾਗਰੂਕਤਾ ਸੈਮੀਨਾਰ ਕੀਤੇ ਗਏ। ਉਹਨਾਂ ਦੱਸਿਆ ਕਿ 2017 ਤੋਂ 2021 ਤੱਕ 251 ਲੱਖ ਰੁਪਏ ਤੋਂ ਵੀ ਵਧੇਰੇ ਦੀ ਨਸ਼ਾ ਤਸਕਰਾਂ ਦੀ ਜਾਇਦਾਦ ਅਟੈਚ ਕਾਰਵਾਈ ਗਈ ਹੈ। ਡਿਪਟੀ ਕਮਿਸ਼ਨਰ ਨੇ ਨਸ਼ਾ ਤਸਕਰਾਂ ਦੀ ਜਾਇਦਾਦ ਅਟੈਚ ਕਰਵਾਉਣ ਦੀ ਕਾਰਵਾਈ ਦੀ ਸਲਾਘਾ ਕਰਦਿਆਂ, 2021 ਤੋਂ ਬਾਅਦ ਵਾਲੇ ਮਾਮਲਿਆਂ ਚ ਵੀ ਜਾਇਦਾਦ ਅਟੈਚ ਕਰਵਾਉਣ ਦੀ ਕਾਰਵਾਈ ਚ ਤੇਜ਼ੀ ਲਿਆਉਣ ਲਈ ਆਖਿਆ।



# ਦੁਸਾਂਝ ਜੋੜੀ ਗ਼ਦਰੀ ਭਾਈ ਸੰਤੋਖ ਸਿੰਘ ਧਰਦਿਓ ਇਨਾਮ ਨਾਲ ਸਨਮਾਨਤ

**ਜਲੰਧਰ**– ਇੰਡੋਜ਼ ਪੰਜਾਬੀ ਸਾਹਿਤ ਅਕੈਡਮੀ ਆਫ ਆਸਟਰੇਲੀਆ ਤੇ ਸਾਹਿਤ ਕਲਾ ਕੇਂਦਰ ਜਲੰਧਰ ਵੱਲੋਂ ਪੰਜਾਬੀ ਸ਼ਾਇਰੀ ਤੇ ਪੱਤਰਕਾਰੀ ਦੇ ਖੇਤਰ ਵਿਚ ਬਿਹਤਰੀਨ ਸੇਵਾਵਾਂ ਦੇਣ ਵਾਲੀ ਕਮਲ ਦੁਸਾਂਝ ਤੇ ਸੁਸ਼ੀਲ ਦੁਸਾਂਝ ਦੀ ਜੋੜੀ ਨੂੰ ਗ਼ਦਰੀ ਇਜ਼ਹਾਰ ਕੀਤਾ। ਸਮਾਗਮ ਦੇ ਆਰੰਭ ਵਿਚ ਨੌਜਵਾਨ ਕਲਾਕਾਰ ਧਰਮਿੰਦਰ ਮਸਾਣੀ ਤੇ ਸੰਤ ਹੀਰਾ ਦਾਸ ਕੰਨਿਆ ਮਹਾਂ ਵਿਦਿਆਲਾ ਕਾਲਾ ਸੰਘਿਆਂ ਦੇ ਵਿਦਿਆਰਥੀ ਨੇ ਆਪਣੀ ਗਾਇਨ ਦੀਆਂ ਪੇਸ਼ਕਾਰੀਆਂ ਨਾਲ ਦਰਸ਼ਕਾਂ ਦਾ ਮਨੋਰੰਜਨ ਕੀਤਾ। ਡਾ. ਰਾਮ ਸਨਮਾਨਤ ਜੋੜੀ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ।

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਕੇਂਦਰੀ ਜਨਰਲ ਸਕੱਤਰ ਕਾ. ਮੰਗਤ ਰਾਮ ਪਾਸਲਾ ਨੇ ਵੀ ਜੋੜੀ ਨੂੰ ਵਧਾਈਆਂ ਤੇ ਅਸੀਸਾਂ ਦਿੱਤੀਆਂ ਇਸ ਮੌਕੇ







ਭਾਈ ਸੰਤੋਖ ਸਿੰਘ ਧਰਦਿਓ ਯਾਦਗਾਰੀ ਐਵਾਰਡ ਨਾਲ ਸਨਮਾਨਤ ਕਰਨ ਹਿੱਤ ਇੱਕ ਭਾਵਪੂਰਤ ਸਮਾਗਮ ਦਾ ਆਯੋਜਨ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੀਤਾ ਗਿਆ। ਸਾਹਿਤ ਕਲਾ ਕੇਂਦਰ ਦੇ ਪ੍ਰਧਾਨ ਪ੍ਰੋ. ਡਾ. ਗੋਪਾਲ ਸਿੰਘ ਬੁੱਟਰ ਅਨੁਸਾਰ ਇਸ ਸਮਾਗਮ ਵਿਚ ਪੰਜਾਬੀ ਦੇ ਉੱਚ ਕੋਟੀ ਦੇ ਲੇਖਕਾਂ, ਕਲਾਕਾਰਾਂ, ਅਗਾਂਹਵਧੂ ਜਥੇਬੰਦੀਆਂ ਦੇ ਆਗੂਆਂ ਤੇ ਚਿੰਤਕਾਂ ਨੇ ਵੱਡੀ ਗਿਣਤੀ ਵਿਚ ਸ਼ਿਰਕਤ ਕੀਤੀ।

ਕਮਲ ਤੇ ਸੁਸ਼ੀਲ ਦੁਸਾਂਝ ਤੋਂ ਇਲਾਵਾ ਪੰਜਾਬੀ ਦੇ ਸਿਰਮੌਰ ਲੇਖਕ ਡਾ. ਵਰਿਆਮ ਸਿੰਘ ਸੰਧੂ ਬਤੌਰ ਮੁੱਖ ਮਹਿਮਾਨ ਉੱਘੀ ਰੰਗਮੰਚ ਤੇ ਫਿਲਮ ਕਲਾਕਾਰ ਪ੍ਰੋ. ਸਰਿਤਾ ਤਿਵਾੜੀ, ਸਾਊਥ ਏਸ਼ੀਅਨ ਰਿਵੀਊ ਦੇ ਭੁਪਿੰਦਰ ਸਿੰਘ ਮੱਲ੍ਹੀ ਕੈਨੇਡਾ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਕਾਮਰੇਡ ਪ੍ਰਿਥੀਪਾਲ ਸਿੰਘ ਮਾੜੀ ਮੇਘਾ ਬਤੌਰ ਵਿਸ਼ੇਸ਼ ਮਹਿਮਾਨ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਹੋਏ। ਸਾਹਿਤ ਕਲਾ ਕੇਂਦਰ ਦੇ ਮੀਤ ਪ੍ਰਧਾਨ ਇੰਜ. ਮਨੋਹਰ ਖਹਿਰਾ ਨੇ ਸਮਾਗਮ ਵਿਚ ਹਾਜ਼ਰ ਹਸਤੀਆਂ ਲਈ ਸਵਾਗਤੀ ਸ਼ਬਦ ਕਹਿੰਦਿਆਂ ਉਹਨਾਂ ਦੀ ਆਮਦ 'ਤੇ ਖੁਸ਼ੀ ਦਾ ਮੂਰਤੀ ਨੇ ਸਨਮਾਨਤ ਜੋੜੀ ਦਾ ਤੁਆਰਫ ਕਰਾਉਂਦਿਆਂ ਇਪਸਾ ਦੇ ਸਕੱਤਰ ਸਰਬਜੀਤ ਸੋਹੀ ਆਸਟਰੇਲੀਆ ਦਾ ਲਿਖਿਆ ਸਨਮਾਨ ਪੱਤਰ ਪੜ੍ਹਿਆ। ਇਸ ਉਪਰੰਤ ਪ੍ਰਧਾਨਗੀ ਮੰਡਲ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰਾਨ, ਕਾ. ਗੁਰਦਰਸ਼ਨ ਬੀਕਾ ਤੇ ਸ੍ਰੀਮਤੀ ਕੁਲਵਿੰਦਰ ਬੁੱਟਰ ਨੇ ਕਮਲ ਤੇ ਸੁਸ਼ੀਲ ਦੁਸਾਂਝ ਦੀ ਜੋੜੀ ਨੂੰ ਦੁਸ਼ਾਲੇ, ਸਿਰਮਿਤੀ ਚਿੰਨ੍ਹ ਤੇ ਇੱਕੀ ਇੱਕੀ ਹਜ਼ਾਰ ਰੁਪਏ ਦੀ ਨਗਦ ਰਾਸ਼ੀ ਨਾਲ ਸਨਮਾਨਤ ਕੀਤਾ।

ਇਸ ਉਪਰੰਤ ਪ੍ਰਧਾਨਗੀ ਮੰਡਲ ਦੇ ਸਭ ਸਹਿਕਾਰਤ ਮਹਿਮਾਨਾਂ ਦਾ ਵੀ ਦੁਸ਼ਾਲਿਆਂ ਨਾਲ ਸਨਮਾਨ ਕੀਤਾ ਗਿਆ। ਇਸ ਅਵਸਰ ਤੇ ਕਮਲ ਦੁਸਾਂਝ ਤੇ ਸੁਸ਼ੀਲ ਦੁਸਾਂਝ ਨੇ ਆਪਣੇ ਜੀਵਨ ਸਫਰ ਤੇ ਸੰਘਰਸ਼ ਬਾਰੇ ਵਿਚਾਰ ਪ੍ਰਗਟਾਏ।

ਮੁੱਖ ਮਹਿਮਾਨ ਸਮੇਤ ਪ੍ਰਧਾਨਗੀ ਮੰਡਲ ਵਿੱਚ ਸੁਸ਼ੋਭਿਤ ਸਹਿਕਾਰਤ ਮਹਿਮਾਨਾਂ ਨੇ ਵੀ ਆਪਣੇ ਵਿਚਾਰ ਪ੍ਰਗਟਾਉਂਦਿਆਂ ਗ਼ਦਰੀ ਭਾਈ ਸੰਤੋਖ ਸਿੰਘ ਦੀ ਅਜ਼ਮਤ ਬਾਰੇ ਦਸਦਿਆਂ ਇਸ ਸਨਮਾਨ ਦੇ ਮਹੱਤਵ ਬਾਰੇ ਵਿਚਾਰ ਪ੍ਰਗਟਾਏ ਅਤੇ ਤੇ ਲਫ਼ਜ਼ਾਂ ਦੀ ਦੁਨੀਆ ਟੀ.ਵੀ ਦੇ ਸੰਚਾਲਕ ਪ੍ਰੋ. ਜਸਬੀਰ ਸਿੰਘ ਸਿੱਧੂ, ਪ੍ਰੋ. ਦਲਬੀਰ ਸਿੰਘ ਰਿਆੜ, ਜਗਦੀਸ਼ ਰਾਣਾ, ਨਕਾਸ਼ ਚਿੱਤੇਵਾਣੀ, ਮੁਖਵਿੰਦਰ ਸਿੰਘ ਸੰਧੂ, ਸ਼ਬਦ ਸੰਘਾ, ਬੌਬ ਦੁਸਾਂਝ ਸਾਂਝਾ ਪੰਜਾਬ ਟੀ.ਵੀ. ਟੋਰਾਂਟੋ ਤੇ ਕੇਂਦਰ ਦੇ ਜਨਰਲ ਸਕੱਤਰ ਨਰਿੰਦਰ ਪਾਲ ਕੰਗ, ਮੱਖਣ ਕੋਹਾੜ ਆਪਣੀਆਂ ਕਾਵਿ-ਰਚਨਾਵਾਂ ਪ੍ਰਸਤੁਤ ਕੀਤੀਆਂ। ਇਸ ਸਮਾਗਮ ਵਿਚ ਪਲਸ ਮੰਚ ਪੰਜਾਬ ਦੇ ਪ੍ਰਧਾਨ ਅਮੋਲਕ ਸਿੰਘ ਤੋਂ ਇਲਾਵਾ ਰਣਜੀਤ ਸਿੰਘ ਔਲਖ, ਰਾਜਿੰਦਰਪਾਲ ਮੰਡ, ਪ੍ਰੋ. ਡਾ. ਤੇਜਿੰਦਰ ਵਿਰਲੀ, ਐਡਵੋਕੇਟ ਜੀ.ਪੀ.ਐਸ ਰਾਣਾ, ਐਡਵੋਕੇਟ ਵਿਪਨ ਮੋਦੀ ਤੇ ਟੀ.ਵੀ ਸੀਰੀਅਲਾਂ ਦੀ ਅਦਾਕਾਰ ਗੁਰਵਿੰਦਰ ਗੌਰੀ ਸਮੇਤ ਵੱਡੀ ਗਿਣਤੀ ਵਿਚ ਪੁੱਜੇ ਕਲਾਕਾਰਾਂ ਤੇ ਬੁੱਧੀਜੀਵੀਆਂ ਨੇ ਸਮਾਗਮ ਦੀ ਸ਼ਾਨ ਵਧਾਈ।

ਸਮਾਗਮ ਦੇ ਅਖੀਰ ਵਿੱਚ ਕੇਂਦਰ ਦੇ ਸਰਪ੍ਰਸਤ ਇੰਜ. ਸੀਤਲ ਸਿੰਘ ਸੰਘਾ ਨੇ ਸਮਾਗਮ ਦੀ ਸ਼ਾਨ ਬਣਨ ਵਾਲੀਆਂ ਤਮਾਮ ਹਸਤੀਆਂ ਦਾ ਧੰਨਵਾਦ ਕੀਤਾ।

***

# ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਤੋਂ ਸਿੱਖਿਆ ਲੈਣ ਦੀ ਲੋੜ



ਲੇਖਕ ਸਤਨਾਮ ਸਿੰਘ ਸਹੂੰਗੜਾ
94170-71532

ਭਾਰਤ ਵਿੱਚ ਸੈਂਕੜੇ ਵਾਰੀ ਰਾਜਨੀਤਕ ਅਤੇ ਜਮੀਨੀ ਆਰਥਿਕ ਪ੍ਰੀਵਰਤਨ ਆਏ।ਭੂਗੋਲਿਕ ਤਬਦੀਲੀਆਂ ਹੋਈਆਂ, ਇੱਕ ਰਾਜ ਗਿਆ ਦੂਸਰਾ ਆਇਆ।ਇੱਕ ਕੌਮ ਗਈ ਤੇ ਦੂਸਰੀ ਕੌਮ ਆਈ। ਧਾਰਮਿਕ ਪ੍ਰੀਵਰਤਨ ਵੀ ਵੱਡੀ ਪੱਧਰ ਤੇ ਹੋਏ,ਪ੍ਰੰਤੂ ਇਹ ਸਮਾਜ ਸਮਾਜਿਕ ਤੌਰ ਤੇ ਹਮੇਸ਼ਾ ਖੜੋਤ ਵਿੱਚ ਹੀ ਰਿਹਾ। ਜਦੋਂ ਤੋਂ ਆਰੀਅਨ ਆਏ, ਉਹਨਾਂ ਪਹਿਲਾਂ ਦ੍ਰਾਵਿੜ ਸੱਭਿਅਤਾ ਦਾ ਨਾਸ਼ ਕੀਤਾ ਤੇ ਉਸ ਦੀ ਜਗ੍ਹਾ ਵੈਦਿਕ ਧਰਮ ਦੀ ਸਿਰਜਣਾ ਕਰਕੇ, ਵਰਣ-ਵੰਡ,ਊਚ-ਨੀਚ ਅਤੇ ਜਾਤ-ਪਾਤੀ ਪ੍ਰਬੰਧ ਹੋਂਦ ਵਿੱਚ ਲਿਆਂਦਾ। ਜਿਸ ਨਾਲ ਭਾਰਤ ਵਿੱਚ ਮਨੁੱਖ ਨੂੰ ਮਨੁੱਖ ਤੇ ਇਨਸਾਨੀਅਤ ਨੂੰ ਪੂਰੀ ਤਰ੍ਹਾਂ ਵੰਡ ਦਿੱਤਾ ਗਿਆ। ਉਸ ਸਮੇਂ ਤੋਂ ਲੈ ਕੇ ਅੱਜ ਤੱਕ ਇਸ ਸਮਾਜਿਕ ਪ੍ਰਬੰਧ ਵਿੱਚ ਕੋਈ ਬਦਲਾਅ ਨਹੀਂ ਆਇਆ। ਇੱਥੇ ਮੰਗੋਲ ਆਏ, ਤੁਰਕ ਆਏ, ਮੁਸਲਮਾਨ ਆਏ, ਮੁਗਲ ਆਏ, ਅੰਗਰੇਜ ਆਏ ਤੇ ਹਜ਼ਾਰਾਂ ਸਾਲ ਰਾਜ ਕਰਕੇ ਚਲੇ ਗਏ। ਪ੍ਰੰਤੂ ਜਾਤ-ਪਾਤੀ ਨਫਰਤ ਅਤੇ ਈਰਖਾ ਦਾ ਕੋਹੜ ਅੱਜ ਤੱਕ ਨਹੀਂ ਬਦਲ ਸਕਿਆ।ਬ੍ਰਾਹਮਣ ਬ੍ਰਾਹਮਣ ਹੀ ਰਿਹਾ ਤੇ ਚਮਾਰ ਚਮਾਰ ਹੀ ਰਿਹਾ। ਕੋਈ ਵੀ ਇਸ ਪ੍ਰਬੰਧ ਨੂੰ ਬਦਲ ਨਾਂ ਸਕਿਆ,ਸਗੋਂ ਬਦਲਣ ਵਾਲੇ ਆਪ ਵੀ ਇਸ ਨਿਕੰਮੇ ਪ੍ਰਬੰਧ ਦੀ ਭੇਂਟ ਚੜ੍ਹ ਗਏ।

ਇਸ ਨਿਕੰਮੇ ਪ੍ਰਬੰਧ ਨੂੰ ਬਦਲਣ ਲਈ-ਮਿਟਾਉਣ ਲਈ ਪਹਿਲਾ ਸੰਘਰਸ਼ ਮਹਾਨ ਆਤਮਾਂ ਮਹਾਤਮਾਂ ਬੁੱਧ ਜੀ ਨੇ ਕੀਤਾ। ਜਿਸ ਨਾਲ ਰਾਜਸੀ ਸ਼ਕਤੀ ਤਾਂ ਬਦਲ ਗਈ, ਪ੍ਰੰਤੂ ਸਮਾਜਿਕ ਢਾਂਚਾ ਨਾਂ ਬਦਲ ਸਕਿਆ।ਦੂਸਰਾ ਸੰਘਰਸ਼ ਸਤਿਗੁਰੂ ਰਵਿਦਾਸ ਜੀ ਸਮੇਤ ਸਾਰੇ ਗੁਰੂਆਂ ਨੇ ਕੀਤਾ। ਇਸ ਦੂਸਰੇ ਸੰਘਰਸ਼ ਨਾਲ ਇੱਕ ਖਿੱਤੇ ਵਿੱਚ ਸਮਾਜਿਕ ਪ੍ਰਬੰਧ ਟੁੱਟਿਆ, ਪ੍ਰੰਤੂ ਰਾਜਨੀਤਕ ਪ੍ਰੀਵਰਤਨ ਨਾਂ ਹੋਣ ਕਰਕੇ, ਇਹ ਪੱਕੇ ਪੈਰੀਂ ਨਾਂ ਖੜ੍ਹ ਸਕਿਆ ਤੇ ਵਾਪਸ ਉਸੇ ਥਾਂ ਪਹੁੰਚ ਗਿਆ। ਜਿੱਥੋਂ ਇਹ ਤੁਰਿਆ ਸੀ। ਤੀਸਰਾ ਸੰਘਰਸ਼ ਮਹਾਤਮਾਂ ਜੋਤੀਬਾ ਫੂਲੇ, ਛੱਤਰਪਤੀ ਸ਼ਾਹੂ ਜੀ ਮਹਾਰਾਜ, ਈਵੀ ਪੇਰਿਆਰ ਰਾਮਾਂ ਸਵਾਮੀ ਨਾਇਕਰ ਅਤੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਨੇ ਕੀਤਾ। ਇਸ ਸੰਘਰਸ਼ ਨਾਲ ਵਧੀਆ ਤਰੀਕੇ ਨਾਲ ਗ੍ਰਹਿ ਯੁੱਧ ਵਾਲੀ ਸਥਿਤੀ ਹੋਂਦ ਵਿੱਚ ਆ ਗਈ। ਇਸ ਵਿੱਚ ਮਨੁੱਖਾਂ ਨੂੰ ਪੜ੍ਹਨ, ਲਿਖਣ, ਸੁਣਨ, ਸਿੱਖਣ ਦੀ ਜਾਹਰਾ ਤਬਦੀਲੀ ਦੇ ਦੌਰ ਵਿੱਚ ਲਿਆਂਦਾ। ਇਸ ਨਾਲ ਕੁਝ ਮੌਲਿਕ ਪ੍ਰੀਵਰਤਨ ਵੀ ਹੋਏ। ਪ੍ਰੰਤੂ ਇਸ ਨੂੰ ਸੰਘਰਸ਼ ਦੀ ਅਣਹੋਣੀ ਹੀ ਮੰਨਿਆ ਜਾ ਸਕਦਾ ਹੈ ਕਿ ਇਸ ਨਾਲ ਸਮਾਜਿਕ ਤੇ ਰਾਜਨੀਤਕ ਪ੍ਰੀਵਰਤਨ ਪੂਰੇ ਸਹੀ ਢੰਗ ਨਾਲ ਨਾਂ ਹੋ ਸਕਿਆ। ਅੱਜ ਵੀ ਸਮਾਜ ਵਿੱਚ ਊਚ-ਨੀਚ ਤੇ ਜਾਤ-ਪਾਤੀ ਸਿਸਟਮ ਦੀ ਦੀਵਾਰ ਜਿਉਂ ਦੀ ਤਿਉਂ ਹੀ ਖੜੀ ਹੈ। ਗੁਰਬਾਣੀ ਦੇ ਪ੍ਰਸੰਗ ਵਿੱਚ ਪਿੱਛਲੇ 600 ਸਾਲਾਂ ਵਿੱਚ ਜੋ ਵੀ ਹੋਇਆ ਹੈ, ਉਸਦਾ ਸੰਬੰਧ ਮੁੱਖ ਰੂਪ ਵਿੱਚ ਇੱਕ ਖਿੱਤੇ ਤੱਕ ਹੀ ਸੀਮਤ ਰਿਹਾ ਹੈ।ਦੂਜੇ ਵਰਗਾਂ ਅਤੇ ਸਮਾਜ ਨੇ ਇਸ ਨੂੰ ਨਹੀਂ ਜਾਣਿਆ ਅਤੇ ਨਾਂ ਹੀ ਅਪਨਾਇਆ। ਕੁਝ ਵਿਚਾਰਧਾਰਕ, ਵਿਦਵਾਨ ਅਤੇ ਸਾਹਿੱਤਕਾਰ ਤਾਂ ਸਦਾ ਹੀ ਦੁਨਿਆਂ ਦੇ ਇਤਿਹਾਸ ਨੂੰ ਪੜ੍ਹਦੇ, ਲਿਖਦੇ ਤੇ ਵੇਖਦੇ ਰਹੇ ਹਨ। ਇਸ ਨਾਲ ਵੀ ਕੋਈ ਫਰਕ ਨਹੀਂ ਪਿਆ।

ਅੱਜ ਗੱਲ ਕਰਦੇ ਹਾਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਜਿਹਨਾਂ ਦਾ ਪ੍ਰਕਾਸ਼ ਪੁਰਬ ਅਸੀਂ ਸਾਰੇ ਕੰਮਕਾਜ ਛੱਡ ਕੇ ਪਹਿਲ ਦੇ ਅਧਾਰ ਤੇ ਮਨਾਉਂਦੇ ਹਾਂ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਪੂਰੀ ਦੁਨੀਆਂ ਵਿੱਚ ਪੂਰੇ ਸਤਿਕਾਰ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਸਾਡੇ ਸਮੇਤ ਗੁਰੂ ਰਵਿਦਾਸ ਜੀ ਦੀ ਬੇਗਮਪੁਰਾ ਦੀ ਫਿਲਾਸਫੀ ਨੂੰ ਬੇਸ਼ੱਕ ਲੁਕਵੇਂ ਢੰਗ ਨਾਲ ਹੀ ਸਹੀ ਪਰ ਫਿਰ ਵੀ ਪੂਰੀ ਦੁਨੀਆ ਪ੍ਰਵਾਨ ਕਰ ਹੀ ਚੁੱਕੀ ਹੈ। ਹੌਲੀ-ਹੌਲੀ ਪੱਛੜੇ ਤੇ ਲਤਾੜੇ ਸਮਾਜ ਵਿੱਚ ਹਰ ਪੱਖ ਤੋਂ ਜਾਗ੍ਰਿਤੀ ਆ ਰਹੀ ਹੈ। ਇਸ ਨਾਲ ਸਮਾਜ ਤਰੱਕੀ ਵੀ ਕਰ ਰਿਹਾ ਹੈ, ਤੇ ਗੁਰੂ ਰਵਿਦਾਸ ਮਹਾਰਾਜ ਜੀ ਦੀ ਪਵਿੱਤਰ ਵਿਚਾਰਧਾਰਾ ਵੀ ਸਮਾਜ ਵਿੱਚ ਹਰ ਵਧੀਆ ਢੰਗ ਤਰੀਕੇ ਨਾਲ ਵੱਧ ਫੁੱਲ ਰਹੀ ਹੈ। ਗੁਰੂ ਰਵਿਦਾਸ ਜੀ ਨੇ ਸਾਰੀ ਲੁਕਾਈ ਨੂੰ ਸਦਾ ਇੱਕ ਹੀ ਅਕਾਲਪੁਰਖ ਨਾਲ ਜੋੜਿਆ ਹੈ, ਤੇ ਇਸ ਨਾਲ ਸਾਰੀ ਦੁਨੀਆ ਨੂੰ ਜੋੜਨ ਵਾਸਤੇ ਦੁਨੀਆ ਭਰ ਦੀਆਂ ਯਾਤਰਾਵਾਂ ਵੀ ਕੀਤੀਆ ਹਨ। ਵੱਖ-ਵੱਖ ਇਤਿਹਾਸਕਾਰਾਂ, ਲੇਖਕਾਂ ਤੇ ਵਿਦਵਾਨਾਂ ਦੀਆਂ ਨਜ਼ਰਾਂ ਵਿੱਚ ਹੋਈਆਂ ਖੋਜਾਂ ਮੁਤਾਬਿਕ ਜਿਵੇਂ ਚਿਤੌੜਗੜ੍ਹ, ਊਦੈਪੁਰ ਮਾਰਵਾੜ, ਸਮੇਤ ਪੂਰਾ ਰਾਜਸਥਾਨ, ਪਟਨਾ ਗੋਰਖਪੁਰ, ਪ੍ਰਤਾਪਗੜ, ਝਾਂਸੀ, ਜੈਸਲਮੇਰ, ਪਾਕਿਸਤਾਨ, ਭਰਤਪੁਰ ਤੇ ਭਾਗਲਪੁਰ ਤੋਂ ਇਲਾਵਾ ਉੜੀਸਾ, ਹੈਦਰਾਬਾਦ, ਆਂਧਰਾਪ੍ਰਦੇਸ਼, ਗੁਜਰਾਤ, ਪੰਜਾਬ ਸਮੇਤ ਕਈ ਪੈਦਲ ਯਾਤਰਾਵਾਂ ਕੀਤੀਆਂ। ਇਹਨਾਂ ਸਾਰੀਆਂ ਯਾਤਰਾਵਾਂ ਵਿੱਚੋਂ ਸ੍ਰੀ ਖੁਰਾਲਗੜ੍ਹ ਸਾਹਿਬ ਦੀ ਕੀਤੀ ਯਾਤਰਾ ਸੱਭ ਤੋਂ ਅਹਿਮ ਮੰਨੀ ਜਾ ਸਕਦੀ ਹੈ। ਇਹੀ ਯਾਤਰਾ ਗੁਰੂ ਰਵਿਦਾਸ ਜੀ ਦੀ ਆਖਰੀ ਤੇ ਸਫਲ ਯਾਤਰਾ ਸੀ। ਇਸ ਯਾਤਰਾ ਦੌਰਾਨ ਗੁਰੂ ਰਵਿਦਾਸ ਜੀ ਨੇ ਕੁੱਲ ਲੁਕਾਈ ਨੂੰ ਅਕਾਲਪੁਰਖ ਨਾਲ ਜੋੜਦਿਆਂ ਹੋਇਆਂ ਪੰਜਾਬ, ਪਾਕਿਸਤਾਨ, ਜੰਮੂ-ਕਸ਼ਮੀਰ, ਅਫਗਾਨਿਸਤਾਨ ਤੇ ਹਿਮਾਚਲ ਪ੍ਰਦੇਸ਼ ਵਿੱਚ ਪ੍ਰਚਾਰ ਕਰਦੇ ਹੋਏ ਬਨਾਰਸ ਦੀ ਧਰਤੀ ਤੇ ਪਹੁੰਚ ਕੇ ਯਾਤਰਾ ਸਮਾਪਤ ਕੀਤੀ। ਗੁਰੂ ਰਵਿਦਾਸ ਜੀ ਨੇ ਇਹ ਪ੍ਰਚਾਰ ਯਾਤਰਾ 1513-1514 ਈਸਵੀ ਵਿੱਚ ਕੀਤੀ,ਤੇ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ 1515 ਈਸਵੀ ਨੂੰ ਪਹੁੰਚੇ। ਵੱਖ-ਵੱਖ ਲੇਖਕਾਂ ਦੀਆਂ ਲਿਖਤਾਂ ਅਨੁਸਾਰ ਉਸ ਸਮੇਂ ਗੁਰੂ ਰਵਿਦਾਸ ਜੀ ਦੇ ਨਾਲ ਉੱਚੀ ਕੁੱਲ ਦੀ ਭਗਤ ਸੰਤ ਮੀਰਾਂ ਬਾਈ ਵੀ ਨਾਲ ਸਨ,ਵੱਖ-ਵੱਖ ਇਲਾਕਿਆਂ ਦੇ ਸ਼ਰਧਾਲੂਆ ਸਮੇਤ ਸੇਵਕ ਵੀ ਨਾਲ ਸਨ। ਸ੍ਰੀ ਖੁਰਾਲਗੜ੍ਹ ਸਾਹਿਬ ਹੁਸ਼ਿਆਰਪੁਰ ਜਿਲ੍ਹੇ ਤੇ ਤਹਿਸੀਲ ਗੜ੍ਹਸ਼ੰਕਰ ਦੀ ਉਹ ਪਵਿੱਤਰ ਧਰਤੀ ਹੈ ਜਿੱਥੇ ਗੁਰੂ ਰਵਿਦਾਸ ਜੀ 4 ਸਾਲ 2 ਮਹੀਨੇ 13 ਦਿਨ ਰਹਿ ਕੇ ਅਕਾਲਪੁਰਖ ਇੱਕ ਹੈ ਤੇ ਉਸ ਨਾਲ ਜੁੜੇ ਰਹਿਣ ਦਾ ਪ੍ਰਚਾਰ ਕਰਦੇ ਹੋਏ ਵਾਪਸ ਗਏ ਸਨ। ਇਹ ਇਲਾਕਾ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਹੁੰਦਾ ਹੋਇਆ ਹਿਮਾਚਲ ਪ੍ਰਦੇਸ਼ ਦੀ ਹੱਦ ਨਾਲ ਜਾ ਲੱਗਦਾ ਹੈ। ਬੀਤ ਕਰਕੇ ਜਾਣ ਪਹਿਚਾਣ ਰੱਖਣ ਵਾਲਾ ਇਹ ਇਲਾਕਾ ਬਹੁਤ ਪੱਛੜਿਆਂ ਹੋਇਆ ਪਾਣੀ ਦੀ ਥੁੜ ਮਾਰਿਆ ਇਲਾਕਾ ਸੀ। ਇਸ ਜਗ੍ਹਾਂ ਤੇ ਗੁਰੂ ਜੀ ਬਹੁਤ ਲੰਬਾ ਸਮਾਂ ਰਹੇ ਤੇ ਨਿੱਤ ਦੇ ਸਤਿਸੰਗ ਨਾਲ ਇੱਥੋਂ ਦੀ ਗਰੀਬ ਜਨਤਾ ਨੂੰ ਅਕਾਲਪੁਰਖ ਦੇ ਚਰਨਾਂ ਨਾਲ ਜੋੜਦੇ ਰਹੇ। ਗੁਰੂ ਰਵਿਦਾਸ ਜੀ ਦੇ ਤੱਪ ਨਾਲ ਇਹ ਧਰਤੀ ਪਵਿੱਤਰ ਹੋ ਗਈ। ਜਿਸ ਥਾਂ ਗੁਰੂ ਰਵਿਦਾਸ ਜੀ ਨੇ ਤਪੱਸਿਆ ਕੀਤੀ ਤੇ ਅਕਾਲਪੁਰਖ ਦੇ ਚਰਨਾਂ ਨਾਲ ਧਿਆਨ ਮਗਨ ਹੋਏ ਉਸ ਥਾ ਤੇ ਇਲਾਕੇ ਤੇ ਪਿੰਡ ਦੀਆਂ ਸੰਗਤਾਂ ਨੇ ਮਿਲ ਕੇ ਪੰਜ ਮੰਜ਼ਿਲਾਂ ਵਾਲਾ ਗੁਰਦੁਆਰਾ ਬਣਾਇਆ ਸੀ। ਉਹ ਥੋੜੀ ਜਗ੍ਹਾਂ ਵਿੱਚ ਬਣਿਆ ਹੋਣ ਕਰਕੇ ਤੇ ਨਿੱਤ ਦਿਨ ਸੰਗਤਾਂ ਦੀ ਆਮਦ ਵੱਧਣ ਨਾਲ ਅੱਜ ਦੀ ਮੌਜੂਦਾ ਕਮੇਟੀ ਵਲੋਂ ਗੁਰੂਘਰ ਨੂੰ ਨਵਾਂ ਰੂਪ ਦਿੰਦੇ ਹੋਏ ਪੁਰਾਣੇ ਗੁਰੂਘਰ ਨੂੰ ਤੋੜਕੇ ਖੁੱਲਾ ਖਰਚਾ ਕਰਕੇ ਦੋ ਮੰਜ਼ਿਲਾਂ ਵਾਲਾ ਗੁਰੂਘਰ ਉਸਾਰਿਆ ਜਾ ਰਿਹਾ ਹੈ। ਜਿਸ ਸਮੇਂ ਗੁਰੂ ਰਵਿਦਾਸ ਜੀ ਇਸ ਇਲਾਕੇ ਵਿੱਚ ਆਏ ਉਸ ਵੇਲੇ ਰਾਜਾ ਬੈਨ ਇਸ ਇਲਾਕੇ ਤੇ ਰਾਜ ਕਰਦਾ ਸੀ, ਲੋਕ ਬਹੁਤ ਦੁਖੀ ਸਨ ਰਾਜਾ ਬੈਨ ਉਹਨਾਂ ਤੇ ਬਹੁਤ ਜਿਆਦਤੀਆਂ ਕਰਦਾ ਸੀ। ਗੁਰੂ ਰਵਿਦਾਸ ਜੀ ਹਰ ਦਿਨ ਅਕਾਲ ਪੁਰਖ ਦੀ ਉਸਤਤ ਕਰਦੇ ਤੇ ਭਟਕੇ ਲੋਕਾਂ ਨੂੰ ਸਤਿਸੰਗ ਵਿੱਚ ਬੈਠਿਆਂ ਨੂੰ ਅਕਾਲ ਪੁਰਖ ਨਾਲ ਜੁੜਨ ਦਾ ਉਪਦੇਸ਼ ਦਿੰਦੇ। ਇਲਾਕੇ ਦੇ ਗਰੀਬ ਲੋਕ ਗੁਰੂ ਜੀ ਦੀ ਮਹਿਮਾ ਸੁਣ ਕੇ ਨਿੱਤ ਦਿਨ ਸੰਗਤ ਦੇ ਰੂਪ ਵਿੱਚ ਵੱਧਦੇ ਜਾਂਦੇ ਸਨ। ਰਾਜਾ ਬੈਨ



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਨੂੰ ਜਾਣਕਾਰੀ ਮਿਲੀ ਕਿ ਤੁਹਾਡੇ ਰਾਜ ਵਿੱਚ ਇੱਕ ਸਾਧੂ ਨੂੰ ਲੋਕ ਪਿਆਰ ਬਹੁਤ ਕਰਦੇ ਹਨ ਤੇ ਹਰ ਦਿਨ ਵੱਡੀ ਗਿਣਤੀ ਚ ਲੋਕ ਇਕੱਠੇ ਹੋ ਕੇ ਸਤਿਸੰਗ ਵੀ ਕਰਦੇ ਹਨ। ਰਾਜਾ ਬੈਨ ਤੋਂ ਬਰਦਾਸ਼ਤ ਨਾਂ ਹੋਇਆ ਗੁਰੂ ਰਵਿਦਾਸ ਜੀ ਨੂੰ ਫੜ ਕੇ ਜੇਲ੍ਹ ਵਿੱਚ ਡੱਕ ਦਿੱਤਾ ਗਿਆ। ਗੁਰੂ ਜੀ ਜੇਲ੍ਹ ਵਿੱਚ ਵੀ ਮਾਲਕ ਦੀ ਬਾਣੀ ਗਾਉਂਦੇ ਤੇ ਖੁਸ਼ ਰਹਿੰਦੇ। ਸਮਾਂ ਪਾ ਕੇ ਰਾਜੇ ਨੂੰ ਸੱਚ ਦਾ ਗਿਆਨ ਹੋਇਆ ਤੇ ਜਨਤਾ ਦਾ ਗੁਰੂ ਜੀ ਨਾਲ ਪਿਆਰ ਵੇਖ ਕੇ ਝੁਕ ਗਿਆ ਤੇ ਗੁਰੂ ਰਵਿਦਾਸ ਜੀ ਨੂੰ ਅਜਾਦ ਕਰ ਦਿੱਤਾ। ਗੁਰੂ ਰਵਿਦਾਸ, ਨਾਮਦੇਵ, ਕਬੀਰ, ਤਰਲੋਚਨ ਤੇ ਗੁਰੂ ਸੈਣ ਨੇ ਬ੍ਰਾਹਮਣਵਾਦੀ ਵਿਵਸਥਾ ਵਿਰੁੱਧ ਜੰਗ ਲੜਦਿਆਂ ਕਦੇ ਵੀ ਆਪਣੀ ਕਿਸੇ ਜਾਤੀ ਹਿੱਤ ਨੂੰ ਸਾਹਮਣੇ ਨਹੀਂ ਸੀ ਰੱਖਿਆ। ਉਹ ਹਰ ਮਨੁੱਖ ਦੀ ਮੁਕਤੀ ਲਈ ਲੜੇ। ਇੱਥੋਂ ਤੱਕ ਕਿ ਬ੍ਰਾਹਮਣ, ਕਸ਼ੱਤਰੀ,ਵੈਸ਼ ਨੂੰ ਵੀ ਵਰਨਜਾਤੀ ਵਿਵਸਥਾ ਤੋਂ ਮੁਕਤ ਕਰਵਾਉਣ ਲਈ ਲੜੇ। ਗੰਦੇ ਤੇ ਬੇਕਾਰ ਸਿਸਟਮ ਵਿਰੁੱਧ ਜੀਅ ਜਾਨ ਨਾਲ ਲੜੇ। ਪ੍ਰੰਤੂ ਅਸੀਂ ਬਹੁਤਿਆਂ ਸਿਆਣਿਆਂ ਨੇ ਉਹਨਾਂ ਦੀ ਜਾਤ ਪਛਾਣੀ ਤੇ ਹਰ ਮਹਾਮਾਨਵ ਨੂੰ ਉਸਦੀ ਜਾਤ ਮੁਤਾਬਿਕ ਆਪਣੇ-ਆਪਣੇ ਜਾਤੀ ਵਿਹੜਿਆਂ ਵਿੱਚ ਬੰਨ੍ਹ ਲਿਆ ਤੇ ਆਪਣੇ-ਆਪਣੇ ਢੰਗ ਨਾਲ ਪੂਜਾ-ਅਰਚਨਾ ਸ਼ੁਰੂ ਕਰ ਦਿੱਤੀ। ਦੂਸਰੀ ਜਾਤੀ ਦੇ ਮਹਾਂਪੁਰਖਾਂ ਨੂੰ ਪਛਾੜ ਮਾਰਿਆ। ਜੋ ਇੰਨਕਲਾਬ ਸਾਡੇ ਸਾਰਿਆਂ ਲਈ ਉੱਠਿਆ ਸੀ, ਉਸ ਨੂੰ ਅਸੀਂ ਮੂਰਖਾਂ ਦੇ ਮੂਰਖਾਂ ਨੇ ਪਟਕਾ ਮਾਰਿਆ ਤੇ ਠੀਕਰੀਆਂ ਵੰਡ ਕੇ ਬਹਿ ਗਏ। ਕਿਉਂਕਿ ਸਾਡੀ ਹਰ ਪੱਛੜੀ ਜਾਤੀ ਨੂੰ ਬਾਹਰ ਦੀ ਜਾਤੀ ਦੀ ਗੱਲ ਵਿੱਚੋਂ ਵੀ ਬੂ ਆਉਣ ਲੱਗ ਪੈਂਦੀ ਹੈ। ਬ੍ਰਾਹਮਣਵਾਦੀ ਵਿਵਸਥਾ ਦਾ ਬਣਾਇਆ ਬੰਦਾਂ ਖੁਦ ਵੀ ਉਸ ਵਿਵਸਥਾ ਦੀ ਬਦਬੂਦਾਰ ਗੰਦਗੀ ਤੋ ਅਜਾਦ ਹੋਣ ਲਈ ਤਿਆਰ ਨਹੀਂ ਹੁੰਦਾ। ਆਸ ਸੀ ਕਿ ਸਾਡੇ ਲੋਕ ਇਸ ਆਏ ਇੰਨਕਲਾਬ ਦੀ ਪਛਾਣ ਕਰਦੇ, ਬ੍ਰਾਹਮਣੀ ਵਰਨ ਜਾਤੀ ਵਿਵਸਥਾ ਦੀ ਬਦਬੂ ਨੂੰ ਮਾਰਨ ਲਈ ਸੰਗਠਿਤ ਰੂਪ ਵਿੱਚ ਖੜੇ ਹੁੰਦੇ। ਪਰ ਸਾਡੇ ਇਹ ਯਤਨ ਵਿਹੜਿਆਂ ਵਿੱਚ ਵੜਦਿਆਂ ਹੀ ਅੱਧਮੋਏ ਹੋ ਜਾਂਦੇ ਹਨ। ਸਾਨੂੰ ਆਪਣੀ ਜਾਤ ਤੋਂ ਬਾਹਰ ਬਦਬੂ ਆਉਣ ਲੱਗਦੀ ਹੈ। ਸਾਡਾ ਇਤਿਹਾਸ, ਸਾਡੀਆਂ ਕਰਾਂਤੀਆਂ, ਸਾਡੀ ਪਛਾਣ ਦੀ ਗੱਲ ਨੂੰ ਬ੍ਰਾਹਮਣਵਾਦੀ ਸ਼ਕਤੀਆਂ ਨੇ ਮਲੀ-ਆਮੇਟ ਕਰਕੇ ਰੱਖ ਦਿੱਤਾ ਹੈ। ਹਜਾਰਾਂ ਵਰ੍ਹਿਆਂ ਤੋਂ ਚੱਲਿਆ ਆ ਰਿਹਾ ਸੰਘਰਸ਼ ਬ੍ਰਾਹਮਣਵਾਦੀ ਵਿਵਸਥਾ ਨੂੰ ਤਹਿਸ-ਨਹਿਸ ਕਰਨ ਲਈ ਅੱਜ ਵੀ ਜਾਰੀ ਹੈ। ਅਸੀ ਬਹੁਤ ਕੁੱਝ ਅਜਿਹਾ ਲਿਖਾਂਗੇ ਜੋ ਲਿਖਿਆ ਨਹੀਂ ਗਿਆ। ਜੇ ਲਿਖਿਆ ਵੀ ਗਿਆ ਤਾਂ ਬਾਹਰ ਨਹੀ ਨਿਕਲਿਆ, ਜੇ ਬਾਹਰ ਵੀ ਨਿਕਲਿਆ ਤਾਂ ਉਹਨਾਂ ਲੋਕਾਂ ਤੱਕ ਨਹੀਂ ਪਹੁੰਚਿਆਂ ਜਿਨ੍ਹਾਂ ਨੂੰ ਇਸ ਦੀ ਜਿਆਦਾ ਜਰੂਰਤ ਸੀ। ਜਿਨ੍ਹਾਂ ਕੋਲ ਪਹੁੰਚਿਆਂ ਵੀ ਉਨ੍ਹਾਂ ਨੂੰ ਅਸਲੀ ਗੱਲ ਦੀ ਸਮਝ ਨਹੀਂ ਪਈ ਜਾਂ ਉਨ੍ਹਾਂ ਨੇ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਜਾਂ ਫਿਰ ਜਿਹੜੀਆਂ ਪੱਕੀਆਂ ਲੀਹਾਂ ਮਨੂੰਵਾਦੀ ਪ੍ਰਚਾਰ, ਵਿਚਾਰਾਂ, ਕਥਾਵਾਂ, ਵਾਰਤਾਲਾਪਾਂ ਤੇ ਲਿਖਤਾਂ ਨੇ ਉਨ੍ਹਾਂ ਦੇ ਸਿਰਾਂ ਵਿੱਚ ਪਾ ਦਿੱਤੀਆਂ, ਕੋਈ ਦੂਸਰੀ ਸਹੀ ਗੱਲ ਵੀ ਉਸ ਥਾਂ ਤੱਕ ਨਹੀਂ ਪਹੁੰਚ ਸਕੀ। ਉਸ ਕੁਮੱਤੀ ਲੀਹ ਤੇ ਪਿਆ ਲੋਕਾਂ ਦਾ ਨਜਰੀਆਂ ਨਹੀਂ ਬਦਲ ਸਕਿਆ। ਸੋਚਣ ਸਮਝਣ ਦੀ ਦਿਸ਼ਾ ਨਹੀਂ ਬਣ ਸਕੀ। ਇਸ ਕਰਕੇ ਮਹਾਂਮਾਨਵ ਅਛੂਤ ਸੰਤਾਂ ਅਤੇ ਗੁਰੂਆਂ ਦਾ ਕੀਤਾ ਕਰਾਇਆ ਤੇ ਮਨਸਿਆ ਸਮਾਜਿਕ ਨਕਸ਼ਾ ਧਰਿਆ ਧਰਾਇਆ ਹੀ ਰਹਿ ਗਿਆ। ਜਿਸ ਨਾਲ ਸੱਚਾ ਸੁੱਚਾ ਉਦੇਸ਼ ਪੁੱਠਾ ਗੇੜ ਖਾ ਕੇ ਮਨੂੰਵਾਦੀ ਹੱਦਾਂ ਵਿੱਚ ਹੀ ਸੁੰਗੜ ਕੇ ਰਹਿ ਗਿਆ। ਜਿਸ ਨਾਲ ਸਾਰਾ ਦਲਿਤ ਬਹੁਜਨ ਸਮਾਜ ਅੱਜ ਵੀ ਬਿਨ੍ਹਾਂ ਕਿਸੇ ਬਦਲ ਦੇ ਥਾਏਂ ਟਿਕਿਆ ਰਿਹਾ ਤੇ ਉਹ ਜਾਤੀ ਅਪਮਾਨਾਂ ਭਰੀ ਜਿੰਦਗੀ ਤੋਂ ਮੁਕਤ ਨਹੀਂ ਹੋ ਸਕਿਆ। ਇਸ ਵਿੱਚ ਸੱਚ ਹੈ ਕਿ ਦਲਿਤ ਬਹੁਜਨ ਖੁਦ ਵੀ ਇਸ ਜਾਤੀ ਜਿੱਲਤ ਵਿੱਚੋਂ ਨਿੱਕਲਣ ਲਈ ਤਿਆਰ ਨਹੀਂ ਹੁੰਦਾ। ਇਸ ਲਈ ਉਹ ਸਭ ਕੁੱਝ, ਜਿਸ ਨੇ ਸਿਰਾਂ ਵਿੱਚ ਸਮਾਜ ਵਿੱਚ, ਧਰਮ ਤੇ ਆਰਥਿਕਤਾ ਵਿੱਚ ਕੁੱਝ ਵੀ ਨਹੀਂ ਬਦਲਿਆ, ਉਸ ਤੋਂ ਉਲਟ ਅਸੀਂ ਉਹਨਾਂ ਧਾਰਨਾਵਾਂ ਨੂੰ ਲੈ ਕੇ ਨਿੱਕਲੇ ਹਾਂ, ਜਿਨ੍ਹਾਂ ਦੀ ਭਰਪੂਰ ਕਥਾ ਕਹਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤੀ ਗਈ ਹੈ ਤੇ ਗੁਰੂਆਂ ਨੇ "ਸੰਤ ਕਾ ਮਾਰਗ" ਨੂੰ ਧਰਮ ਦੀ ਪਉੜੀ ਤੇ ਇਕ ਨਿਆਰੀ ਅਕੱਥ ਕਥਾ ਕਿਹਾ ਹੈ। ਜੋ ਕਦੀ ਨਹੀਂ ਸੀ ਕਹੀ ਗਈ ਪਰ ਸੰਤਾਂ ਨੇ ਕਹੀ। ਤੇ ਉਹਨਾਂ ਜੋ ਕਿਹਾ,ਗੁਰੂ ਕਹਿੰਦੇ ਹਨ ਕਿ ਉਹ ਬਹੁਤ ਹੀ ਨਿਆਰਾ ਸੀ,ਬਹੁਤ ਵਿਰਲਾ, ਬਹੁਤ ਨਿਵੇਕਲਾ, ਬਹੁਤ ਅਲੋਕਾਰ, ਜਿੱਥੇ ਨਿਰੋਲ ਸੱਚ ਹੈ ਅੰਤਿਮ ਸੱਚ ਹੈ, ਜਿਸ ਨੂੰ ਝੂਠ ਨਹੀਂ ਕੀਤਾ ਜਾ ਸਕਦਾ ਤੇ ਜੋ ਯੁਗੋਯੁੱਗ ਅਟੱਲ ਹੈ।

# ਲੰਡਨ 'ਚ ਸੋਫੀਆ ਦਲੀਪ ਸਿੰਘ ਦਾ ਹੋਵੇਗਾ ਵਿਸ਼ੇਸ਼ ਸਨਮਾਨ

**ਲੰਡਨ-** ਯੂਕੇ ਵਿਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਪੋਤੀ ਸੋਫੀਆ ਦਲੀਪ ਸਿੰਘ ਦੇ ਸਨਮਾਨ ਹੋਣ ਦੀ ਖਬਰ ਹੈ। ਯੂਕੇ 'ਚ ਔਰਤਾਂ ਦੇ ਅਧਿਕਾਰਾਂ ਲਈ ਇਕ ਵਚਨਬੱਧ ਪ੍ਰਚਾਰਕ ਅਤੇ ਇਕ ਸਰਗਰਮ ਫੰਡ-ਰੇਂਜਰ ਹੋਣ 'ਤੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਪੋਤੀ ਸੋਫੀਆ ਦਲੀਪ ਸਿੰਘ ਨੂੰ ਲੰਡਨ ਵਿੱਚ ਨੀਲੀ ਤਖ਼ਤੀ ਨਾਲ ਸਨਮਾਨਿਤ ਕੀਤਾ ਜਾਵੇਗਾ। ਰਾਜਕੁਮਾਰੀ ਸੋਫੀਆ ਦਲੀਪ ਸਿੰਘ ਨੂੰ ਅਕਸਰ ਦੱਖਣ-ਪੱਛਮੀ ਲੰਡਨ ਦੇ ਹੈਂਪਟਨ ਕੋਰਟ ਪੈਲੇਸ ਦੇ ਬਾਹਰ 'ਦਿ ਸਫਰਗੇਟ' ਅਖ਼ਬਾਰ ਵੇਚਦੇ ਦੇਖਿਆ ਜਾ ਸਕਦਾ ਸੀ ਤੇ ਉਸ ਨੇ ਆਪਣੀ ਸ਼ਾਹੀ ਰਾਜਕੁਮਾਰੀ ਸ਼ਾਨ ਦੀ ਵਰਤੋਂ ਮਹਿਲਾ ਸਮਾਜਿਕ ਅਤੇ ਰਾਜਨੀਤਕ ਯੂਨੀਅਨ ਦੀ ਮੈਂਬਰ ਵਜੋਂ ਔਰਤ ਅਧਿਕਾਰ ਦੀ ਮੁਹਿੰਮ ਲਈ ਕੀਤੀ। ਉਸ ਦੀ ਨੀਲੀ ਤਖ਼ਤੀ ਮਹਿਲ ਦੇ ਨੇੜੇ ਉਸ ਵੱਡੇ ਘਰ 'ਤੇ ਲਗਾਈ ਜਾਵੇਗੀ, ਜੋ 1896 ਵਿੱਚ ਮਹਾਰਾਣੀ ਵਿਕਟੋਰੀਆ ਦੁਆਰਾ ਉਸ ਨੂੰ ਅਤੇ ਉਸ ਦੀਆਂ ਭੈਣਾਂ ਨੂੰ ਦਿੱਤਾ ਗਿਆ ਸੀ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਪੋਤੀ ਤੇ ਸਿੱਖ ਰਾਜ ਦੇ ਆਖਰੀ ਮਹਾਰਾਜਾ ਦਲੀਪ ਸਿੰਘ ਦੀ ਬੇਟੀ ਰਾਜਕੁਮਾਰੀ ਸੋਫੀਆ ਯੂਕੇ ਦੀ ਇਕ ਸਰਗਰਮ ਔਰਤਾਂ ਦੇ ਹੱਕ ਵੋਟ ਲੈਣ ਵਿੱਚ ਸਫਲ ਹੋਈ ਸੀ। ਉਹ ਮਹਿਲਾ ਟੈਕਸ ਪ੍ਰਤੀਰੋਧ ਲੀਗ ਨਾਲ ਸਬੰਧਤ ਸੀ, ਜਿਸ ਦਾ ਨਾਅਰਾ 'ਨੋ ਵੋਟ, ਨੋ ਟੈਕਸ' ਸੀ। ਟੈਕਸ ਅਦਾ ਕਰਨ ਤੋਂ ਇਨਕਾਰ ਕਰਨ ਕਾਰਨ ਉਸ 'ਤੇ ਕਈ ਵਾਰ ਮੁਕੱਦਮਾ ਚਲਾਇਆ ਗਿਆ ਅਤੇ ਉਸ ਦੀਆਂ ਕੁਝ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਸਨ। ਇੰਗਲੈਂਡ ਦੀ ਇੰਗਲਿਸ਼ ਹੈਰੀਟੇਜ ਦਾ ਉਦੇਸ਼ ਹਰ ਸਾਲ 12 ਤਖ਼ਤੀਆਂ ਪ੍ਰਦਾਨ ਕਰਨਾ ਹੈ ਅਤੇ ਇਕ ਤਖ਼ਤੀ ਸਿੱਖ ਰਾਜਕੁਮਾਰੀ ਸੋਫੀਆ ਦਲੀਪ ਸਿੰਘ ਦੇ ਹਿੱਸਾ ਬਣੀ ਹੈ। ਰਾਜਕੁਮਾਰੀ ਸੋਫੀਆ ਇਕ ਬਰਖਾਸਤ ਸਿੱਖ ਰਾਜ ਦੇ ਮਹਾਰਾਜਾ ਦੀ ਧੀ ਸੀ। 20ਵੀਂ ਸਦੀ ਦੇ ਸ਼ੁਰੂ ਵਿੱਚ ਇਸ ਨੇ ਲਿੰਗ ਸਮਾਨਤਾ ਦੀ ਲੜਾਈ ਵਿੱਚ ਆਪਣੀ ਪ੍ਰਸਿੱਧੀ, ਸਥਿਤੀ ਅਤੇ ਦ੍ਰਿੜ੍ਹਤਾ ਦੀ ਵਰਤੋਂ ਕੀਤੀ। ਇੰਗਲਿਸ਼ ਹੈਰੀਟੇਜ ਨੇ ਵੀਰਵਾਰ ਨੂੰ ਇਸ ਸਨਮਾਨ ਦਾ ਐਲਾਨ ਕੀਤਾ।

ਨੀਲੀ ਤਖ਼ਤੀ ਐਵਾਰਡ ਮਹੱਤਵਪੂਰਨ ਸ਼ਖਸੀਅਤਾਂ ਨੂੰ ਦਿੱਤਾ ਜਾਂਦਾ ਹੈ, ਜੋ ਸਮਾਜ ਲਈ ਕੰਮ ਕਰਦੇ ਸਨ। ਹਰ ਸਾਲ ਇੰਗਲਿਸ਼ ਹੈਰੀਟੇਜ ਦੀਆਂ ਨੀਲੀਆਂ ਤਖ਼ਤੀਆਂ ਮਨੁੱਖੀ ਪ੍ਰਾਪਤੀ ਦੀ ਸਭ ਤੋਂ ਉੱਤਮ ਪ੍ਰਾਪਤੀ ਦੀ ਝਲਕ ਪੇਸ਼ ਕਰਦੀਆਂ ਹਨ। ਐਵਾਰਡ ਦਾ ਐਲਾਨ ਕਰਦਿਆਂ ਪ੍ਰੋਫੈਸਰ ਵਿਲੀਅਮ ਵ੍ਹਾਈਟ, ਟਰੱਸਟੀ ਅਤੇ ਬਲੂ ਪਲੇਕਸ ਪੈਨਲ ਦੇ ਚੇਅਰਮੈਨ ਨੇ ਕਿਹਾ ਕਿ ਇੰਗਲਿਸ਼ ਹੈਰੀਟੇਜ ਨੇ ਇਸ ਸਾਲ ਕਲਾ, ਸੰਗੀਤ, ਸਮਾਜ ਸੁਧਾਰ ਅਤੇ ਰਾਜਨੀਤੀ ਵਰਗੇ ਖੇਤਰਾਂ ਵਿੱਚ ਸਰਗਰਮ ਭੂਮਿਕਾ ਨਿਭਾਈ। ਇਸ ਮੌਕੇ ਐਮਿਲੀ ਵਾਈਲਡਿੰਗ ਡੇਵਿਸਨ ਨੂੰ ਵੀ ਸਨਮਾਨਿਤ ਕੀਤਾ ਜਾ ਰਿਹਾ ਹੈ, ਜੋ 1913 ਦੇ ਐਪਸੋਮ ਡਰਬੀ ਵਿੱਚ ਜਾਰਜ-ਝ ਦੇ ਘੋੜੇ ਦੇ ਹੇਠਾਂ ਆਪਣੇ-ਆਪ ਨੂੰ ਸੁੱਟਣ ਤੋਂ ਬਾਅਦ ਮਾਰਿਆ ਗਿਆ ਸੀ।



# ਸਤਿਗੁਰੂ ਰਵਿਦਾਸ ਬਾਣੀ ਵਿਚਾਰ



**ਡਾ. ਜੀ. ਸੀ. ਕੌਲ**
**ਐਮ. ਏ., ਪੀ. ਐਚ. ਡੀ.**
**91-94632-23223**

ਸਦੀਆਂ ਪਹਿਲਾਂ ਭਾਰਤ ਦੇ ਅਛੂਤਾਂ ਅੰਦਰ ਸਵੈਮਾਣ, ਸਵੈ-ਵਿਸ਼ਵਾਸ ਤੇ ਸਵੈ-ਸ਼ਕਤੀ ਦਾ ਅਹਿਸਾਸ ਜਗਾਉਣ ਵਾਲੇ ਸੰਤ-ਸਤਿਗੁਰੂ ਰਵਿਦਾਸ ਜੀ ਇਕ ਮਹਾਨ, ਆਕਰਸ਼ਕ, ਵਿਲੱਖਣ, ਅਦੁੱਤੀ ਤੇ ਬੇਮਿਸਾਲ ਵਿਅਕਤਿਤਵ ਦੇ ਮਾਲਕ ਸਨ। ਆਪ ਜੀ ਦੀਆਂ ਸਮਕਾਲੀਨ ਪ੍ਰਸਥਿਤੀਆਂ ਏਨੀਆਂ ਵਿਕਟ ਤੇ ਮਾਨਵਤਾ ਵਿਰੋਧੀ ਸਨ ਕਿ ਸਮੁੱਚੇ ਦੇਸ਼ ਵਿਚ ਛੂਤ-ਛਾਤ, ਜਾਤ-ਪਾਤ, ਊਚ-ਨੀਚ ਅਤੇ ਆਡੰਬਰ ਪੂਰਨ ਕਰਮ-ਕਾਂਡ ਪ੍ਰਧਾਨ ਸਨ। ਧਰਮ ਅਭਿਮਾਨੀ ਮਨੁੱਖਤਾ ਨੂੰ ਪੈਰਾਂ ਹੇਠ ਰੋਲ ਰਹੇ ਸਨ, ਵੈਰ, ਵਿਰੋਧ, ਨਫ਼ਰਤ, ਸਾੜਾ, ਕੀਨਾ, ਈਰਖਾ ਆਦਿ ਮਾਨਵਤਾ ਦਾ ਲਹੂ ਚਿੱਟਾ ਕਰ ਰਹੇ ਸਨ। ਅਜਿਹੇ ਸੰਕਟ-ਗ੍ਰਸਤ ਸਮੇਂ ਵਿਚ ਦੁਖੀ, ਪੀੜਤ, ਲਤਾੜੇ ਤੇ ਸਤਾਏ ਹੋਏ ਜਨ-ਸਾਧਾਰਨ ਨੂੰ ਗੁਰੂ ਰਵਿਦਾਸ ਨੇ ਆਪਣੀ ਅੰਮ੍ਰਿਤ-ਬਾਣੀ ਦੁਆਰਾ ਇਕ ਨਵੀਂ ਜ਼ਿੰਦਗੀ ਬਖਸ਼ੀ, ਧਾਰਮਿਕ ਤੇ ਸਮਾਜਿਕ ਸੇਧ ਦਿੱਤੀ ਅਤੇ ਭਾਰਤ ਨੂੰ ਰਸਾਤਲ ਦੀਆਂ ਡੂੰਘੀਆਂ ਖੱਡਾਂ ਵਿਚ ਡਿੱਗਣ ਤੋਂ ਬਚਾਇਆ।

ਸਤਿਗੁਰੂ ਰਵਿਦਾਸ ਚੇਤਨਾ ਦੀ ਲਟ-ਲਟ ਬਲਦੀ ਇਕ ਅਜਿਹੀ ਮਿਸ਼ਾਲ ਸੀ ਜਿਸਨੇ ਨਿਮਨ ਵਰਗ ਵਿਚ ਜੋਸ਼ ਅਤੇ ਉਤਸ਼ਾਹ ਦੀ ਇਕ ਅਜਿਹੀ ਅਗਨੀ ਪ੍ਰਚੰਡ ਕੀਤੀ, ਜੋ ਤਤਕਾਲੀਨ ਸਮਾਜ ਦੀਆਂ ਬੁਰਾਈਆਂ ਅਤੇ ਕੁਰੀਤੀਆਂ ਨੂੰ ਸਾੜ ਕੇ ਇਕ ਅਜਿਹਾ ਪ੍ਰਕਾਸ਼ ਪਿੱਛੇ ਛੱਡ ਗਈ ਕਿ ਅੱਜ ਵੀ ਲੱਖਾਂ ਪ੍ਰਾਣੀ ਉਸ ਤੋਂ ਰੌਸ਼ਨੀ ਪ੍ਰਾਪਤ ਕਰ ਰਹੇ ਹਨ।

ਗੁਰੂ ਜੀ ਸੱਚੇ ਕਰਮਯੋਗੀ, ਮਾਨਵਤਾਵਾਦੀ, ਨਿਰਵੈਰ ਤੇ ਨਿਰਵਿਰੋਧ ਸ਼ਖਸੀਅਤ, ਚੰਗੇ ਗ੍ਰਿਹਿਸਥੀ, ਸਹਿਣਸ਼ੀਲ, ਦਿਆਲੂ, ਪਰਉਪਕਾਰੀ, ਰੱਬੀ ਰਜ਼ਾ ਵਿਚ ਰਹਿਣ ਵਾਲੇ, ਅਮਲ ਪਸੰਦ, ਕਥਨੀ-ਕਰਨੀ ਵਿਚ ਸਮਾਨਤਾ ਰੱਖਣ ਵਾਲੇ, ਮਿੱਠ-ਬੋਲੜੇ, ਨਿਰਭੈ, ਤਰਕਸ਼ੀਲ, ਚੰਗੇ ਸ਼ਹਿਰੀ ਅਤੇ ਮਹਾਨ ਸੰਤ ਸਨ। ਉਨ੍ਹਾਂ ਦੀ ਬੇਮਿਸਾਲ ਸ਼ਖਸੀਅਤ ਦਾ ਹੀ ਪ੍ਰਭਾਵ ਸੀ ਕਿ ਅਖੌਤੀ ਨਿਮਨ ਵਰਗ ਵਿਚ ਪੈਦਾ ਹੋ ਕੇ ਵੀ ਉਹ ਸ਼ਾਹੀ ਖਾਨਦਾਨ ਦੇ ਰਾਜਗੁਰੂ ਬਣੇ ਅਤੇ ਅਨੇਕ ਰਾਜੇ-ਮਹਾਰਾਜੇ, ਪੰਡਤ ਅਤੇ ਕਥਿਤ ਉਚਤਮ ਵਰਗ ਦੇ ਲੋਕ ਉਨ੍ਹਾਂ ਦੇ ਸ਼ਿਸ਼ ਬਣੇ।

ਸੱਤ ਸਾਲ ਦੀ ਉਮਰ ਵਿਚ ਆਪ ਨੇ ਧਾਗੇ ਦਾ ਜਨੇਊ ਗ਼ਲ ਵਿਚ ਪਾ ਲਿਆ, ਜੁੱਤੀਆਂ ਗੰਢਣ ਵਾਲੀ ਪੱਥਰੀ ਨੂੰ ਠਾਕੁਰ ਬਣਾ ਲਿਆ, ਧੇਲੇ ਦਾ ਰੰਗ ਲੈ ਕੇ ਮੱਥੇ ਤੇ ਮ਼ਲ ਲਿਆ ਅਤੇ ਪ੍ਰੋਹਿਤਾਂ ਵਾਲਾ ਰੂਪ ਧਾਰ ਕੇ ਪੁਰਾਤਨ ਧਰਮ ਦੇ ਗੜ੍ਹ ਕਾਸ਼ੀ ਵਿਚ ਸੰਖ ਵਜਾ ਦਿੱਤਾ। ਇਨਕਲਾਬੀ ਰਹਿਬਰ ਵੱਲੋਂ ਪੰਡਤਾਂ ਵਾਲਾ ਪਹਿਰਾਵਾ ਧਾਰਨ ਕਰਨਾ ਧਰਮ ਨੂੰ 'ਜੱਦੀ ਕਿੱਤਾ' ਬਣਾਉਣ ਵਾਲੇ ਲੋਕਾਂ ਉਪਰ ਕਰਾਰੀ ਚੋਟ ਸੀ, ਇਕ ਵਾਰ ਸੀ, ਵੰਗਾਰ ਸੀ ਅਤੇ ਭਾਰਤ ਦੇ ਅਰਸ਼ਾਂ ਵਿਚ ਕਰਮਕਾਂਡੀ ਧਰਮ ਦੇ ਝੂਲ ਰਹੇ ਝੰਡੇ ਨੂੰ ਲੀਰੋ-ਲੀਰ ਕਰਨ ਲਈ ਬਗਾਵਤ ਵੱਲ ਪੁੱਟਿਆ ਪਹਿਲਾ ਕਦਮ ਸੀ। ਪੰਡਤਾਂ ਵੱਲੋਂ ਵਿਰੋਧ ਕਰਨ ਤੇ ਉਨ੍ਹਾਂ ਨੇ ਬੁਲੰਦ ਆਵਾਜ਼ ਵਿਚ ਕਿਹਾ:

**ਆਪਨ ਬਾਪੈ ਨਾਹੀ ਕਿਸੀ ਕੋ**
**ਭਾਵਨ ਕੋ ਹਰਿ ਰਾਜਾ।**

**ਅਰਥਾਤ:** ਪਰਮਾਤਮਾ ਕਿਸੇ ਦੇ ਬਾਪ ਦਾ ਨਹੀਂ, ਕਿਸੇ ਦੇ ਪਿਉ ਦੀ ਜਾਗੀਰ ਨਹੀਂ, ਉਸ ਵਿਚ ਨਿਸਚਾ ਅਤੇ ਪ੍ਰੇਮ-ਭਾਵਨਾ ਰੱਖਣ ਵਾਲਾ ਕੋਈ ਵੀ ਜੀਵ ਉਸਦੀ ਪੂਜਾ ਭਗਤੀ ਕਰ ਸਕਦਾ ਹੈ। ਧਰਮ ਵਿਚ ਪ੍ਰਚੱਲਿਤ ਆਰਤੀ ਨੂੰ ਆਪਨੇ 'ਝੂਠੇ ਸਗਲ ਪਸਾਰੇ' ਕਹਿ ਕੇ ਕੇਵਲ ਇਕ ਦਿਖਾਵਾ ਘੋਸ਼ਿਤ ਕੀਤਾ। ਮੂਰਤੀ ਪੂਜਕ ਭਗਤਾਂ ਵੱਲੋਂ ਅਖੌਤੀ ਦੇਵ-ਪੂਜਾ ਸਮੇਂ ਸੁੱਚੇ ਜਲ, ਫਲ-ਫੁੱਲ ਅਤੇ ਦੁੱਧ ਆਦਿ ਨਾਲ ਪੱਥਰਾਂ ਨੂੰ ਇਸ਼ਨਾਨ ਕਰਾਉਣ ਅਤੇ ਠਾਕੁਰਾਂ ਨੂੰ ਭੋਗ ਲਗਾਉਣ ਦੇ ਤਰੀਕੇ ਨੂੰ ਆਪ ਨੇ ਪ੍ਰੋਹਿਤਵਾਦੀ ਪਾਖੰਡ ਦੱਸਿਆ। ਆਪ ਨੇ ਇਹ ਗੱਲ ਡੱਟ ਕੇ ਆਖੀ ਕਿ ਪੱਥਰਾਂ ਨੂੰ ਭੋਗ ਲੁਆਉਣ ਲਈ ਭੇਂਟ ਕੀਤਾ ਦੁੱਧ, ਜਲ ਅਤੇ ਫੁੱਲ ਤਾਂ ਪਹਿਲਾਂ ਹੀ ਕ੍ਰਮਵਾਰ ਗਾਂ ਦੇ ਵੱਛੇ, ਮਛਲੀ ਅਤੇ ਭੌਰੇ ਨੇ ਜੂਠੇ ਕੀਤੇ ਹੋਏ ਹਨ ਅਤੇ ਇਸ ਜੂਠੀ ਸਮੱਗਰੀ ਨਾਲ ਇਹ ਪੂਜਾ ਪਵਿੱਤਰ ਕਿਵੇਂ ਹੋਈ? ਆਪ ਦਾ ਫੁਰਮਾਨ ਹੈ:

**ਦੂਧੁ ਤ ਬਛਰੈ ਥਨਹੁ ਬਿਟਾਰਿਓ।।**
**ਫੂਲੁ ਭਵਰਿ ਜਲੁ ਮੀਨਿ ਬਿਗਾਰਿਓ।।**
**ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ।।**

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਨੇ ਜਨ-ਚੇਤਨਾ ਪੈਦਾ ਕਰਕੇ ਸਦੀਆਂ ਤੋਂ ਲਤਾੜੇ ਅਤੇ ਪੀੜਤ ਵਰਗ ਦੇ ਲੋਕਾਂ ਨੂੰ ਸਮਾਜ ਦਾ ਨਵ-ਨਿਰਮਾਣ ਕਰਕੇ ਮਾਨਵਤਾ ਲਈ ਸਮਾਨਤਾ, ਸੁਤੰਤਰਤਾ, ਮਨੁੱਖੀ ਭਾਈਚਾਰੇ ਵਿਚ ਏਕਤਾ, ਪਿਆਰ ਅਤੇ ਸਮਨਵੈ ਦੀ ਭਾਵਨਾ ਪੈਦਾ ਕਰਕੇ 'ਸਤਿਸੰਗਤ ਮਿਲ ਰਹੀਐ' ਵਾਲਾ ਇਕ ਸੁਚੱਜਾ ਸਮਾਜ ਸਿਰਜਣ ਦੀ ਪ੍ਰੇਰਨਾ ਪ੍ਰਦਾਨ ਕੀਤੀ।

ਗੁਰੂ ਰਵਿਦਾਸ ਜੀ ਇਕ ਇਨਕਲਾਬੀ ਯੋਧੇ ਸਨ। ਆਪ ਨੇ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਪਰਾਧੀਨਤਾ ਵਿਰੁੱਧ ਝੰਡਾ ਬੁਲੰਦ ਕੀਤਾ। ਉਨ੍ਹਾਂ 'ਪਰਾਧੀਨਤਾ ਪਾਪ ਹੈ' ਦਾ ਨਾਅਰਾ ਬੁਲੰਦ ਕਰਦਿਆਂ ਗੁਲਾਮੀ ਵਿਰੁੱਧ ਸੰਘਰਸ਼ ਕਰਨ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਨੇ ਸਮਾਜਿਕ ਅਤੇ ਆਰਥਿਕ ਸਮਾਨਤਾ ਵਾਲਾ ਭਾਈਚਾਰਕ ਸਮਾਜ ਸਿਰਜਣ ਦਾ ਚਿੰਤਨ ਪ੍ਰਸਤੁਤ ਕੀਤਾ। ਆਪ ਦਾ ਕਥਨ ਹੈ:

(ੳ) **ਐਸਾ ਚਾਹੋਂ ਰਾਜ ਮੈਂ।**
**ਜਹਾਂ ਮਿਲੈ ਸਭਨ ਕੋ ਅੰਨ।।**
**ਛੋਟ ਬੜੇ ਸਭ ਸਮ ਬਸੈਂ।**
**ਰਵਿਦਾਸ ਰਹੈ ਪ੍ਰਸੰਨ।।**

(ਅ) **ਪਰਾਧੀਨਤਾ ਪਾਪ ਹੈ।**
**ਜਾਨ ਲੇਹੁ ਰੇ ਮੀਤ।।**
**ਰਵਿਦਾਸ ਦਾਸ ਪਰਾਧੀਨ ਸਿਉ।**
**ਕਉਨ ਕਰੈ ਹੈ ਪ੍ਰੀਤ।।**

ਆਪ ਮਾਨਵਤਾਵਾਦੀ ਸੰਤ ਸਨ। ਆਪ ਭਾਰਤੀ ਸਮਾਜ ਵਿਚ ਧਰਮ, ਜਾਤ ਅਤੇ ਮਜ਼ਹਬ ਦੇ ਨਾਂ ਤੇ ਪਈਆਂ ਵੰਡੀਆਂ ਨੂੰ ਦੂਰ ਕਰਕੇ ਅਜਿਹਾ ਸਮਾਜ ਸਥਾਪਿਤ ਕਰਨਾ ਚਾਹੁੰਦੇ ਸਨ ਜਿਸ ਵਿਚ ਧਾਰਮਿਕ ਅੰਧ-ਵਿਸ਼ਵਾਸਾਂ, ਆਡੰਬਰਾਂ, ਕਰਮਕਾਂਡਾਂ ਅਤੇ ਵਿਤਕਰਿਆਂ ਦਾ ਬੋਲਬਾਲਾ ਨਾ ਹੋਵੇ। ਆਪ ਨੇ ਵੇਦਾਂ-ਸ਼ਾਸਤਰਾਂ ਦੀ ਪ੍ਰਭੂਸੱਤਾ ਨੂੰ ਇਹ ਕਹਿ ਕੇ ਵੰਗਾਰਿਐ ਕਿ ਇਹ ਸ਼ੰਕਿਆਂ ਨਾਲ ਭਰੇ ਪਏ ਹਨ। ਆਪ ਦਾ ਸਪਸ਼ਟ ਫਰਮਾਨ ਹੈ:

(ੳ) **ਕਰਮ ਅਕਰਮ ਬੀਚਾਰੀਐ**
**ਸੰਕਾ ਸੁਨਿ ਬੇਦ ਪੁਰਾਨ।।**

(ਅ) **ਰਵਿਦਾਸ ਇਕ ਹੀ ਬੂੰਦ ਸੋ, ਸਭ ਹੀ ਭਯੋ ਵਿੱਥਾਰ।**
**ਮੂਰਖਿ ਹੈਂ ਜੋ ਕਰਤ ਹੈਂ, ਬਰਨ ਅਬਰਨ ਬਿਚਾਰ।।**

ਗੁਰੂ ਜੀ ਵੱਲੋਂ ਵਰਣ-ਵਿਵਸਥਾ ਦੇ ਸਿਰਜਕਾਂ ਨੂੰ ਮੂਰਖਾਂ ਦੀ ਸੰਗਿਆ ਦੇਣਾ ਅਤੇ ''ਮਾਥੈ ਤਿਲਕ ਹਾਥ ਜਪਮਾਲਾ, ਜਗ ਠਗਨੇ ਨੂੰ ਸਵਾਂਗ ਬਣਾਇਆ'' ਕਹਿ ਕੇ ਇਸ ਵਿਵਸਥਾ ਨੂੰ ਵੰਗਾਰਨਾ ਇਕ ਵਿਦਰੋਹ ਹੀ ਤਾਂ ਸੀ। ਆਪ ਨੇ ਆਪਣੀ



ਬਾਣੀ ਵਿਚ ਮਨੁੱਖ ਨੂੰ ਮਾਨਸਿਕ ਰੂਪ ਵਿਚ ਕਮਜ਼ੋਰ ਤੇ ਗੁਲਾਮ ਬਣਾਈ ਰੱਖਣ ਵਾਲੇ ਇਨ੍ਹਾਂ ਅਖੌਤੀ ਧਰਮ-ਸ਼ਾਸਤਰਾਂ ਅਤੇ ਇਨ੍ਹਾਂ ਦੀ ਰਚਨਾ ਕਰਨ ਵਾਲਿਆਂ ਵਿਰੁੱਧ ਨਿਰਭੈ ਹੋ ਕੇ ਆਵਾਜ਼ ਬੁਲੰਦ ਕੀਤੀ। ਆਪ ਨੇ ਅੰਧ-ਵਿਸ਼ਵਾਸਾਂ ਅਧੀਨ ਫੈਲਾਏ ਭਰਮ-ਜਾਲ, ਜਪ, ਤਪ, ਦਾਨ, ਤੀਰਥ-ਇਸ਼ਨਾਨ, ਪੂਜਾ, ਅਰਚਨਾ, ਮੂਰਤੀਆਂ ਅੱਗੇ ਨੱਚਣ, ਗਾਉਣ ਆਦਿ ਦਾ ਜ਼ੋਰਦਾਰ ਖੰਡਨ ਕੀਤਾ, ਆਪ ਦਾ ਕਥਨ ਹੈ:

(ੳ) **ਮਾਧਵੈ ਕਿਹਾ ਕਹੀਐ ਭ੍ਰਮ ਐਸਾ।**
**ਜੈਸਾ ਮਾਨੀਐ ਹੋਇ ਨ ਤੈਸਾ।**

(ਅ) **ਭਾਈ ਰੇ! ਭ੍ਰਮ ਭਗਤਿ ਸੂੰ ਜਾਨ।**
**ਜੌ ਲੌ ਨਹੀਂ ਸਾਂਚ ਸੂੰ ਪਹਿਚਾਣ।। ਟੇਕ।।**
**ਭ੍ਰਮ ਨਚਣ ਭ੍ਰਮ ਗਾਇਣ, ਭ੍ਰਮ ਜਪ ਤਪੁ ਦਾਨਿ।**
**ਭ੍ਰਮ ਸੇਵਾ ਭ੍ਰਮ ਪੂਜਾ ਅਰੁ ਭ੍ਰਮ ਸੂੰ ਪਹਿਚਾਨ।।**

ਸਤਿਗੁਰੂ ਰਵਿਦਾਸ ਜੀ ਨੇ ਇਨ੍ਹਾਂ ਬਾਹਰਮੁਖੀ ਕਰਮਕਾਂਡਾਂ ਦਾ ਪੁਰਜ਼ੋਰ ਖੰਡਨ ਕੀਤਾ ਹੈ। ਦਰਅਸਲ ਧਰਮ-ਸ਼ਾਸਤਰਾਂ ਵੱਲੋਂ ਇਹ ਵਹਿਮ, ਭਰਮ ਅਤੇ ਅੰਧ-ਵਿਸ਼ਵਾਸ ਫੈਲਾ ਕੇ ਵਿਹਲੜ ਪੁਰੋਹਿਤਾਂ ਤੇ ਪੁਜਾਰੀਆਂ ਦੀ ਰੋਜ਼ੀ-ਰੋਟੀ ਦਾ ਪ੍ਰਬੰਧ ਕੀਤਾ ਗਿਆ ਸੀ। ਮਨੂੰ ਸਿਮ੍ਰਤੀ ਦਾ ਸਪਸ਼ਟ ਆਦੇਸ਼ ਹੈ ਕਿ ''ਬ੍ਰਾਹਮਣ ਦਾ ਪੈਦਾ ਹੋਣਾ ਹੀ ਸਭ ਤੋਂ ਸ੍ਰੇਸ਼ਟ ਉਤਪੱਤੀ ਹੈ। ਉਹ ਸਭ ਜੀਵਾਂ ਦੇ ਧਰਮਾਂ ਦੀ ਰੱਖਿਆ ਕਰਨ ਵਿਚ ਸਮਰੱਥ ਹੈ।'' ''ਇਹ ਸੰਸਾਰ ਵਿਚ ਜੋ ਕੁਝ ਵੀ ਹੈ, ਉਹ ਸਭ ਬ੍ਰਾਹਮਣ ਦਾ ਹੀ ਹੈ ਕਿਉਂਕਿ (ਉਹ) ਬ੍ਰਹਮਾ ਦੇ ਮੂੰਹ ਤੋਂ ਪੈਦਾ ਹੋਣ ਕਰਕੇ ਸਭ ਕੁਝ ਗ੍ਰਹਿਣ ਕਰਨ ਦਾ ਅਧਿਕਾਰੀ ਹੈ।''

ਵਾਸਤਵ ਵਿਚ ਯੂਰੇਸ਼ੀਆ ਤੋਂ ਆਏ ਆਰੀਅਨ ਵੱਲੋਂ ਸਿਮ੍ਰਤੀਆਂ, ਸ਼ਰੁਤੀਆਂ ਅਤੇ ਸ਼ਾਸਤਰਾਂ ਦੁਆਰਾ ਭਰਮ ਪੈਦਾ ਕਰਕੇ ਇਕ ਅਜਿਹਾ ਆਰਥਿਕ ਪ੍ਰਬੰਧ ਉਸਾਰਿਆ ਗਿਆ ਕਿ ਬ੍ਰਾਹਮਣ ਹਮੇਸ਼ਾ ਵਿਹਲਾ ਰਹਿ ਕੇ ਦੂਸਰਿਆਂ ਦੀ ਕਿਰਤ-ਕਮਾਈ 'ਤੇ ਸੁੱਖ ਭਰਿਆ ਜੀਵਨ ਬਤੀਤ ਕਰ ਸਕੇ। ਤੇਤੀ ਕਰੋੜ ਦੇਵੀ-ਦੇਵਤਿਆਂ ਦੀ ਕਲਪਨਿਕ ਸਿਰਜਣਾ, ਅਠਾਰਹ ਤੀਰਥਾਂ ਦੀ ਯਾਤਰਾ, ਜਪ, ਤਪ, ਦਾਨ, ਇਸ਼ਨਾਨ, ਪੂਜਾ, ਅਰਚਨਾ, ਆਰਤੀ, ਸਰਾਧ ਅਥਵਾ ਪਿੱਤਰ ਪੂਜਾ, ਜਨੇਊ ਸੰਸਕਾਰ, ਜਨਮ, ਵਿਆਹ ਤੇ ਮੌਤ ਸਬੰਧੀ ਅਨੇਕ ਸੰਸਕਾਰ, ਜਾਨਵਰਾਂ, ਪਸ਼ੂ, ਪੰਛੀਆਂ ਤੇ ਬ੍ਰਿਛਾਂ ਦੀ ਪੂਜਾ, ਅਨੇਕ ਭਾਂਤ ਦੇ ਅਣਗਿਣਤ ਤਿਥ-ਤਿਉਹਾਰ, ਮੇਲੇ, ਜਾਤਾਂ, ਗੋਤਾਂ ਆਦਿ ਵਿਚ ਉਲਝਾਈ ਰੱਖਣ ਦੀ ਨੀਤੀ ਬ੍ਰਾਹਮਣਾਂ ਦੇ ਸ਼ਾਤਰ ਦਿਮਾਗ ਦੀਆਂ ਕਾਢਾਂ ਹਨ। ਮਨੂੰ ਸਿਮ੍ਰਤੀ ਦਾ ਸਪਸ਼ਟ ਆਦੇਸ਼ ਹੈ:

''ਬ੍ਰਾਹਮਣ ਜੋ ਕੁਝ ਦੂਜਿਆਂ ਦਾ ਖਾਂਦਾ ਹੈ, ਦੂਜਿਆਂ ਦਾ ਦਿੱਤਾ ਪਹਿਨਦਾ ਹੈ ਜਾਂ ਦੂਜੇ ਤੋਂ ਲੈ ਕੇ ਕਿਸੇ ਹੋਰ ਨੂੰ ਦਿੰਦਾ ਹੈ, ਉਹ ਸਭ ਕੁਝ ਉਸਦਾ ਆਪਣਾ ਹੀ ਹੈ, ਕਿਉਂਕਿ ਉਸਦੀ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਸਭ ਸੁੱਖ ਮਾਣਦੇ ਹਨ।''

ਦਰਅਸਲ ਪੁਰਾਤਨ ਸਮਿਆਂ ਅਤੇ ਵਰਤਮਾਨ ਵਿਚ ਸਿਰਜੇ ਗਏ ਅਠਾਰਹ ਤੀਰਥਾਂ ਸਮੇਤ ਲੱਖਾਂ ਧਰਮ ਅਸਥਾਨ ਅਜਿਹੇ ਕੇਂਦਰੀ ਬਿੰਦੂ ਹਨ, ਜਿੱਥੋਂ ਰੂੜ੍ਹੀਵਾਦੀਆਂ ਦਾ ਵਿਉਪਾਰ ਚੱਲਦਾ ਹੈ, ਜਿੱਥੋਂ ਉਨ੍ਹਾਂ ਦੀ ਆਰਥਿਕਤਾ ਮਜ਼ਬੂਤ ਹੁੰਦੀ ਹੈ, ਜਿੱਥੋਂ ਉਨ੍ਹਾਂ ਨੂੰ ਮਾਣ ਤੇ ਸਨਮਾਨ ਮਿਲਦਾ ਹੈ ਅਤੇ ਜਿੱਥੋਂ ਉਨ੍ਹਾਂ ਵੱਲੋਂ ਰਾਜਨੀਤੀ ਤੇ ਕਾਬਜ਼ ਹੋਣ ਅਤੇ ਜਨ-ਸਧਾਰਨ ਨੂੰ ਗੁਲਾਮ ਬਣਾਈ ਰੱਖਣ ਦੀਆਂ ਗੋਂਦਾਂ ਗੁੰਦੀਆਂ ਜਾਂਦੀਆਂ ਹਨ। ਇਸ ਸੰਦਰਭ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਨਿਮਨ-ਲਿਖਤ ਵਿਚਾਰ ਵਾਚਣਯੋਗ ਹੈ:

''ਹਿੰਦੂ ਧਰਮ (ਜੋ ਪੁਰਾਣੇ ਬ੍ਰਾਹਮਣ ਧਰਮ ਦਾ ਹੀ ਇਕ ਨਵਾਂ ਨਾਮ ਹੈ) ਕੋਈ ਧਰਮ ਨਹੀਂ ਬਲਕਿ ਉਸ ਤਰ੍ਹਾਂ ਦੇ ਚਰਿੱਤਰ ਵਾਲੀ ਇਕ ਰਾਜਨੀਤਿਕ ਵਿਚਾਰਧਾਰਾ ਹੈ ਜੋ ਪੂਰੀ ਤਰ੍ਹਾਂ ਲੋਕਤੰਤਰ ਵਿਰੋਧੀ ਹੈ।''

ਗੁਰੂ ਜੀ ਨੇ 'ਰਵਿਦਾਸ ਉਪਿਜਇ ਸਭ ਇਕ ਬੂੰਦ ਤੇ, ਕਾ ਬਾਹਮਨ ਕਾ ਸੂਦ'' ਕਹਿ ਕੇ ਵਰਣ-ਵਿਵਸਥਾ ਅਧੀਨ ਬ੍ਰਾਹਮਣ ਦੀ ਅਖੌਤੀ ਉਚ-ਪਦਵੀ ਨੂੰ ਚੁਣੌਤੀ ਦਿੱਤੀ ਹੈ। ਆਪ ਨੇ ਆਪਣੀ ਬਾਣੀ ਵਿਚ ਜਾਤ-ਪਾਤ ਅਤੇ ਊਚ-ਨੀਚ ਵਰਗੀ ਭਾਰਤੀ ਸਮਾਜ ਦੀ ਸਰੰਚਨਾ ਨੂੰ ਤਰਕਸ਼ੀਲ ਢੰਗ ਨਾਲ ਅਸਵੀਕਾਰ ਕੀਤਾ ਹੈ। ਆਪ ਦਾ ਕਥਨ ਹੈ ਕਿ ਜਦੋਂ ਸੰਸਾਰ ਦੇ ਸਾਰੇ ਜੀਵਾਂ ਦੀ ਉਤਪੱਤੀ ਇਕੋ ਢੰਗ ਅਤੇ ਵਿਧੀ ਦੁਆਰਾ ਹੁੰਦੀ ਹੈ ਤਾਂ ਇਹ ਜਨਮ-ਜਾਤ ਅਤੇ ਬ੍ਰਾਹਮਣ ਤੇ ਚਮਾਰ ਦਾ ਮਸਲਾ ਕਿਵੇਂ ਪੈਦਾ ਹੋ ਸਕਦਾ ਹੈ। ਆਪ ਜੀ ਦਾ ਫੁਰਮਾਨ ਹੈ:

**(ੳ) ਰਵਿਦਾਸ ਇਕ ਹੀ ਨੂਰ ਤੇ, ਜਿਮਿ ਉਪਜਯੋ ਸੰਸਾਰ।**
**ਊਚ ਨੀਚ ਕਿਹ ਬਿਧ ਭਯੇ, ਬਾਹਮਨ ਅਰੁ ਚਮਾਰ।।**
**(ਅ) ਰਵਿਦਾਸ ਜਨਮ ਕੇ ਕਾਰਨੈ ਹੋਤ ਨ ਕੋਊ ਨੀਚ।**
**ਨਰ ਕੂੰ ਨੀਚ ਕਰਿ ਡਾਰਿ ਹੈ, ਓਛੈ ਕਰਮ ਕੌ ਕੀਚ।।**

ਸਿਮ੍ਰਿਤੀਆਂ ਅਤੇ ਸ਼ਾਸਤਰਾਂ ਵਿਚ ਸ਼ੂਦਰ ਦੀ ਸਥਿਤੀ ਨੂੰ ਜਾਨਵਰਾਂ ਤੋਂ ਵੀ ਭੈੜੀ ਅੰਕਿਤ ਕਰਦਿਆਂ ਉਸ ਪ੍ਰਤੀ ਬੇਹੱਦ ਘਟੀਆ ਸ਼ਬਦਾਵਲੀ ਵਰਤੀ ਗਈ ਹੈ। ਪਰ ਇਸ ਖੋਜ-ਪੱਤਰ ਦੀ ਲਿਖਣ ਸੀਮਾ ਅਤੇ ਵਿਸ਼ੇ ਨੂੰ ਧਿਆਨ ਵਿਚ ਰੱਖਦਿਆਂ ਇੱਥੇ ਵਿਸਤ੍ਰਿਤ ਚਰਚਾ ਕਰਨੀ ਮੁਨਾਸਬ ਨਹੀਂ ਹੈ। 'ਸ੍ਰੀ ਰਾਮਚਰਿਤ ਮਾਨਸ' ਦੇ ਲੇਖਕ ਸ੍ਰੀ ਤੁਲਸੀ ਦਾਸ ਨੇ ਮਨੂੰ ਸਿਮ੍ਰਤੀ ਦਾ ਅਨੁਸਰਣ ਕਰਦਿਆਂ ਔਗੁਣਾਂ ਨਾਲ ਭਰੇ ਹੋਏ ਅਗਿਆਨੀ ਵਿਪ੍ਰ ਅਥਵਾ ਬ੍ਰਾਹਮਣ ਦੀ ਪੂਜਾ ਕਰਨ ਲਈ ਪ੍ਰੇਰਿਤ ਕਰਦਿਆਂ ਜਨ-ਸਧਾਰਨ ਨੂੰ ਗਿਆਨਵਾਨ, ਵਿਦਵਾਨ ਅਤੇ ਸਰਬ ਗੁਣ ਸੰਪੰਨ ਸ਼ੂਦਰ ਦੀ ਪੂਜਾ ਕਰਨ ਦੀ ਮਨਾਹੀ ਕੀਤੀ ਹੈ। ਉਹ ਲਿਖਦੇ ਹਨ:

**ਪੂਜਿਅ ਬਿਪ੍ਰ ਸੀਲ ਗੁਨ ਹੀਨਾ।**
**ਸੂਦ੍ਰ ਨਾ ਗੁਨ ਗਨ ਗਿਆਨ ਪ੍ਰਵੀਨਾ।।**

ਸਾਰੀਆਂ ਸਿਮ੍ਰਤੀਆਂ ਅਤੇ ਅਖੌਤੀ ਧਰਮ ਸ਼ਾਸਤਰ ਅਜਿਹੇ ਆਦੇਸ਼ਾਂ ਨਾਲ ਭਰੇ ਪਏ ਹਨ। ਪਰ ਸਤਿਗੁਰੂ ਰਵਿਦਾਸ ਜੀ ਨੇ 'ਊਚੇ ਕੁਲ ਕੈ ਕਾਰਣੇ ਬ੍ਰਾਹਮਣ ਕੋਈ ਨਾ ਹੋਏ' ਕਹਿ ਕੇ ਆਪਣੀ ਬਾਣੀ ਵਿਚ ਕਥਿਤ ਧਰਮ ਸ਼ਾਸਤਰਾਂ ਦੇ ਅਜਿਹੇ ਆਦੇਸ਼ਾਂ ਨੂੰ ਨਕਾਰਿਆ ਹੈ। ਗੁਰੂ ਜੀ ਨੇ ਹਉਮੈ ਦੀ ਅੱਗ ਵਿਚ ਸੜ ਰਹੇ ਅਜਿਹੇ ਅਖੌਤੀ ਕੁਲੀਨ ਵਰਗ ਨਾਲ ਸਬੰਧਤ ਵੱਡੇ ਕਵੀਆਂ, ਪੰਡਤਾਂ, ਜੋਗੀਆਂ, ਸੰਨਿਆਸੀਆਂ ਅਤੇ ਆਪਣੇ ਆਪ ਨੂੰ ਗੁਣੀ, ਗਿਆਨੀ, ਸੂਰਬੀਰ ਦਾਤੇ ਕਹਿਣ ਵਾਲਿਆਂ ਨੂੰ ਬਉਰੇ ਅਥਵਾ ਕਮਲੇ ਤੇ ਪਾਗਲ ਆਖਦਿਆਂ ਗੁਣਾਂ ਨਾਲ ਪ੍ਰਬੀਨ ਚੰਡਾਲ ਦੀ ਪੂਜਾ ਕਰਨ ਲਈ ਪ੍ਰੇਰਿਤ ਕਰਦਿਆਂ ਅਤੇ ਹੰਕਾਰ-ਗ੍ਰਸਤ ਗੁਣਹੀਣ ਬ੍ਰਾਹਮਣ ਦਾ ਸਤਿਕਾਰ ਕਰਨ ਤੋਂ ਵੀ ਮਨਾ ਕੀਤਾ ਹੈ, ਆਪ ਦਾ ਸਪਸ਼ਟ ਫੁਰਮਾਨ ਹੈ:

**(ੳ) ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ।।**
**ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ।।**
**ਕਹੁ ਰਵਿਦਾਸ ਸਭੈ ਨਹੀਂ ਸਮਝਸਿ ਭੂਲਿ ਪਰੇ ਜੈਸੇ ਬਉਰੇ।।**
**(ਅ) ਰਵਿਦਾਸ ਬਾਹਮਨ ਮਤ ਪੂਜੀਏ, ਜਉ ਹੋਵੇ ਗੁਨਹੀਨ।**
**ਪੂਜਹਿੰ ਚਰਨ ਚੰਡਾਲ ਕੇ, ਜਉ ਹੋਵੇ ਗੁਨ ਪਰਵੀਨ।।**

ਭਾਰਤੀ ਸਮਾਜ ਵਿਚ ਵਰਣ-ਵਿਵਸਥਾ ਅਤੇ ਜਾਤ-ਵੰਡ ਦੀ ਅਸਮਾਜਿਕ ਰੁਚੀ ਤੋਂ ਇਲਾਵਾ ਇਸਤਰੀ ਵਰਗ ਦੀ ਹਾਲਤ ਵੀ ਬਹੁਤ ਤਰਸਯੋਗ ਸੀ। ਅਨਪੜ੍ਹਤਾ, ਬਾਲ-ਵਿਆਹ, ਸਤੀ-ਪ੍ਰਥਾ, ਅਸੁਰੱਖਿਆ ਅਤੇ ਕਈ ਧਾਰਮਿਕ ਗ੍ਰੰਥਾਂ ਤੇ ਸਿਮ੍ਰਤੀਆਂ ਦੇ ਆਦੇਸ਼ਾਂ ਕਾਰਨ ਇਸਤਰੀ ਜਾਤੀ ਦੀ ਹਾਲਤ ਦੁੱਖ ਭਰੀ ਸੀ। ਧਰਮ ਸ਼ਾਸਤਰਾਂ ਅਨੁਸਾਰ 'ਇਸਤਰੀਆਂ ਨੂੰ ਸਿੱਖਿਆ ਨਹੀਂ ਦਿੱਤੀ ਜਾ ਸਕਦੀ, ਕਿਉਂਕਿ ਉਨ੍ਹਾਂ ਨੂੰ ਅਕਲ ਘੱਟ ਹੁੰਦੀ ਹੈ' ਅਤੇ 'ਇਸਤਰੀਆਂ, ਸ਼ੂਦਰ, ਵੈਸ਼ ਤੇ ਚੰਡਾਲ ਸਭ ਪਾਪ ਯੋਨੀ ਤੋਂ ਪੈਦਾ ਹੋਏ ਹਨ' ਵਰਗੇ ਅਮਾਨਵੀ ਧਾਰਮਿਕ ਫਰਮਾਨਾਂ ਨੇ ਇਸਤਰੀ ਦੀ ਸਥਿਤੀ ਨੂੰ ਦੁਰਦਸ਼ਾ ਅਤੇ ਨਿਰਾਦਰੀ ਦੀ ਹੱਦ ਤੱਕ ਪਹੁੰਚਾ ਦਿੱਤਾ। 'ਅਮੀਰ ਹਿੰਦੂ ਸ਼ਰਾਬ ਵੀ ਪੀਂਦੇ ਸਨ, ਜੂਆ ਵੀ ਖੇਡਦੇ ਸਨ ਅਤੇ ਜੂਏ ਵਿਚ ਔਰਤਾਂ ਨੂੰ ਵੀ ਦਾਅ ਤੇ ਲਾਉਂਦੇ ਸਨ। ਇਸ ਸਮਾਜਿਕ ਤੇ ਸਦਾਚਾਰਕ ਕੁਰੀਤੀ, ਕੁਕਰਮ ਤੇ ਕੁਰਹਿਤ ਨੇ ਗ੍ਰਿਹਸਥ ਜੀਵਨ ਨੂੰ ਤਬਾਹ ਕਰਕੇ ਰੱਖ ਦਿੱਤਾ। ਗੁਰੂ ਰਵਿਦਾਸ ਬਾਣੀ ਵਿਚ ਆਚਰਣ ਦੀ ਸ਼ੁਧਤਾ ਉਪਰ ਬਹੁਤ ਬਲ ਦਿੱਤਾ ਗਿਆ ਹੈ। ਡਾ. ਸੀਤਾ ਰਾਮ ਬਾਹਰੀ ਲਿਖਦੇ ਹਨ:

ਸੰਤਾਂ ਨੇ ਮਦ, ਮਾਸ, ਜੂਆ, ਭ੍ਰਿਸ਼ਟਾਚਾਰ ਆਦਿਕ ਬੁਰਾਈਆਂ ਨੂੰ ਹਟਾ ਕੇ ਗ੍ਰਿਹਸਥ ਨੂੰ ਸ਼ੁੱਧ ਅਤੇ ਉੱਚਾ ਬਣਾਉਣ ਦਾ ਯਤਨ ਕੀਤਾ। ਉਨ੍ਹਾਂ ਨੇ ਇਸਤਰੀਆਂ ਤੇ ਸ਼ੂਦਰਾਂ ਨੂੰ ਵੀ ਸਮਾਜਿਕ ਅਤੇ ਧਾਰਮਿਕ ਪੱਧਰ ਤੇ ਬਰਾਬਰੀ ਦੇ ਹੱਕ ਦਿੱਤੇ।

ਸਤਿਗੁਰੂ ਰਵਿਦਾਸ ਜੀ ਨੇ ਇਸਤਰੀ ਵਰਗ ਦੇ ਸਮਾਨ ਅਧਿਕਾਰਾਂ ਦੀ ਸੁਰੱਖਿਆ ਲਈ ਅਧਿਆਤਮਿਕਤਾ ਦੇ ਬੰਦ ਦਰਵਾਜ਼ੇ ਖੋਲ੍ਹੇ। ਆਪ ਨੇ ਚਿਤੌੜ ਦੀ ਮਹਾਰਾਣੀ ਰਤਨ ਕੁੰਵਰਿ ਉਰਫ ਝਾਲੀ ਅਤੇ ਉਸਦੀ ਨੂੰਹ, ਭਾਰਤ ਦੀ ਪ੍ਰਸਿੱਧ ਸੰਤ ਮੀਰਾ ਬਾਈ ਨੂੰ ਦੀਕਸ਼ਾ ਦੇ ਕੇ ਇਸਤਰੀ ਦੇ ਮਾਣ, ਸਨਮਾਨ ਅਤੇ ਸਤਿਕਾਰ ਵਿਚ ਵਾਧਾ ਕੀਤਾ।

ਆਪ ਸੱਚੇ ਕਰਮਯੋਗੀ ਸਨ ਅਤੇ ਆਪਣੀ ਕਿਰਤ ਨੂੰ ਪ੍ਰਭੂ-ਭਗਤੀ ਤੋਂ ਵੀ ਵੱਧ ਪਵਿੱਤਰ ਸਮਝਦੇ ਸਨ।' ਕਰਮ ਹੀ ਪੂਜਾ ਹੈ' ਆਪ ਜੀ ਦੇ ਜੀਵਨ ਦਾ ਪ੍ਰਮੁੱਖ ਸਿਧਾਂਤ ਸੀ। ਆਪ ਨੇ ਜੀਵਨ ਵਿਚ 'ਜੋ ਵਿਚਾਰਿਆ, ਉਸਨੂੰ ਕਮਾਇਆ ਅਤੇ ਜੋ ਕਮਾਇਆ, ਉਹੋ ਹੀ ਸੁਣਾਇਆ ਅਤੇ ਪ੍ਰਗਟਾਇਆ।'

ਆਪ ਦੀ ਕਹਿਣੀ ਅਤੇ ਕਰਨੀ ਵਿਚ ਕੋਈ ਅੰਤਰ ਨਹੀਂ ਸੀ। ਡਾ. ਧਰਮਪਾਲ ਮੈਨੀ ਦਾ ਮੱਤ ਹੈ ਕਿ ਸੰਤ ਰਵਿਦਾਸ ਨੇ ਕਥਨੀ ਤੇ ਕਰਨੀ ਦੀ ਏਕਤਾ ਦੇ ਮਹੱਤਵ ਨੂੰ ਸਦਾ ਹੀ ਹਿੱਕ ਨਾਲ ਲਾ ਕੇ ਰੱਖਿਆ। ਦਰਅਸਲ ਮੱਧਕਾਲੀਨ ਸੰਤ-ਸਤਿਗੁਰੂਆਂ ਨੇ ਸਦੀਆਂ ਪਹਿਲਾਂ ਤਥਾਗਤ ਬੁੱਧ ਦੁਆਰਾ ਆਰੰਭੀ ਸ਼੍ਰਮਣ ਸੰਸਕ੍ਰਿਤੀ ਦੀ ਲੋਕ-ਲਹਿਰ ਨੂੰ ਹੀ ਪੁਨਰ ਸੁਰਜੀਤ ਕਰਨ ਦਾ ਯਤਨ ਕੀਤਾ। ਡਾ. ਬੁੱਧ ਰਾਮ ਗੁਪਤਾ ਦਾ ਕਥਨ ਹੈ:

''ਰਵਿਦਾਸ ਜੀ ਨੇ ਆਪਣੇ ਨੀਵੇਂ ਵਰਗ ਦੀ ਕਿਰਤੀ-ਸ਼ਾਨ ਨੂੰ ਹੀ ਨਹੀਂ ਵਧਾਇਆ ਸਗੋਂ ਦਸਾਂ ਨੌਹਾਂ ਦੀ ਕਿਰਤ ਦਾ ਹਿਤ ਪੂਰਿਆ, ਸੱਚੀ-ਸੁੱਚੀ ਮਿਹਨਤ ਵਿਚ ਜੁਟੇ ਲੋਕਾਂ ਨੂੰ ਕਿਰਤ ਦੇ ਸਹਾਰੇ ਹੀ ਬੁਲੰਦ ਹੋਣ ਲਈ ਪ੍ਰੇਰਿਆ। ਚਾਹੇ ਇਹ ਪ੍ਰੇਰਨਾ, ਭਰਪੂਰ ਇਸ਼ਕੇ-ਇਲਾਜ ਵਿਚ ਰੰਗੀ ਹੋਈ ਸੀ, ਇਸ ਕਿਰਤ ਪ੍ਰੇਮ ਨੇ ਹੀ ਅਜੋਕੀ ਸਦੀ ਦੇ ਸਮਾਜਵਾਦ ਅਤੇ ਕਾਮਿਆਂ ਦੇ ਇਨਕਲਾਬ ਨੂੰ ਜਨਮ ਦਿੱਤਾ।

ਆਰਥਿਕ ਸੰਪਨਤਾ ਲਈ ਨਿਰੰਤਰ ਕਿਰਤ ਨਾਲ ਜੁੜੇ ਰਹਿਣ, 'ਅਬਿਦਿਆ' ਤੇ ਅਗਿਆਨਤਾ ਤੋਂ ਮੁਕਤੀ ਲਈ ਬਿਬੇਕ ਰੂਪੀ ਦੀਪ ਦੀ ਮਲੀਨਤਾ ਨੂੰ ਵਿੱਦਿਆ ਦੇ ਨੂਰ ਨਾਲ ਪ੍ਰਜਵਲਿਤ ਕਰਨ, ਨਸ਼ਿਆਂ ਦੇ ਸੇਵਨ ਤੋਂ ਪ੍ਰਹੇਜ, ਸਾਦੀ ਰਹਿਣੀ-ਬਹਿਣੀ ਅਤੇ ਦੂਸਰਿਆਂ ਪ੍ਰਤੀ ਹਮਦਰਦੀ ਅਰਥਾਤ ਪਰਾਇਆ ਦਰਦ ਵੰਡਾਉਣ ਦੀ ਪ੍ਰੇਰਨਾ ਮਨੁੱਖੀ ਅਰਥਚਾਰੇ ਨੂੰ ਹੁਲਾਰਾ ਦੇਣ ਦੀ ਸਮਰੱਥਾ ਰੱਖਦੀ ਹੈ। ਜਨ-ਕਲਿਆਣ ਦੀ ਭਾਵਨਾ ਨਾਲ ਓਤਪੋਤ ਵੇਦਨਾ ਭਰਪੂਰ ਦਿਲ ਪਰਾਇਆਂ ਪ੍ਰਤੀ ਵੀ ਅਕਹਿ, ਅਸਹਿ ਤੇ ਅਥਾਹ ਦਰਦ ਰੱਖਦਾ ਹੈ। ਗੁਰੂ ਜੀ ਦਾ ਕਥਨ ਹੈ ਕਿ ਸੰਵੇਦਨਸ਼ੀਲ ਤੇ ਦਰਦਮੰਦ ਹਿਰਦੇ ਵਿਚ ਹੀ ਪਰਾਈ ਪੀੜ ਦਾ ਅਹਿਸਾਸ ਹੋ ਸਕਦਾ ਹੈ:

**ਸੋ ਕਤ ਜਾਨੈ ਪੀਰ ਪਰਾਈ।।**
**ਜਾ ਕੈ ਅੰਤਰਿ ਦਰਦ ਨਾ ਪਾਈ।।**

ਗੁਰੂ ਰਵਿਦਾਸ ਜੀ ਦੀ ਬਾਣੀ ਸਮਕਾਲੀਨ ਅਣਉਚਿਤ, ਅਯੋਗ, ਅਜੋੜ, ਅਸਾਵੀਂ, ਅਨਿਆਂ-ਪੂਰਣ, ਅੱਤਿਆਚਾਰੀ ਅਤੇ ਅੰਦੇਸ਼ਿਆਂ ਭਰਪੂਰ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਧਾਰਮਿਕ ਵਿਵਸਥਾ ਵਿਰੁੱਧ 'ਬੇਗਮਪੁਰਾ ਸਹਰ' ਦੇ ਸੰਕਲਪ ਦੁਆਰਾ ਅਜਿਹੇ ਸੁਤੰਤਰ ਤੇ ਸਦੀਵੀ ਰਾਜ ਦਾ ਮਾਡਲ ਪ੍ਰਸਤੁਤ ਕਰਦੀ ਹੈ, ਜਿਸ ਵਿਚ ਏਕਾਧਿਕਾਰੀ ਸਾਮੰਤਸ਼ਾਹੀ ਹਕੂਮਤ ਦੀ ਥਾਂ ਸਹੀ ਮਾਇਨਿਆਂ ਵਿਚ ਲੋਕਤੰਤਰ ਹੋਵੇ। ਪ੍ਰੰਤੂ ਪਦਾਰਥਵਾਦੀ ਰੁਚੀਆਂ ਅਧੀਨ ਅਸੀਂ ਆਪਣੇ ਸੰਤ-ਸਤਿਗੁਰੂਆਂ ਦੀ ਵਿਵਹਾਰਕ ਵਿਚਾਰਧਾਰਾ ਤੋਂ ਬੜੀ ਤੇਜ਼ੀ ਨਾਲ ਦੂਰ ਹੁੰਦੇ ਜਾ ਰਹੇ ਹਾਂ। ਅਜੋਕੀਆਂ ਤੇ ਮੱਧਕਾਲੀਨ ਪ੍ਰਸਥਿਤੀਆਂ ਵਿਚ ਵਧੇਰੇ ਪਰਿਵਰਤਨ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਅੱਜ ਦਾ ਅਖੌਤੀ ਆਜ਼ਾਦ ਤੇ ਸੁਤੰਤਰ ਮਨੁੱਖ ਹਾਲੇ ਵੀ ਸਮਾਜਿਕ ਰਹਿਤਾਂ, ਧਾਰਮਿਕ ਵਲਗਣਾਂ, ਬੰਦਸ਼ਾਂ ਤੇ ਰਾਜਸ਼ਕਤੀ ਦਾ ਕੈਦੀ, ਗੁਲਾਮ ਤੇ ਪਰਾਧੀਨ ਹੈ। ਜਾਤਾਂ, ਰੰਗਾਂ, ਨਸਲਾਂ, ਕੌਮਾਂ ਅਤੇ ਕਿੱਤਿਆਂ ਦੇ ਵਿਤਕਰੇ ਕਿਸੇ ਨਾ ਕਿਸੇ ਬਦਲਵੇਂ ਰੂਪ ਵਿਚ ਅੱਜ ਵੀ ਮੌਜੂਦ ਹਨ।

ਬ੍ਰਾਹਮਣਵਾਦ ਹਰ ਮਨੁੱਖ, ਜਾਤ, ਕੌਮ, ਮਜ਼ਹਬ ਅਤੇ ਨਸਲ ਵਿਚ ਸਮਾ ਗਿਆ ਹੈ। ਗੁਰੂ ਰਵਿਦਾਸ ਜੀ ਦੇ ਵਿਸ਼ਵ ਭਾਈਚਾਰੇ ਦੇ ਫਲਸਫੇ ਨੂੰ ਸੰਕੀਰਣ ਦਾਇਰਿਆਂ ਵਿਚ ਕੈਦ ਕੀਤਾ ਜਾ ਰਿਹੈ। ਲੋਭ, ਲਾਲਚ, ਲਾਲਸਾ, ਨਸ਼ਾਖੋਰੀ, ਸੁਕਿਰਤ ਤੋਂ ਬੇਮੁਖਤਾ, ਬੇਈਮਾਨੀ, ਬਦਇਖਲਾਕੀ, ਬੇਗੈਰਤੀ, ਬੇਤਰਸੀ, ਬੇਦਰਦੀ, ਬੇਲਿਹਾਜੀ, ਬੇਵਿਸ਼ਵਾਸੀ, ਬੇਵਫਾਈ ਤੇ ਸਵਾਰਥੀ ਰੁਚੀਆਂ ਅਧੀਨ ਗੁਰੂ ਜੀ ਦੀ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਕੇ, ਜਿਸ ਰੂੜ੍ਹੀਵਾਦੀ ਕਰਮਕਾਂਡ, ਆਡੰਬਰ ਤੇ ਪਾਖੰਡ ਦਾ ਸਤਿਗੁਰੂ ਰਵਿਦਾਸ ਜੀ ਨੇ ਖੰਡਨ ਕੀਤਾ ਸੀ, ਉਸਨੂੰ ਹੀ ਪੂਰੀ ਤਰ੍ਹਾ ਅਪਣਾ ਲਿਆ ਗਿਆ ਹੈ।

ਸਾਡਾ ਸਾਰਿਆਂ ਦਾ ਇਹ ਫਰਜ਼ ਬਣਦੈ ਕਿ ਸਤਿਗੁਰੂ ਰਵਿਦਾਸ ਜੀ ਦੀ ਇਨਕਲਾਬੀ, ਤਰਕਸ਼ੀਲ ਅਤੇ ਮਾਨਵਵਾਦੀ ਵਿਚਾਰਧਾਰਾ ਨੂੰ ਅਮਲੀ ਤੇ ਵਿਵਹਾਰਿਕ ਰੂਪ ਵਿਚ ਆਪਣੇ ਜੀਵਨ ਵਿਚ ਧਾਰਨ ਕਰੀਏ, ਤਾਂ ਹੀ ਆਪ ਜੀ ਦੇ ਪੁਰਬ ਮਨਾਉਣੇ ਅਤੇ ਧਾਰਮਿਕ ਸਮਾਗਮ ਆਯੋਜਿਤ ਕਰਨੇ ਸਾਰਥਕ ਹੋ ਸਕਦੇ ਹਨ।

# ਗੁਰੂ ਰਵਿਦਾਸ ਜੀ ਦੀ ਸੋਚ ਅਤੇ ਅਸੀਂ

ਜਸਵੀਰ ਸਿੰਘ ਮੋਰੋਂ
94172-62838

**(ਇਕ ਭਾਸ਼ਣ ਦਾ ਲਿਖਤ ਰੂਪ)**

ਅੱਜ ਦੇ ਇਸ ਪ੍ਰੋਗਰਾਮ ਵਿਚ ਪਹੁੰਚੇ ਗੁਰੂ ਰਵਿਦਾਸ ਜੀ ਦੇ ਨਾਮ ਲੇਵਾ ਸਮੂਹ ਸਾਧ-ਸੰਗਤ ਜੀਓ ਅਤੇ ਇਸ ਪ੍ਰੋਗਰਾਮ ਦੇ ਪ੍ਰਬੰਧਕਾਂ, ਪਿੰਡ ਵਾਸੀਆਂ ਦਾ ਮੈਂ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਆਪ ਜੀ ਦੇ ਸਨਮੁੱਖ ਆਪਣੇ ਵਿਚਾਰ ਪੇਸ਼ ਕਰਨ ਦਾ ਮੌਕਾ ਪ੍ਰਦਾਨ ਕੀਤਾ ਹੈ। ਦੱਸਿਆ ਗਿਆ ਹੈ ਕਿ ਸੰਗਤ ਵੱਲੋਂ ਪਿਛਲੇ ਕਈ ਦਿਨਾਂ ਤੋਂ ਪਿੰਡ ਵਿਚ ਪ੍ਰਭਾਤ ਫੇਰੀਆਂ ਦਾ ਆਯੋਜਨ ਕੀਤਾ ਜਾਂਦਾ ਰਿਹਾ ਹੈ, ਜਿਸ ਦੌਰਾਨ ''ਜੋ ਬੋਲੇ ਸੋ ਨਿਰਭੈਅ, ਗੁਰੂ ਰਵਿਦਾਸ ਮਹਾਰਾਜ ਜੀ ਦੀ ਜੈ'' ਅਤੇ 'ਰਵਿਦਾਸ ਤੇਰੀ ਸੋਚ ਤੇ, ਪਹਿਰਾ ਦਿਆਂਗੇ ਠੋਕ ਕੇ' ਦੇ ਜੈਕਾਰੇ ਅੰਮ੍ਰਿਤ ਵੇਲੇ ਪਿੰਡ ਦੀਆਂ ਗਲੀਆਂ ਵਿਚ ਗੂੰਜਦੇ ਰਹੇ ਹਨ। ਇਹ ਚੰਗੀ ਗੱਲ ਹੈ ਕਿ ਤੁਸੀਂ ਆਪਣੇ ਮਹਾਨ ਰਹਿਬਰ ਨੂੰ ਯਾਦ ਕਰ ਰਹੇ ਹੋ। ਆਪ ਜੀ ਵੱਲੋਂ ਪੰਡਾਲ ਬੜੇ ਸੁੰਦਰ ਢੰਗ ਨਾਲ ਸਜਾਇਆ ਹੋਇਆ ਹੈ।ਪੰਡਾਲ ਅੰਦਰ ਫੁੱਲਾਂ, ਲੜੀਆਂ ਅਤੇ ਝੰਡਿਆਂ ਦੇ ਨਾਲ-ਨਾਲ ਗੁਰੂ ਜੀ ਦੇ ਵਿਚਾਰਾਂ ਨੂੰ ਬੈਨਰਾਂ 'ਤੇ ਲਿਖਵਾ ਕੇ, ਛਪਵਾ ਕੇ ਵੀ ਸੁਸ਼ੋਭਿਤ ਕੀਤਾ ਹੋਇਆ ਹੈ। ਪਰ ਅੱਜ ਸਾਡੇ ਸਭ ਦੇ ਸਾਹਮਣੇ ਇਹ ਸਵਾਲ ਖੜ੍ਹਾ ਹੈ ਕਿ ਆਪਾਂ ਗੁਰੂ ਜੀ ਦੇ ਵਿਚਾਰਾਂ ਨੂੰ ਸਿਰਫ਼ ਜੈਕਾਰੇ ਲਾਉਣ, ਛਪਵਾਉਣ ਤੱਕ ਹੀ ਸੀਮਤ ਰੱਖਣਾ ਹੈ ਜਾਂ ਇਹਨਾਂ 'ਤੇ ਅਮਲ ਵੀ ਕਰਨਾ ਹੈ? ਪ੍ਰੰਤੂ ਅਜੇ ਅਸੀਂ ਇੱਥੇ ਤੱਕ ਹੀ ਸੀਮਤ ਹਾਂ। ਹਰ ਸਾਲ ਇਕੱਠੇ ਹੋ ਕੇ ਕੁਝ ਦਿਨ ਜਨਮ-ਪੁਰਬ ਮਨਾਉਣ ਤੱਕ ਗੁਰੂ ਜੀ ਦੇ ਨਾਮ ਦਾ ਰੌਲਾ ਜਿਹਾ ਪਾ ਕੇ, ਫਿਰ ਸਾਲ ਭਰ ਲਈ ਚੁੱਪ ਹੋ ਜਾਂਦੇ ਹਾਂ। ਉਨ੍ਹਾਂ ਦੇ ਵਿਚਾਰਾਂ ਤੇ ਗੰਭੀਰਤਾ ਨਾਲ ਵਿਚਾਰ ਚਰਚਾ ਨਹੀਂ ਕਰਦੇ। ਉਹਨਾਂ ਦੇ ਉਪਦੇਸ਼, ਉਦੇਸ਼ ਨੂੰ ਸਹੀ ਰੂਪ ਵਿਚ ਸਮਝਣ ਦੀ ਕੋਸ਼ਿਸ਼ ਨਹੀਂ ਕਰ ਰਹੇ। ਐਨਾ ਅਹਿਮ ਦਿਨ ਰਾਗੀਆਂ ਤੇ ਰਾਗ-ਰੰਗ, ਰਾਜਸੀ ਨੇਤਾਵਾਂ ਦੇ ਭਾਸ਼ਣ, ਲੰਗਰ ਦੀ ਮਹਿਕ ਤੇ ਸੁਆਦ ਅਤੇ ਪਟਾਕਿਆਂ ਦੇ ਸ਼ੋਰ ਵਿਚ ਗੁਆ ਦਿੰਦੇ ਹਾਂ। ਉਂਝ ਅਸੀਂ ਵੀਰਵਾਰ, ਐਤਵਾਰ ਅਤੇ ਤਿਉਹਾਰਾਂ ਮੌਕੇ ਮੜ੍ਹੀਆਂ 'ਤੇ ਦੀਵੇ ਜਗਾਉਣ ਨਾਲ ਹੀ ਕਿਸੇ ਦਾ ਕੁਝ ਭਲਾ ਹੋਣਾ ਹੁੰਦਾ ਤਾਂ ਹਰ ਘਰ ਅਤੇ ਧਾਰਮਿਕ ਸਥਾਨਾਂ ਤੇ ਬਲਬਾਂ ਦੀਆਂ ਲੜੀਆਂ ਜਗਾਉਣ ਵਾਲਾ ਬਿਜਲੀ ਬੋਰਡ ਕਦੇ ਵੀ ਉਜਾੜੇ ਦੇ ਰਾਹ ਨਾ ਪੈਂਦਾ। ਆਪਣੇ ਦਿਮਾਗ ਦੇ ਦੀਵੇ 'ਚ ਗਿਆਨ ਦੀ ਬੱਤੀ ਬਾਲ ਕੇ ਚਾਨਣ ਕਰਨਾ ਪੈਣਾ ਹੈ। ਫਿਰ ਹੀ ਸਹੀ ਰਸਤਾ, ਸਹੀ ਦਿਸ਼ਾ ਦਿਖਾਈ ਦੇਵੇਗੀ। ਨਹੀਂ ਤਾਂ ਇੰਝ ਹੀ ਭੁਲੇਖਿਆਂ ਦੇ ਹਨੇਰ ਵਿਚ ਟੱਕਰਾਂ ਖਾਣ ਤੋਂ ਬਿਨਾਂ, ਦੁੱਖ ਸਹਿਣ ਤੋਂ ਬਿਨਾਂ ਕੁਝ ਵੀ ਪ੍ਰਾਪਤ ਨਹੀਂ ਹੋਣਾ।

ਜੇ ਸੱਚਮੁੱਚ ਅਸੀਂ ਗੁਰੂ ਰਵਿਦਾਸ ਜੀ ਦੀ ਸੋਚ 'ਤੇ ਪਹਿਰਾ ਦੇਣ ਦਾ ਵਾਅਦਾ ਕਰਦੇ ਹਾਂ ਤਾਂ ਅੱਜ ਇਸ ਮੌਕੇ 'ਤੇ ਉਨ੍ਹਾਂ ਦੇ ਵਿਚਾਰਾਂ 'ਤੇ ਅਮਲ ਕਰਨ ਦਾ ਪ੍ਰਣ ਕਰਨਾ ਚਾਹੀਦਾ ਹੈ। ਸਾਲ ਭਰ ਲਈ ਕਾਰਜ ਤੈਅ ਕਰਨੇ ਚਾਹੀਦੇ ਹਨ। ਬੜੀ ਹੈਰਾਨੀ ਦੀ ਗੱਲ ਹੈ ਕਿ ''ਰਵਿਦਾਸ ਤੇਰੀ ਸੋਚ ਤੇ, ਪਹਿਰਾ ਦਿਆਂਗੇ ਠੋਕ ਕੇ'' ਦਾ ਜੈਕਾਰਾ ਤਾਂ ਪੂਰਾ ਜ਼ੋਰ ਲਗਾ ਕੇ ਲਗਾਉਂਦੇ ਹਾਂ। ਪਰ ਅਮਲ ਬਿਲਕੁਲ ਵੀ ਨਹੀਂ ਕਰਦੇ। ਝੂਠ ਬੋਲਣ ਨੂੰ ਮਾੜਾ ਸਮਝਿਆ ਜਾਂਦਾ ਹੈ। ਪਰ ਜੇ ਕੋਈ ਸਵੇਰੇ-ਸਵੇਰੇ ਝੂਠ ਬੋਲੇ ਉਹਨੂੰ ਉਸ ਤੋਂ ਵੀ ਬੁਰਾ ਮੰਨਿਆ ਜਾਂਦਾ ਹੈ। ਜੇਕਰ ਕਿਸੇ ਵਿਅਕਤੀ ਦੇ ਕੀਤੇ ਵਾਅਦੇ ਤੋਂ ਮੁੱਕਰਨ ਦਾ ਡਰ ਹੋਵੇ ਤਾਂ ਫਿਰ ਚਾਰ ਬੰਦੇ ਇਕੱਠੇ ਕਰਕੇ ਉਹਨਾਂ ਸਾਹਮਣੇ ਅਸੀਂ ਗੱਲ ਕਰਦੇ ਹਾਂ। ਐਪਰ ਅਸੀਂ ਪਿੰਡ ਦੀ ਗਲੀ-ਗਲੀ ਫਿਰ ਕੇ ਸਵੇਰੇ-ਸਵੇਰੇ 'ਰਵਿਦਾਸ ਤੇਰੀ ਸੋਚ ਤੇ, ਪਹਿਰਾ ਦਿਆਂਗੇ ਠੋਕ ਕੇ' ਕਹਿੰਦੇ ਫਿਰਦੇ ਹਾਂ ਭਾਵ ਵਾਅਦਾ ਕਰਦੇ ਹਾਂ।ਉਹ ਵੀ ਸਭ ਦੇ ਸਾਹਮਣੇ। ਪ੍ਰੰਤੂ ਜਨਮ-ਪੁਰਬ ਦੇ ਦੂਸਰੇ ਦਿਨ ਹੀ ਇਸ ਕੀਤੇ ਵਾਅਦੇ ਤੋਂ ਮੁੱਕਰ ਜਾਂਦੇ ਹਾਂ, ਭੁੱਲ ਜਾਂਦੇ ਹਾਂ। ਵਾਰ-ਵਾਰ ਹਰ ਸਾਲ ਵਾਅਦਾ ਕਰਕੇ ਮੁੱਕਰ ਜਾਣ ਤੋਂ ਮਾੜੀ ਗੱਲ ਸਾਡੇ ਸਭਨਾਂ ਲਈ ਹੋਰ ਕੀ ਹੋ ਸਕਦੀ ਹੈ। ਕੀ ਇਹ ਆਪਣੇ ਰਹਿਬਰ ਨਾਲ ਧੋਖਾ ਕਰਨ ਵਾਲੀ ਗੱਲ ਨਹੀਂ? ਕੀ ਇਹ ਆਪਣੇ ਰਹਿਬਰ ਨਾਲ ਕੋਝਾ ਮਜ਼ਾਕ ਨਹੀਂ ਕੀਤਾ ਜਾ ਰਿਹਾ? ਜ਼ਰਾ ਸੋਚ ਕੇ ਤਾਂ ਵੇਖੋ?

ਪੰਡਾਲ ਅੰਦਰ ਔਹ ਸਾਹਮਣੇ ਲਿਖ ਕੇ ਲਗਾਇਆ ਹੋਇਆ ਹੈ ''ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੈ ਸਭਨ ਕੋ ਅੰਨ, ਛੋਟ ਬੜੇ ਸਭ ਸਮ ਵਸੈ, ਰਵਿਦਾਸ ਰਹੇ ਪ੍ਰਸੰਨ।''

ਗੁਰੂ ਸਾਹਿਬ ਨੇ ਇਹਨਾਂ ਦੋ ਸਤਰਾਂ ਅੰਦਰ ਆਰਥਿਕ ਮੁਕਤੀ ਅਤੇ ਸਮਾਜਿਕ ਵਿਵਸਥਾ ਪਰਿਵਰਤਨ ਦਾ ਸੁਨੇਹਾ ਦਿੱਤਾ ਹੋਇਆ ਹੈ। ਉਹਨਾਂ ਵੱਲੋਂ ਸੈਂਕੜੇ ਸਾਲ ਪਹਿਲਾਂ ਲਏ ਸੰਕਲਪ, ਤੈਅ ਕੀਤੇ ਗਏ ਉਦੇਸ਼ ਰਾਹੀਂ ਆਪਣੀ ਸੋਚ ਦਾ ਪ੍ਰਗਟਾਵਾ ਕੀਤਾ ਹੋਇਆ ਹੈ। ਜਿਸ ਦੀ ਪੂਰਤੀ ਕਰਨ ਖਾਤਰ ਉਹ ਆਪਣੀ ਉਮਰ ਦਾ ਪਲ-ਪਲ ਅਛੂਤ ਭਾਰਤੀ ਸਮਾਜ ਦੇ ਲੇਖੇ ਲਗਾ ਗਏ।ਐਪਰ ਅਸੀਂ ਅਰਦਾਸਾਂ, ਬੇਨਤੀਆਂ ਕਰ-ਕਰ ਕੇ ਉਹਨਾਂ ਦੇ ਉਦੇਸ਼ ਨੂੰ ਪੂਰਾ ਕਰਨ ਦਾ ਪਾਖੰਡ ਕਰ ਰਹੇ ਹਾਂ। ਅਸਲ ਵਿਚ ਕੁਝ ਵੀ ਨਹੀਂ ਕਰ ਰਹੇ। ਪਰ ਹੁਣ ਅਸੀਂ ਕਿਤੇ ਵੀ ਮੱਥਾ ਟੇਕਣ ਲੱਗਿਆਂ, ਹੱਥ ਖੁੱਲ੍ਹੇ ਹੀ ਰੱਖਦੇ ਹਾਂ। ਇਹ ਸੋਚ ਕੇ ਸ਼ਾਇਦ ਹੁਣੇ ਹੀ ਬੁੱਕ 'ਚ ਕੁਝ ਨਾ ਕੁਝ ਆ ਡਿੱਗਣਾ ਹੈ। ਕਿਤੇ ਕ੍ਰਿਕਟ ਦੀ ਗੇਂਦ ਵਾਂਗ ਰਹਿਮਤਾਂ ਪਾਸੇ ਨਾ ਜਾ ਪੈਣ। ਜੇਕਰ ਕਿਸੇ ਧਾਰਮਿਕ ਸਥਾਨ, ਰਹਿਬਰ ਦੀ ਤਸਵੀਰ ਜਾਂ ਛੋਟੇ-ਵੱਡੇ ਪੁਜਾਰੀ ਅੱਗੇ ਮੱਥਾ ਟੇਕਣ ਨਾਲ ਹੀ ਰਹਿਮਤਾਂ ਦਾ ਪੱਲਾ ਭਰ ਜਾਣਾ ਹੋਵੇ ਤਾਂ ਫਿਰ ਸਾਨੂੰ ਹੋਰ ਕੁਝ ਕਰਨ ਦੀ ਜ਼ਰੂਰਤ ਹੀ ਕੀ ਰਹਿ ਜਾਂਦੀ ਹੈ। ਸੋਚਣ ਤੇ ਸਮਝਣ ਦੀ ਸਖ਼ਤ ਜ਼ਰੂਰਤ ਹੈ। ਜੋ ਵੀ ਗੁਰੂ ਜੀ ਦੇ ਨਾਂ ਤੇ ਪਾਠ-ਪੂਜਾ, ਚਮਕ-ਦਮਕ, ਢੋਲ-ਢਮੱਕਾ ਕੀਤਾ ਜਾਂਦਾ ਹੈ। ਕੀ ਇਹਦੇ ਨਾਲ ਗੁਰੂ ਜੀ ਦੇ ਉਦੇਸ਼ ਦੀ ਪ੍ਰਾਪਤੀ ਹੋ ਸਕਦੀ ਹੈ? ਕੀ ਉਹਨਾਂ ਦੀ ਸੋਚ 'ਤੇ ਪਹਿਰਾ ਦੇਣ ਦਾ ਇਹੋ ਹੀ ਇਕ ਤਰੀਕਾ ਹੈ? ਕੀ ਇੰਝ ਅਜਿਹਾ ਪ੍ਰਬੰਧ ਸਿਰਜਿਆ ਜਾ ਸਕਦਾ ਹੈ? ਜਿੱਥੇ ਕੋਈ ਭੁੱਖਾ ਨਾ ਸੌਂਵੇ, ਭੁੱਖਾ ਨਾ ਮਰੇ।ਕੀ ਇਸ ਤਰ੍ਹਾਂ ਛੂਆ-ਛਾਤ, ਜਾਤ-ਪਾਤ ਦਾ ਸਮਾਜਿਕ ਵਿਤਕਰਾ ਖਤਮ ਹੋ ਸਕਦਾ ਹੈ? ਕੀ ਵੱਡੇ-ਵੱਡੇ ਧਾਰਮਿਕ ਸਮਾਗਮ ਕਰਕੇ ਜਾਂ ਵੱਡੇ ਧਾਰਮਿਕ ਸਥਾਨਾਂ ਦੀ ਉਸਾਰੀ ਕਰਨ ਨਾਲ ਸਮਾਜਿਕ ਮਾਣ ਸਨਮਾਨ ਬਹਾਲ ਹੋ ਜਾਵੇਗਾ? ਕੀ ਇੰਝ ਕਰਕੇ ਸਾਡੇ ਆਰਥਿਕ ਮਸਲੇ ਹੱਲ ਹੋ ਜਾਣੇ ਹਨ?

ਜੇ ਉਪਰੋਕਤ ਕਾਰਜਾਂ ਨਾਲ ਗੁਰੂ ਜੀ ਦਾ ਉਦੇਸ਼ ਪੂਰਾ ਨਹੀਂ ਕੀਤਾ ਜਾ ਸਕਦਾ ਜਾਂ ਨਹੀਂ ਹੋ ਰਿਹਾ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਸੋਚ ਤੇ ਸਹੀ ਪਹਿਰਾ ਨਹੀਂ ਦਿੱਤਾ ਜਾ ਰਿਹਾ। ਸੋਚ ਤੇ ਪਹਿਰਾ ਦੇਣ ਦੇ ਨਾਂ ਉੱਤੇ ਕਰੋੜਾਂ ਰੁਪਏ ਬਰਬਾਦ ਕੀਤੇ ਜਾ ਰਹੇ ਹਨ। ਸੋਚ ਤੇ ਪਹਿਰਾ ਦੇਣ ਦੇ ਨਾਂ 'ਤੇ ਦਿਖਾਵਾ ਕੀਤਾ ਜਾ ਰਿਹਾ ਹੈ। ਸਿਰਫ਼ ਰੂੜੀਵਾਦੀ ਖਪਤਵਾਦੀ ਰਸਮਾਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ। ਰੂੜੀਵਾਦੀ ਰਸਮਾਂ-ਰੀਤਾਂ ਮੁਤਾਬਕ ਚੱਲਣਾ ਲਾਈਲੱਗ ਲੋਕਾਂ ਦਾ ਕੰਮ ਹੁੰਦਾ ਹੈ। ਲਾਈਲੱਗ ਵਿਅਕਤੀ ਨੂੰ ਸਮਾਜ ਵਿਚ ਸਿਆਣਾ ਨਹੀਂ ਮੰਨਿਆ ਜਾਂਦਾ। ਗੁਰੂ ਰਵਿਦਾਸ ਜੀ ਨੇ ਰੂੜੀਵਾਦੀ ਰੀਤਾਂ, ਰਿਵਾਜਾਂ ਨੂੰ ਤੋੜਨ ਦਾ ਰਾਹ ਚੁਣਿਆ ਸੀ। ਸਮਾਜ ਅੰਦਰ ਊਚ-ਨੀਚ, ਛੂਆ-ਛਾਤ, ਗਰੀਬੀ, ਆਰਥਿਕ ਨਾ-ਬਰਾਬਰੀ ਆਦਿ ਦੇ ਵਿਰੁੱਧ ਉਹਨਾਂ ਆਵਾਜ਼ ਉਠਾਈ ਸੀ। ਸਮਾਜ ਅੰਦਰ ਜੋ ਵਿਤਕਰੇ ਚੱਲ ਰਹੇ ਸਨ ਉਹਨਾਂ ਖਿਲਾਫ ''ਐਸਾ ਚਾਹੂੰ ਰਾਜ ...'' ਦੇ ਨਾਅਰੇ ਰਾਹੀਂ ਬਗਾਵਤ ਦਾ ਝੰਡਾ ਚੁੱਕਿਆ ਸੀ। ਸਮਾਜ ਦੇ ਇਕ ਵੱਡੇ ਹਿੱਸੇ ਨੂੰ ਗੁਲਾਮ ਕਰਨ ਲਈ ਸ਼ੈਤਾਨ ਲੋਕਾਂ ਨੇ ਆਰਥਿਕ ਪਾਬੰਦੀਆਂ, ਸਮਾਜਿਕ ਰੋਕਾਂ ਦਾ ਤਾਣਾ-ਬਾਣਾ ਬੁਣਿਆ। ਜਿਸ ਨੂੰ ਧਰਮ ਦੀ ਪਾਣ ਦੇ ਕੇ, ਰਾਜਨੀਤੀ ਸਹਾਰੇ ਲਾਗੂ ਕੀਤਾ ਗਿਆ ਜੋ ਕਿ ਸਦੀਆਂ ਤੋਂ ਅੱਜ ਤੱਕ ਭਾਰਤ ਦੇ ਹਰ ਕੋਨੇ ਵਿਚ ਲਾਗੂ ਹੈ।ਇੱਥੋਂ ਤੱਕ ਕਿ ਅਖੌਤੀ ਆਜ਼ਾਦੀ ਆ ਜਾਣ ਦੇ ਬਾਵਜੂਦ ਵੀ ਮਨੂੰ ਦਾ ਕਾਨੂੰਨ ਭਾਵ ਛੂਆ-ਛਾਤ, ਜਾਤ-ਪਾਤ, ਆਰਥਿਕ ਨਾ-ਬਰਾਬਰੀ ਅਜੇ ਵੀ ਅਮਲੀ ਰੂਪ ਵਿਚ ਕਾਇਮ ਹੈ। ਜਿਸ ਨੂੰ ਮਨੂੰਵਾਦੀ ਸੋਚ ਵਾਲੇ ਹਾਕਮਾਂ ਨੇ ਨਵੀਆਂ ਆਰਥਿਕ ਨੀਤੀਆਂ ਤਹਿਤ ਨਵੇਂ ਰੂਪ 'ਚ ਮਾਨਵੀ ਅਧਿਕਾਰਾਂ ਦਾ ਘਾਣ ਕਰਨ ਲਈ ਰਾਹ ਪੱਧਰਾ ਕਰ ਲਿਆ ਹੈ।

ਜੇਕਰ ਇੱਥੇ ਪੰਜਾਬ ਅੰਦਰ ਖਾਸ ਤੌਰ 'ਤੇ ਦੁਆਬਾ ਖੇਤਰ ਵਿਚ ਛੂਆ-ਛਾਤ, ਜਾਤ-ਪਾਤ ਦਾ ਸਮਾਜਿਕ ਵਿਤਕਰਾ ਕੁਝ ਘਟਿਆ ਹੈ। ਇਸ ਦਾ ਮੁੱਖ ਕਾਰਨ ਅਛੂਤ ਮੰਨੇ ਜਾਣ ਵਾਲੇ, ਅਛੂਤਪਣ ਦਾ ਸ਼ਿਕਾਰ ਲੋਕਾਂ ਦਾ ਆਰਥਿਕ ਪੱਧਰ ਉੱਚਾ ਹੋਣ ਅਤੇ ਕੁਝ ਜਥੇਬੰਦ ਹੋਣੇ ਦਾ ਨਤੀਜਾ ਹੈ। ਭਾਰਤ ਦੇ ਦੂਜੇ ਸੂਬਿਆਂ ਅੰਦਰ ਵੀ ਜਿਨ੍ਹਾਂ ਲੋਕਾਂ (ਜਾਤਾਂ) ਦਾ ਆਰਥਿਕ ਪੱਧਰ ਉੱਚਾ ਹੋਇਆ ਹੈ, ਉਥੇ-ਉਥੇ ਜਾਤ-ਪਾਤ, ਛੂਆ-ਛਾਤ ਦੇ ਜਾਲ ਦੀਆਂ ਤੰਦਾਂ ਟੁੱਟਣੀਆਂ ਸ਼ੁਰੂ ਹੋ ਗਈਆਂ ਹਨ। ਪੰਜਾਬ ਦੇ ਦੁਆਬਾ ਖੇਤਰ ਦੇ ਲੋਕਾਂ ਦੀ ਆਰਥਿਕ ਤਰੱਕੀ ਵਿਚ ਵੱਡਾ ਯੋਗਦਾਨ ਅਰਬ ਦੇਸ਼ਾਂ ਵਿਚ ਰੋਜ਼ਗਾਰ ਪ੍ਰਾਪਤੀ ਦਾ ਸਬੱਬ ਬਣਿਆ ਹੈ। ਦੇਸ਼ ਤੋਂ ਬਾਹਰ ਰੋਜ਼ਗਾਰ ਦੇ ਮੌਕੇ ਤਲਾਸ਼ਣ ਨਿਕਲੇ ਲੋਕਾਂ ਦਾ ਜਿੱਥੇ ਆਰਥਿਕ ਪੱਧਰ ਵਧਿਆ ਹੈ। ਉਹਦੇ ਨਾਲ-ਨਾਲ ਉਹਨਾਂ ਦੀ ਨਵੀਂ ਪੀੜ੍ਹੀ ਪੜ੍ਹ-ਲਿਖ ਕੇ ਨਵੇਂ ਕਿੱਤੇ ਸਿੱਖਣ ਵੱਲ ਤੁਰ ਪਈ।ਜਿਸ ਨੇ ਉਹਨਾਂ ਲਈ ਰੁਜ਼ਗਾਰ ਦੇ ਨਵੇਂ ਰਾਹ ਖੋਲ੍ਹ ਦਿੱਤੇ। ਅਰਬ ਅਤੇ ਯੂਰਪ ਦੇ ਦੇਸ਼ਾਂ ਦੀ ਕਮਾਈ ਦੇ ਸਿਰ ਤੇ ਕੁਝ ਨੇ ਉੱਚ ਸਿੱਖਿਆ ਪ੍ਰਾਪਤ ਕਰਕੇ ਚੰਗੇ ਅਹੁਦਿਆਂ ਵਾਲੀਆਂ ਨੌਕਰੀਆਂ ਪ੍ਰਾਪਤ ਕਰ ਲਈਆਂ ਹਨ। ਭਾਵੇਂ ਇਹਨਾਂ ਸਾਧਨ ਸੰਪੰਨ ਹੋਏ ਲੋਕਾਂ ਵਿਚੋਂ ਬਹੁਤੇ ਐਸ਼ੋ-ਆਰਾਮ ਵਿਚ ਗਲਤਾਨ ਹੋ ਕੇ ਪਿੰਜਰੇ ਵਾਲੇ ਤੋਤੇ ਵਰਗਾ ਜੀਵਨ ਜੀਣ ਲੱਗੇ ਹਨ। ਐਪਰ ਇੰਝ ਆਰਥਿਕ ਤੌਰ ਤੇ ਪੈਰਾਂ ਸਿਰ ਹੋਣ ਤੋਂ ਬਾਅਦ ਜਿਨ੍ਹਾਂ ਅਛੂਤ ਲੋਕਾਂ ਨੂੰ ਆਪਣੀ ਮਨੁੱਖੀ ਹੋਂਦ ਦਾ ਅਹਿਸਾਸ ਹੋਣਾ ਸ਼ੁਰੂ ਹੋਇਆ। ਉਹਨਾਂ ਵਿਚ ਆਪਣੀ ਸਨਮਾਨਜਨਕ ਪਹਿਚਾਣ ਸਥਾਪਿਤ ਕਰਨ ਦੀ ਸੋਚ ਪੈਦਾ ਹੋਣ ਲੱਗੀ। ਇਸ ਵਿਚਾਰ ਦਾ ਸਿੱਟਾ ਹੈ ਕਿ ਅੱਜ ਐਸ. ਸੀ., ਬੀ. ਸੀ. ਜਾਤਾਂ ਦੇ ਲੋਕ ਹੋਰਨਾਂ ਨਾਲ ਸਾਂਝੇ ਸੰਗਠਨ ਬਣਾ ਕੇ ਸਮਾਜਿਕ, ਧਾਰਮਿਕ, ਸਭਿਆਚਾਰਕ ਅਤੇ ਹੋਰ ਸਰਗਰਮੀਆਂ ਕਰਕੇ ਆਪਣੀ ਹੋਂਦ ਜਿਤਾ ਰਹੇ ਹਨ। ਸਨਮਾਨਜਨਕ ਪਹਿਚਾਣ ਬਣਾਉਣ ਲੱਗੇ ਹਨ। ਸਮਾਜ ਵਿਚ ਮਾਣ ਸਨਮਾਨ ਪ੍ਰਾਪਤ ਕਰਨ ਦੇ ਹੀਲੇ ਵਸੀਲੇ ਕਰ ਰਹੇ ਹਨ। ਇਸ ਦਾ ਸਾਰਾ ਸਿਹਰਾ ਸੁਧਰੀ ਆਰਥਿਕਤਾ ਨੂੰ ਜਾਂਦਾ ਹੈ। ਜਿਸ ਕਰਕੇ ਸਮਾਜ ਅੰਦਰ ਕੁਝ ਮਾਣ ਸਨਮਾਨ ਪ੍ਰਾਪਤ ਹੋਇਆ ਹੈ ਅਤੇ ਬਰਾਬਰਤਾ ਦੀ ਲੜਾਈ ਦੀ ਸ਼ੁਰੂਆਤ ਹੋ ਚੁੱਕੀ ਹੈ।



ਐਪਰ ਅੱਜ ਜਿਹੜੇ ਸਿੱਧਾ ਹੀ ਸਮਾਜਿਕ ਵਿਵਸਥਾ ਪਰਿਵਰਤਨ ਭਾਵ ਜਾਤ-ਪਾਤ ਦੇ ਖ਼ਾਤਮੇ ਦੇ ਸਿਖਰਲੇ ਡੰਡੇ 'ਤੇ ਪਹੁੰਚਣਾ ਚਾਹੁੰਦੇ ਹਨ। ਉਹਨਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਆਰਥਿਕ ਤਬਦੀਲੀ ਤੋਂ ਬਿਨਾਂ ਜਾਤ-ਪਾਤ ਦਾ ਖਾਤਮਾ ਸੰਭਵ ਹੀ ਨਹੀਂ। ਪ੍ਰੰਤੂ ਉਹ ਆਪ ਇਹ ਗੱਲ ਸਮਝ ਨਹੀਂ ਰਹੇ ਕਿ ਉਹਨਾਂ ਦੀ ਆਰਥਿਕ ਤਬਦੀਲੀ ਦੇ ਕਾਰਨ ਹੀ ਉਨ੍ਹਾਂ ਦੀ ਸੋਚ ਸਮਾਜਿਕ ਤਬਦੀਲੀ ਭਾਵ ਜਾਤ-ਪਾਤ ਦੇ ਖ਼ਾਤਮੇ ਪ੍ਰਤੀ ਫਿਕਰ, ਸੋਚ ਦਾ ਵਿਸ਼ਾ ਬਣੀ ਹੈ। ਇਹ ਸਿੱਟਾ ਆਰਥਿਕ ਤੌਰ ਤੇ ਸਾਧਨ ਸੰਪੰਨ ਹੋਣ ਦਾ ਹੀ ਇਕ ਵੱਡਾ ਪਹਿਲੂ ਹੈ। ਇਸ ਲਈ ਜਦੋਂ ਤੱਕ ਬਹੁਗਿਣਤੀ ਲੋਕਾਂ ਦੀ ਆਰਥਿਕ ਤਬਦੀਲੀ ਨਹੀਂ ਹੋ ਜਾਂਦੀ ਤਦ ਤੱਕ ਜਾਤੀ-ਪਾਤੀ ਪ੍ਰਬੰਧ ਖਤਮ ਕਰਨ ਜਾਂ ਹੋਣ ਬਾਰੇ ਸਿਰਫ਼ ਭਰਮ ਹੀ ਪਾਲਿਆ ਜਾ ਸਕਦਾ ਹੈ। ਧਰਮ ਪ੍ਰਤੀ (ਧਰਮ ਦੇ ਪੱਖ ਵਿਚ) ਚੇਤਨਤਾ ਦੇ ਨਾਮ ਤੇ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਸਕਦਾ ਹੈ। ਸਮਾਜਿਕ ਵਿਵਸਥਾ ਪਰਿਵਰਤਨ (ਮਨੂੰਵਾਦ ਨੂੰ ਭੰਡਣ ਤੱਕ ਹੀ ਸੀਮਤ ਰਹਿਣਾ) ਦੇ ਨਾਂ ਤੇ ਲੋਕਾਂ ਨੂੰ ਕੁਰਾਹੇ ਪਾਇਆ ਜਾ ਸਕਦਾ ਹੈ। ਰਾਜ ਸੱਤਾ ਦੀ ਪ੍ਰਾਪਤੀ (ਅਜੋਕੇ ਪ੍ਰਬੰਧ ਤਹਿਤ ਸਰਕਾਰ ਬਣਨ ਨਾਲ ਸਾਰੇ ਮਸਲੇ ਹੱਲ) ਦੇ ਨਾਂ 'ਤੇ ਭਰਮਾਇਆ ਜਾ ਸਕਦਾ ਹੈ। ਪ੍ਰੰਤੂ ਲੋਕਾਂ ਦੇ ਮੂਲ ਮਸਲਿਆਂ ਨੂੰ ਹੱਲ ਕਰਨ ਵੱਲ ਵਧਿਆ ਨਹੀਂ ਜਾ ਸਕਦਾ। ਸਮਾਜਿਕ ਵਿਵਸਥਾ ਪਰਿਵਰਤਨ ਦੀ ਸਰਗਰਮੀ ਨੂੰ ਸਹੀ ਲਹਿਰ ਦਾ ਰੂਪ ਨਹੀਂ ਦਿੱਤਾ ਜਾ ਸਕਦਾ। ਸਮਾਜਿਕ ਤਬਦੀਲੀ ਭਾਵ ਜਾਤ-ਪਾਤ, ਛੂਆ-ਛਾਤ ਪ੍ਰਬੰਧ ਦੇ ਖ਼ਾਤਮੇ ਵਾਸਤੇ ਸਾਨੂੰ ਮਾਹੌਲ ਸਿਰਜਣਾ ਪੈਣਾ ਹੈ। ਜਿਸ ਦਾ ਆਧਾਰ ਆਰਥਿਕਤਾ ਹੈ। ਆਰਥਿਕ ਤਬਦੀਲੀ (ਕੁਦਰਤੀ ਸਰੋਤਾਂ ਅਤੇ ਆਮਦਨ ਦੇ ਵਸੀਲਿਆਂ ਦੀ ਬਰਾਬਰ ਵੰਡ) ਦਾ ਸਬੰਧ ਮੌਜੂਦਾ ਰਾਜ ਪ੍ਰਬੰਧ ਤਹਿਤ ਸੱਤਾ ਪ੍ਰਾਪਤੀ ਨਾਲ ਨਹੀਂ, ਸਮਾਜਵਾਦੀ ਪ੍ਰਬੰਧਾਂ ਦੀ ਸਥਾਪਤੀ ਨਾਲ ਹੈ। ਜਿਸ ਤਹਿਤ ਨਿੱਜੀ ਜਾਇਦਾਦ ਦਾ ਹੱਕ ਖਤਮ ਕੀਤਾ ਜਾਵੇਗਾ। ਸਾਰਿਆਂ ਨੂੰ ਯੋਗਤਾ ਮੁਤਾਬਕ ਕੰਮ ਅਤੇ ਕੰਮ ਅਨੁਸਾਰ ਉਜਰਤ ਦੇਣ ਦਾ ਪ੍ਰਬੰਧ ਹੋਵੇਗਾ। ਇੰਝ ਹਰ ਇਕ ਮਰਦ-ਔਰਤ ਆਰਥਿਕ ਤੌਰ ਤੇ ਆਤਮ ਨਿਰਭਰ ਬਣੇਗਾ। ਫਿਰ ਇਸ ਆਰਥਿਕ ਤੌਰ ਤੇ ਖੁਸ਼ਹਾਲੀ ਨੇ ਹੀ ਜਾਤ-ਪਾਤ, ਛੂਆ-ਛਾਤ ਦੇ ਖ਼ਾਤਮੇ ਦਾ ਆਧਾਰ ਬਣਨਾ ਹੈ।

ਇਸ ਲਈ ਆਰਥਿਕ ਤਬਦੀਲੀ ਦੀ ਸੇਧ ਵਿਚ ਕੀਤਾ ਹਰ ਕਾਰਜ ਸਮਾਜਿਕ ਵਿਵਸਥਾ ਪਰਿਵਰਤਨ ਦੀ ਨੀਂਹ ਦਾ ਹਿੱਸਾ ਬਣਨਾ ਹੈ। ਆਰਥਿਕ ਆਤਮਾ ਨਿਰਭਰਤਾ ਦੇ ਚਲਦਿਆਂ ਜਾਤ-ਪਾਤ, ਛੂਆ-ਛਾਤ ਦੇ ਖ਼ਾਤਮੇ ਨੂੰ ਕੋਈ ਵੀ ਰੋਕ ਨਹੀਂ ਸਕੇਗਾ। ਸਿਰਫ਼ ਜਾਤ-ਪਾਤ ਦੇ ਖ਼ਾਤਮੇ ਲਈ ਕੀਤੀਆਂ ਮਸ਼ਕਾਂ ਕੋਈ ਸਾਰਥਿਕ ਸਿੱਟਾ ਕੱਢ ਸਕਣ ਦੇ ਸਮਰੱਥ ਨਹੀਂ ਹੋ ਸਕਦੀਆਂ। ਤਬਦੀਲੀ ਕੁਦਰਤ ਦਾ ਅਟੱਲ ਨਿਯਮ ਹੈ। ਪ੍ਰੰਤੂ ਤਬਦੀਲੀ ਨੂੰ ਆਪਣੇ ਅਨੁਸਾਰ ਢਾਲਣ ਦੇ ਯਤਨ ਕਰਨਾ ਹੀ ਸਹੀ ਮਨੁੱਖ ਦਾ ਕਾਰਜ ਹੈ। ਜਿਵੇਂ ਪਾਣੀ ਨੂੰ ਬਰਫ਼ ਜਾਂ ਭਾਫ ਬਣਾ ਕੇ ਵਰਤਣਾ। ਦੁੱਧ ਦਾ ਦਹੀਂ ਬਣਾਉਣਾ ਜੇਕਰ ਦੁੱਧ ਦਾ ਦਹੀਂ ਨਾ ਵੀ ਬਣਾਇਆ ਜਾਵੇ ਤਾਂ ਵੀ ਉਹ ਦੁੱਧ ਦੇ ਤੌਰ ਤੇ ਬਹੁਤਾ ਸਮਾਂ ਨਹੀਂ ਰਹਿ ਸਕੇਗਾ। ਪ੍ਰੰਤੂ ਉਸ ਦਾ ਸਿੱਟਾ ਸਾਡੇ ਮੁਤਾਬਕ ਨਹੀਂ ਹੋਵੇਗਾ। ਜਿਵੇਂ ਦੁੱਧ ਤੋਂ ਦਹੀਂ ਬਣਾਉਣ ਲਈ ਗਰਮ-ਸਰਦ ਪਰਖ ਕੇ ਜੰਮਣ ਲਗਾਉਣ ਤੋਂ ਬਾਅਦ ਵਿਸ਼ੇਸ਼ ਵਾਤਾਵਰਣ ਵਿਚ ਰੱਖਦੇ ਹਾਂ।ਜਿਸ ਵਿਚ ਦੁੱਧ ਨੇ ਜੰਮਣਾ ਹੀ ਜੰਮਣਾ ਹੈ। ਇਸੇ ਤਰ੍ਹਾਂ ਜੇਕਰ ਅਸੀਂ ਆਰਥਿਕ ਕ੍ਰਾਂਤੀ ਕਰਨ ਵਿਚ ਕਾਮਯਾਬ ਹੋ ਜਾਵਾਂਗੇ ਤਾਂ ਜਾਤ-ਪਾਤ ਦਾ ਖਾਤਮਾ ਹੋਣਾ ਹੀ ਹੋਣਾ ਹੈ। ਪ੍ਰੰਤੂ ਨਾ ਧਰਮ ਦੀ ਨੀਤੀ ਰਾਹੀਂ, ਨਾ ਸਮਾਜਿਕ ਨੀਤੀ ਰਾਹੀਂ (ਸਿਰਫ਼ ਮਨੂੰਵਾਦ ਨੂੰ ਭੰਡ ਕੇ), ਨਾ ਰਾਜ ਦੀ ਨੀਤੀ (ਮੌਜੂਦਾ ਪ੍ਰਬੰਧ ਤਹਿਤ ਸੱਤਾ ਪ੍ਰਾਪਤੀ) ਰਾਹੀਂ ਸਮਾਜਿਕ ਇਨ-ਕਲਾਬ ਭਾਵ ਜਾਤ-ਪਾਤ, ਛੂਆ-ਛਾਤ ਖਾਤਮਾ ਕਰਨ ਵਿਚ ਕਾਮਯਾਬ ਨਹੀਂ ਹੋਇਆ ਜਾ ਸਕਾ। ਜਾਤ-ਪਾਤ ਦੇ ਖ਼ਾਤਮੇ ਵਾਸਤੇ ਸਿਰਫ਼ ਆਰਥਿਕ ਕ੍ਰਾਂਤੀ ਭਾਵ ਸਮਾਜਵਾਦੀ ਪ੍ਰਬੰਧ ਦੀ ਸਥਾਪਤੀ ਹੀ ਇਕੋ ਇਕ ਰਾਹ ਹੈ।

ਗੁਰੂ ਰਵਿਦਾਸ ਜੀ ਦਾ ਉਦੇਸ਼ ਤੇ ਉਪਦੇਸ਼ ਵੀ ਆਰਥਿਕ ਕ੍ਰਾਂਤੀ ਵਾਲਾ ਹੈ, ''ਮਿਲੈ ਸਭਨ ਕੋ ਅੰਨ' ਦਾ ਭਾਵ ਸਭ ਨੂੰ ਅੰਨ ਪ੍ਰਾਪਤ ਹੋਵੇ। ਜੇਕਰ ਸਭਨਾਂ ਨੂੰ ਅੰਨ ਪ੍ਰਾਪਤ ਕਰਨ ਦੇ ਯੋਗ ਬਣਾਇਆ ਜਾਣਾ ਹੈ ਤਾਂ ਉਸਦੀ ਪਹੁੰਚ ਦਾ ਮਾਰਗ ਆਰਥਿਕਤਾ ਹੈ, ਧਾਰਮਿਕਤਾ ਨਹੀਂ, ਅਜੋਕੇ ਪ੍ਰਬੰਧ ਵਾਲੀ ਸੱਤਾ ਪ੍ਰਾਪਤੀ ਵੀ ਨਹੀਂ। ਇਸ ਲਈ ਜੇ ਗੁਰੂ ਸਾਹਿਬ ਦੇ ਉਦੇਸ਼ ਦਾ ਆਧਾਰ ਆਰਥਿਕਤਾ ਹੈ ਤਾਂ ਫਿਰ ਕਿਉਂ ਅਸੀਂ ਮੌਜੂਦਾ ਸੱਤਾ ਪ੍ਰਾਪਤੀ ਅਤੇ ਧਾਰਮਿਕਤਾ ਨੂੰ ਆਧਾਰ ਬਣਾ ਕੇ ਸਮਾਜ ਦਾ ਭਲਾ ਕਰਨ ਦਾ ਰੌਲਾ ਪਾ, ਲੋਕਾਂ ਨੂੰ ਗੁੰਮਰਾਹ ਕਰ ਰਹੇ ਹਾਂ। ਕੁਰਾਹੇ ਪਾ ਰਹੇ ਹਾਂ।

ਧਰਮ ਚੇਤਨਤਾ ਦਾ ਰਾਹ ਨਹੀਂ ਹੈ। ਇਹ ਤਾਂ ਲੋਕਾਂ ਨੂੰ ਬੁੱਧੂ, ਮੂਰਖ ਬਣਾਉਣ ਦਾ ਰਸਤਾ ਹੈ। ਧਰਮ ਡਰ ਅਤੇ ਅਗਿਆਨ ਦੀ ਉਪਜ ਹੈ। ਧਰਮ ਲੁਟੇਰੇ ਹਾਕਮ ਵਰਗ ਦਾ ਵੱਡਾ ਹਥਿਆਰ ਹੈ। ਲੋਕਾਂ ਦੀ ਆਰਥਿਕ ਅਤੇ ਮਾਨਸਿਕ ਲੁੱਟ ਕਰਨ ਦਾ ਸਾਧਨ ਹੈ। ਧਰਮ ਵਿਸ਼ਵਾਸ ਤੇ ਨਹੀਂ ਸਗੋਂ ਅੰਧ-ਵਿਸ਼ਵਾਸ ਤੇ ਟਿਕਿਆ ਹੋਇਆ ਹੈ। ਧਰਮ ਸਵਾਲ ਕਰਨ ਦਾ ਮੌਕਾ ਨਹੀਂ ਦਿੰਦਾ। ਜਦੋਂ ਕਿ ਚੇਤਨਾ ਦਾ ਆਧਾਰ ਹੀ ਸਵਾਲ ਹੈ। ਕਿੰਤੂ ਕਰਨਾ ਹੈ। ਜੇਕਰ ਅਸੀਂ ਧਰਮ ਦੇ ਰਾਹੀਂ ਜਾਂ ਅਜੋਕੀ ਸੱਤਾ ਪ੍ਰਾਪਤੀ ਰਾਹੀਂ ਆਰਥਿਕ ਮੁਕਤੀ ਅਤੇ ਸਮਾਜਿਕ ਵਿਵਸਥਾ ਪਰਿਵਰਤਨ ਦਾ ਪ੍ਰੋਗਰਾਮ ਦੇ ਰਹੇ ਹੋਵਾਂਗੇ ਤਾਂ ਇਹ ਗੁਰੂ ਜੀ ਦੇ ਉਦੇਸ਼ ਤੋਂ ਭਟਕਾਉਣ ਦਾ ਕਾਰਜ ਹੋਵੇਗਾ।

ਜੇ ''ਐਸਾ ਚਾਹੂੰ ਰਾਜ ਮੈਂ, ...'' ਦੇ ਉਦੇਸ਼ ਨੂੰ ਪੂਰਾ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਲੋਕਾਂ ਦੀ ਆਰਥਿਕਤਾ ਨੂੰ ਸੁਧਾਰਨ ਲਈ, ਉਪਰ ਚੁੱਕਣ ਵਾਸਤੇ ਸੋਚ ਵਿਚਾਰ ਕਰਕੇ ਪ੍ਰੋਗਰਾਮ ਤੈਅ ਕਰਨੇ ਪੈਣੇ ਹਨ। ਉਹਨਾਂ 'ਤੇ ਪੜਾਅਵਾਰ ਅਮਲ ਕਰਦੇ ਹੋਏ ਅੱਗੇ ਵਧਣਾ ਹੋਵੇਗਾ ਤੇ ਸਮੇਂ-ਸਮੇਂ ਤੈਅ ਕੀਤੇ ਪ੍ਰੋਗਰਾਮ ਦੇ ਅਮਲ ਤੇ ਸਿੱਟਿਆਂ ਉਪਰ ਵਿਚਾਰ ਕਰਕੇ ਅਗਲੇ ਪੜਾਅ ਵੱਲ ਵਧਣ ਦੇ ਯਤਨ ਕਰਨੇ ਪੈਣਗੇ। ਸਿਰਫ਼ ਤੇ ਸਿਰਫ਼ ''ਰਵਿਦਾਸ ਤੇਰੀ ਸੋਚ ਤੇ, ਪਹਿਰਾ ਦਿਆਂਗੇ ਠੋਕ ਕੇ'' ਦੇ ਜੈਕਾਰੇ ਉਚੀ-ਉਚੀ ਬੋਲ ਕੇ ਕੁਝ ਵੀ ਪ੍ਰਾਪਤ ਨਹੀਂ ਹੋਣਾ। ਗੁਰੂ ਜੀ ਦਾ ਉਦੇਸ਼ ਜੋ ਬਹੁਜਨਾਂ ਦੇ ਭਲੇ ਵਾਲਾ ਹੈ ਇੰਝ ਤਾਂ ਅਧੂਰਾ ਹੀ ਰਹੇਗਾ ਅਤੇ ਅਸੀਂ ਵਾਅਦਾ ਕਰਕੇ ਮੁੱਕਰਨ ਵਾਲਿਆਂ ਦੀ ਕਤਾਰ ਵਿਚ ਖੜ੍ਹੇ ਹੋਵਾਂਗੇ, ਗੁਰੂ ਤੋਂ ਬੇ-ਮੁਖ ਵੀ।

ਸਾਨੂੰ ਇਹ ਵੀ ਸਮਝਣਾ ਪੈਣਾ ਹੈ ਕਿ ਅੱਜ ਖਪਤਵਾਦ ਸਭਿਆਚਾਰ ਨੇ ਲੋਕਾਂ ਦੀ ਸਮਝ ਨੂੰ ਸਮਾਜਿਕ, ਪਰਿਵਾਰਕ, ਧਾਰਮਿਕ ਦਿਨ-ਤਿਉਹਾਰ ਮਨਾਉਣ ਨੂੰ ਖਾਣ-ਪੀਣ, ਚਮਕ-ਦਮਕ, ਰਾਗ-ਰੰਗ, ਨੱਚਣ-ਟੱਪਣ ਤੱਕ ਹੀ ਸੀਮਤ ਕਰ ਦਿੱਤਾ ਹੈ। ਜਿਸ ਦਾ ਸਭ ਤੋਂ ਵੱਧ ਅਸਰ ਨਵੀਂ ਪੀੜ੍ਹੀ 'ਤੇ ਹੋ ਰਿਹਾ ਹੈ। ਮੁਨਾਫ਼ੇਖ਼ੋਰ ਦੇ ਮੀਡੀਏ ਨੇ ਇਸ ਵਿਚ ਵੱਡਾ ਰੋਲ ਅਦਾ ਕੀਤਾ ਹੈ। ਇਹ ਇਸ ਲਈ ਵੀ ਵੱਧ ਅਸਰਦਾਰ ਹੋ ਰਿਹਾ ਹੈ ਕਿਉਂਕਿ ਸਾਨੂੰ ਸਧਾਰਨ ਜ਼ਿੰਦਗੀ ਵਿਚ ਚੰਗੇ ਖਾਣ-ਪੀਣ, ਪਹਿਨਣ ਅਤੇ ਖੁਸ਼ੀ ਜ਼ਾਹਿਰ ਕਰਨ ਦੇ ਮੌਕੇ ਨਹੀਂ ਮਿਲਦੇ। ਜੇਕਰ ਸਾਡੀ ਰੋਜ਼ਾਨਾ ਜ਼ਿੰਦਗੀ ਵਿਚ ਸਾਨੂੰ ਚੰਗੀ ਖੁਰਾਕ ਮਿਲੇ, ਪਹਿਨਣ ਲਈ ਵਧੀਆ ਵਸਤਰ ਹੋਣ ਤਾਂ ਅਜਿਹੇ ਸਮਾਗਮਾਂ ਦੀ ਅਹਿਮੀਅਤ ਆਪਣੇ ਆਪ ਘਟ ਜਾਣੀ ਹੈ। ਸਾਡੀ ਰੋਜ਼ਾਨਾ ਜ਼ਿੰਦਗੀ ਦਿਨ-ਤਿਉਹਾਰ ਮਨਾਉਣ ਵਰਗੀ ਬਣੇ। ਇਸ ਦੇ ਲਈ ਅਸੀਂ ਸੋਚ, ਸਮਝ ਪੈਦਾ ਨਹੀਂ ਕਰਦੇ। ਸਗੋਂ ਇਕ ਦਿਨ ਤੇ ਸਾਲ ਭਰ ਜਿੰਨਾ ਖਰਚ ਕਰਕੇ ਹੋਰ ਮੁਸ਼ਕਿਲਾਂ ਪੈਦਾ ਕਰ ਲੈਂਦੇ ਹਾਂ। ਸਾਡੀ ਰੋਜ਼ਾਨਾ ਦੀ ਜ਼ਿੰਦਗੀ ਤਿਉਹਾਰ ਵਰਗੀ ਕਿਵੇਂ ਬਣੇ? ਆਰਥਿਕ, ਸਮਾਜਿਕ ਵਿਤਕਰੇ ਕਿਵੇਂ ਖਤਮ ਕੀਤੇ ਜਾਣ? ਸਾਡਾ ਜੀਵਨ ਖੁਸ਼ਹਾਲ ਕਿਉਂ ਨਹੀਂ? ਇਹ ਤੁਹਾਡੇ-ਸਾਡੇ ਸਭ ਦੇ ਫਿਕਰ ਦਾ ਵਿਸ਼ਾ ਬਣਨਾ ਚਾਹੀਦਾ ਹੈ। ਇਹ ਹੀ ਗੁਰੂ ਜੀ ਦਾ ਉਪਦੇਸ਼, ਉਦੇਸ਼ ਅਤੇ ਸੁਪਨਾ ਹੈ। ਜਿਸ ਤੇ ਪਹਿਰਾ ਦੇਣਾ ਹੈ। ਅਮਲ ਕਰਨਾ ਹੈ।

ਪ੍ਰੰਤੂ ਇਸ ਦੇ ਨਾਲ-ਨਾਲ ਸਾਨੂੰ ਉਸ ਪਾਸੇ ਵੀ ਧਿਆਨ ਦੇਣਾ ਪੈਣਾ ਹੈ। ਜਿਹੜੇ ਲੋਕ ਗੁਰੂ ਜੀ ਦੇ ਨਾਂ ਦੀ ਵਰਤੋਂ ਕਰਕੇ ਸਿਰਫ਼ ਗੋਲਕਾਂ ਭਰਵਾਉਣ ਦਾ ਮਿਸ਼ਨ ਚਲਾ ਰਹੇ ਹਨ। ਉਸ ਪੁਜਾਰੀ ਵਰਗ ਨੇ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਉਦੇਸ਼ ਅਤੇ ਉਪਦੇਸ਼ ਨੂੰ ਹੁਣ ਤੱਕ ਸਹੀ ਰੂਪ ਵਿਚ ਲੋਕਾਂ 'ਚ

**(ਬਾਕੀ ਅਗਲੇ ਸਫੇ 'ਤੇ)**

# ਗੁਰੂ ਰਵਿਦਾਸ ਜੀ ਦੀ ਸੋਚ ਅਤੇ ਅਸੀਂ

(ਸਫਾ 18 ਦੀ ਬਾਕੀ)

ਪੇਸ਼ ਨਹੀਂ ਕੀਤਾ ਤੇ ਕਰੇਗਾ ਵੀ ਨਹੀਂ। ਉਹਨਾਂ ਆਪਣੀ ਅਹਿਮੀਅਤ ਕਿਵੇਂ ਵਧਾਉਣੀ ਹੈ ਜਾਂ ਕਾਇਮ ਰੱਖਣੀ ਹੈ, ਇਸੇ ਸੇਧ ਵਿਚ ਕੰਮ ਕਰਦੇ ਰਹੇ ਹਨ ਅਤੇ ਕਰ ਰਹੇ ਹਨ। ਵੱਖੋ-ਵੱਖ ਧਾਰਮਿਕ ਸਥਾਨਾਂ ਦੀ ਉਸਾਰੀ, ਕੀਰਤਨ ਦੇ ਸਮਾਗਮ, ਵੱਖਰੀਆਂ ਯਾਤਰਾਵਾਂ, ਵੱਖਰੇ-ਵੱਖਰੇ ਗ੍ਰੰਥ ਅਤੇ ਵੱਖ-ਵੱਖ ਸੰਸਥਾਵਾਂ ਖੜ੍ਹੀਆਂ ਕਰਕੇ ਸਾਡੇ ਵਿਚ ਹੀ ਵੰਡੀਆਂ ਪਾ ਦਿੱਤੀਆਂ ਹਨ।ਇਸ ਤੋਂ ਇਲਾਵਾ ਵੱਖਰੇ ਜੈਕਾਰੇ, ਝੰਡਿਆਂ, ਨਿਸ਼ਾਨ ਵਗੈਰਾ ਦੀ ਆਪਸੀ ਲੜਾਈ ਸ਼ੁਰੂ ਕਰਵਾ ਦਿੱਤੀ ਹੈ। ਇੰਝ ਕਰਕੇ ਕੀ ਇਹ ਗੁਰੂ ਰਵਿਦਾਸ ਜੀ ਦਾ ਉਦੇਸ਼ ''ਐਸਾ ਚਾਹੂੰ ਰਾਜ ਮੈਂ ...'' ਨੂੰ ਪੂਰਾ ਕਰਨ ਦਾ ਕਾਰਜ ਕਰ ਰਹੇ ਲੱਗਦੇ ਹਨ। ਜੇਕਰ ਗੁਰੂ ਰਵਿਦਾਸ ਜੀ ਨਾਲ ਸਬੰਧਤ ਸਾਰੀਆਂ ਇਮਾਰਤਾਂ ਉਪਰ ਇਕ ਝੰਡਾ ਤੇ ਨਿਸ਼ਾਨ (ਕਿਸੇ ਇਕ ਧੜੇ ਮੁਤਾਬਕ) ਸਥਾਪਿਤ ਵੀ ਹੋ ਜਾਵੇ ਤਾਂ ਕੀ ਸਾਡੇ ਆਰਥਿਕ (ਰੋਟੀ-ਰੋਜੀ) ਜਾਂ ਸਮਾਜਿਕ (ਜਾਤ-ਪਾਤ, ਛੂਆ-ਛਾਤ) ਮਸਲੇ ਹੱਲ ਹੋ ਜਾਣੇ ਹਨ? ਜੇ ਨਹੀਂ, ਤਾਂ ਫਿਰ ਕਿਉਂ ਇਸ ਮਸਲੇ ਤੇ ਜ਼ੋਰ ਅਜ਼ਮਾਈ ਕੀਤੀ ਜਾ ਰਹੀ ਹੈ। ਝੰਡੀ ਤਾਕਤ ਦੀ ਨਿਸ਼ਾਨੀ ਹੁੰਦੀ ਹੈ। ਝੰਡੇ ਜਿੱਤ ਦਾ ਨਿਸ਼ਾਨ ਹੁੰਦੇ ਹਨ। ਅਜੇ ਨਾ ਅਸੀਂ ਏਨੇ ਤਾਕਤਵਰ ਹੋਏ ਹਾਂ ਅਤੇ ਨਾ ਹੀ ਕੋਈ ਵਿਸ਼ੇਸ਼ ਜਿੱਤ ਪ੍ਰਾਪਤ ਕੀਤੀ ਹੈ। ਇਸ ਲਈ ਅਜਿਹੀ ਆਪਸੀ ਲੜਾਈ ਦੂਜਿਆਂ ਲਈ ਮਜ਼ਾਕ ਦਾ ਵਿਸ਼ਾ ਬਣ ਰਹੀ ਹੈ।

ਸਾਡੇ ਗੁਆਂਢੀ ਮੁਲਕ ਪਾਕਿਸਤਾਨ ਅੰਦਰ ਇਕ ਧਰਮ-ਜਾਤ ਦੀ ਬਹੁ-ਗਿਣਤੀ ਦ ਧਾਰਮਿਕ ਅਸਥਾਨਾਂ ਉਪਰ ਉਨ੍ਹਾਂ ਦੇ ਝੰਡੇ ਅਤੇ ਨਿਸ਼ਾਨ ਲੱਗੇ ਹੋਏ ਹੋਣ ਦੇ ਬਾਵਜੂਦ ਉਨ੍ਹਾਂ ਦੀਆਂ ਮੁਸ਼ਕਿਲਾਂ ਹੱਲ ਤਾਂ ਕੀ ਹੋਣੀਆਂ ਸਗੋਂ ਦਿਨੋਂ ਦਿਨ ਵਧ ਰਹੀਆਂ ਹਨ। ਇੱਥੇ ਸਿੱਖਾਂ ਅਤੇ ਇਸਾਈਆਂ ਦੇ ਸਾਰੇ ਧਾਰਮਿਕ ਅਦਾਰਿਆਂ ਉਪਰ ਉਹਨਾਂ ਦੇ ਨਿਸ਼ਾਨ ਅਤੇ ਝੰਡੇ ਝੁੱਲਦੇ ਹੋਣ ਦੇ ਬਾਵਜੂਦ ਉਨ੍ਹਾਂ ਦੀਆਂ ਆਰਥਿਕ, ਸਮਾਜਿਕ, ਧਾਰਮਿਕ ਸਮੱਸਿਆਵਾਂ ਕਾਇਮ ਹਨ। ਇਸ ਲਈ ਸਾਨੂੰ ਇਹ ਸਿੱਟੇ 'ਤੇ ਪਹੁੰਚ ਹੀ ਜਾਣਾ ਚਾਹੀਦਾ ਹੈ ਕਿ ਲੜਾਈ ਇਹਨਾਂ ਨਿਸ਼ਾਨਾਂ, ਝੰਡਿਆਂ ਆਦਿ ਤੋਂ ਅੱਗੇ ਦੀ ਹੈ। ਭਾਵ ਸਾਡੇ ਮਸਲਿਆਂ ਦੀ ਜੜ੍ਹ ਇੱਥੇ ਨਹੀਂ। ਇਸ ਨੂੰ ਵੱਡਾ ਮਸਲਾ ਬਣਾ ਕੇ, ਸਮਝ ਕੇ ਆਪਣੀ ਤਾਕਤ ਨੂੰ ਬਰਬਾਦ ਨਹੀਂ ਕਰਨਾ ਚਾਹੀਦਾ। ਗੁਰੂ ਜੀ ਦੇ ਉਦੇਸ਼ ''ਐਸਾ ਚਾਹੂੰ ਰਾਜ ਮੈਂ ...'' ਦਾ ਇਕੋ ਇਕ ਸਾਂਝਾ ਅਜੰਡਾ ਤੈਅ ਕਰਕੇ ਇਸ ਨੂੰ ਪੂਰਾ ਕਰਨ ਵਾਸਤੇ ਚਰਚਾ ਕੀਤੀ ਜਾਵੇ। ਵਿਉਂਤਬੰਦੀ ਕਰਕੇ ਕਾਰਜ ਆਰੰਭੇ ਜਾਣ। ਅਮਲ ਲਗਾਤਾਰ ਕੀਤਾ ਜਾਵੇ।

ਪ੍ਰੰਤੂ ਸਾਡਾ ਪੁਜਾਰੀ ਵਰਗ ਵੰਡੀਆਂ ਪਾਉਣ ਤੱਕ ਹੀ ਨਹੀਂ ਖੜ੍ਹਾ ਸਗੋਂ ਨਰਕ-ਸਵਰਗ, ਜਨਮ-ਕਰਮ ਦੇ ਮਾਇਆ ਜਾਲ ਵਿਚ ਬ੍ਰਾਹਮਣਵਾਦੀ ਪੁਜਾਰੀਆਂ ਵਾਂਗ ਹੀ ਸਾਨੂੰ ਉਲਝਾ ਰਿਹਾ ਹੈ, ਫਸਾ ਰਿਹਾ ਹੈ। ਨਰਕ ਵਰਗੀ ਜ਼ਿੰਦਗੀ ਬਸਰ ਕਰ ਰਹੇ ਲੋਕਾਂ ਨੂੰ ਮਰਨ ਤੋਂ ਬਾਅਦ ਸਵਰਗ ਦਾ ਲਾਰਾ ਵੇਚਿਆ ਜਾ ਰਿਹਾ ਹੈ। ਇਹ ਵਿਸ਼ਵਾਸ ਕਾਇਮ ਨਹੀਂ ਕੀਤਾ ਜਾ ਰਿਹਾ ਹੈ ਕਿ ਇਸ ਧਰਤੀ ਦੇ ਜੀਵਨ ਨੂੰ ਹੀ ਸੋਹਣਾ, ਸੁਖੀ, ਚੰਗਾ, ਜੀਣਯੋਗ ਬਣਾਇਆ ਜਾ ਸਕਦਾ ਹੈ। ਕੀ ''ਐਸਾ ਚਾਹੂੰ ਰਾਜ ਮੈਂ, ...'' ਦੇ ਉਦੇਸ਼, ਉਪਦੇਸ਼ ਵਿਚ ਕਿਸੇ ਅਖੌਤੀ ਨਰਕ ਜਾਂ ਸਵਰਗ (ਪ੍ਰਲੋਕ) ਵਿਚ ਅੰਨ ਪ੍ਰਾਪਤੀ ਅਤੇ ਬਰਾਬਰਤਾ ਦੀ ਗੱਲ ਕੀਤੀ ਗਈ ਹੈ?ਨਹੀਂ, ਉਹ ਇਸ ਜਗਤ ਦੀ ਗੱਲ ਕਰ ਰਹੇ ਹਨ। ਬਹੁਜਨਾਂ ਦੀ ਗੱਲ ਕਰ ਰਹੇ ਹਨ। ਉਹ ਗਰੀਬਾਂ ਦੀ ਬਾਤ ਪਾ ਰਹੇ ਹਨ। ਗੁਰੂ ਜੀ ਦੇ ਉਕਤ ਉਦੇਸ਼ ਨੂੰ ਪੂਰਾ ਕੀਤਾ ਜਾ ਸਕਦਾ ਹੈ। ਜਿਸ ਲਈ ਸਾਨੂੰ ਸਭ ਨੂੰ ਰਲ ਕੇ ਇਮਾਨਦਾਰੀ ਨਾਲ ਮਿਹਨਤ ਕਰਨ ਦੀ ਜ਼ਰੂਰਤ ਹੈ। ਰੋਟੀ ਤੋਂ ਮੁਹਤਾਜ਼ ਲੋਕਾਂ ਨੂੰ ਉਸ ਦੇ ਜ਼ਿੰਮੇਵਾਰ ਕਾਰਨਾਂ ਬਾਰੇ ਸੁਚੇਤ ਕਰਨਾ ਪੈਣਾ ਹੈ। ਅਨਪੜ੍ਹਾਂ ਨੂੰ ਉਨ੍ਹਾਂ ਦੇ ਸਿੱਖਿਆ ਤੋਂ ਵਿਰਵੇ ਰਹਿਣ, ਬੇ-ਇਲਾਜ ਬਿਮਾਰਾਂ ਅਤੇ ਬੇਰੁਜ਼ਗਾਰ ਲੋਕਾਂ ਨੂੰ ਉਨ੍ਹਾਂ ਦੇ ਮਸਲੇ ਪੈਦਾ ਕਰਨ ਵਾਲੇ ਪ੍ਰਬੰਧ ਪ੍ਰਤੀ ਜਾਗਰੂਕ ਕਰਨਾ ਪੈਣਾ ਹੈ। ਮੁਸ਼ਕਿਲਾਂ ਦੀ ਮਾਰ ਸਹਿ ਰਹੇ ਲੋਕ ਫਿਰ ਆਪਣੇ ਮਸਲਿਆਂ ਨੂੰ ਮਸਲ ਦੇਣ ਲਈ ਤਿਆਰ ਹੋ ਜਾਣਗੇ। ਫਿਰ ਕਦਮ-ਕਦਮ ਅੱਗੇ ਵਧਣਗੇ ਤੇ ਵਧਦੇ ਰਹਿਣਗੇ।

ਪ੍ਰੰਤੂ ਕਿਸੇ ਅਲੌਕਿਕ ਸ਼ਕਤੀ ਅੱਗੇ ਅਰਦਾਸ ਕਰਕੇ ਗੁਰੂ ਜੀ ਦਾ ਅਜੰਡਾ ਪੂਰਾ ਨਹੀਂ ਹੋਣਾ, ਨਾ ਕੀਤੇ ਜਾ ਸਕਦਾ ਹੈ ਅਤੇ ਨਾ ਅਜੇ ਤੱਕ ਹੋਇਆ ਹੈ। ਜੇ ਅਜਿਹਾ ਹੋ ਸਕਦਾ ਹੁੰਦਾ ਤਾਂ ਹਰ ਲੋੜਵੰਦ ਰੋਜ਼ ਹੀ ਰੱਬ ਅੱਗੇ ਅਰਦਾਸ, ਬੇਨਤੀ ਕਰਦਾ ਹੀ ਹੈ। ਜੇਕਰ ਰੱਬ ਦੀ ਪਹੁੰਚ ਵਿਚ ਇਹ ਕਾਰਜ ਹੁੰਦਾ ਤਾਂ ''ਐਸਾ ਚਾਹੂੰ ਰਾਜ ਮੈਂ, ..'' ਗੁਰੂ ਰਵਿਦਾਸ ਜੀ ਦੀ ਸੋਚ ਦਾ ਅਜੰਡਾ, ਉਦੇਸ਼ ਨਹੀਂ ਸੀ ਬਣਨਾ।ਜਿਹੜੀ ਸਹੂਲਤ ਸਾਡੇ ਕੋਲ ਹੋਵੇ, ਉਸਦੀ ਅਸੀਂ ਕਿਸੇ ਤੋਂ ਮੰਗ ਨਹੀਂ ਕਰਦੇ। ਉਹਦਾ ਸੁਪਨਾ ਵੀ ਨਹੀਂ ਲੈਂਦੇ। ਉਸ ਨੂੰ ਪ੍ਰਾਪਤ ਕਰਨ ਦਾ ਕੋਈ ਯਤਨ ਤਾਂ ਭਲਾ ਕੀ ਕਰਨਾ। ਜਿਸ ਚੀਜ਼ ਦੀ ਜ਼ਰੂਰਤ ਹੋਵੇ ਪਰ ਸਾਡੇ ਕੋਲ ਨਾ ਹੋਵੇ। ਉਹਦੇ ਅਸੀਂ ਸੁਪਨੇ ਲੈਂਦੇ ਹਾਂ। ਉਸ ਨੂੰ ਪ੍ਰਾਪਤ ਕਰਨ ਵਾਸਤੇ ਵਿਉਂਤਾਂ ਘੜਦੇ ਹਾਂ। ਉਸਦੀ ਪ੍ਰਾਪਤੀ ਲਈ ਕੋਸ਼ਿਸ਼ ਕਰਦੇ ਹਾਂ। ਭਾਵੇਂ ਸਾਨੂੰ ਮੁਸ਼ਕਿਲਾਂ ਦਾ ਸਾਹਮਣਾ ਵੀ ਕਰਨਾ ਪਵੇ। ਅਸੀਂ ਲਗਾਤਾਰ ਯਤਨਸ਼ੀਲ ਰਹਿੰਦੇ ਹਾਂ ਤੇ ਰਹਿਣਾ ਵੀ ਚਾਹੀਦਾ ਹੈ। ਅਸਫਲਤਾ ਹੀ ਸਫਲਤਾ ਦਾ ਮਾਰਗ ਦਰਸ਼ਨ ਹੁੰਦੀ ਹੈ। ਦ੍ਰਿੜ੍ਹ ਇਰਾਦੇ ਵਾਲੇ ਲੋਕ ਅੰਤ ਸਫਲਤਾ ਪ੍ਰਾਪਤ ਕਰ ਲੈਂਦੇ ਹਨ।

ਅੱਜ ਬਹੁਗਿਣਤੀ ਮਿਹਨਤ ਦਾ ਪੂਰਾ ਮੁੱਲ ਨਾ ਮਿਲਣ ਕਾਰਨ ਨਰਕਾਂ ਵਰਗੀ (ਦੁੱਖਾਂ ਭਰੀ) ਜੂਨ ਹੰਢਾ ਰਹੀ ਹੈ। ਤੰਗੀਆਂ-ਤੁਰਸ਼ੀਆਂ ਕਾਰਨ ਅਸੀਂ ਨਾ ਚੰਗਾ ਪਹਿਨ ਸਕਦੇ ਹਾਂ ਅਤੇ ਨਾ ਹੀ ਢਿੱਡ ਭਰਵੀਂ ਰੋਟੀ ਖਾ ਸਕਦੇ ਹਾਂ। ਸਮਾਜਿਕ ਤੌਰ ਤੇ ਅਪਮਾਨਿਤ ਵੀ ਹੋਣਾ ਪੈ ਰਿਹਾ ਹੈ। ਆਮ ਜਿਹੀ ਬਿਮਾਰੀ ਵੀ ਸਾਡੀ ਇਲਾਜ ਕਰਵਾਉਣ ਦੀ ਸਮਰੱਥਾ ਤੋਂ ਬਾਹਰ ਹੋ ਗਈ ਹੈ। ਕਰਿਆਨੇ ਦੀ ਦੁਕਾਨ ਤੋਂ ਇਕ ਰੁਪਏ ਵਾਲੀ ਗੋਲੀ ਖਾ ਕੇ ਅਸੀਂ ਲੱਖਾਂ ਰੁਪਏ ਵਾਲੀ ਬਿਮਾਰੀ ਦਾ ਇਲਾਜ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਪਰ ਬਿਮਾਰੀ ਵਧਦੀ-ਵਧਦੀ ਸਾਨੂੰ ਹੀ ਖਾ ਜਾਂਦੀ ਹੈ। ਅਸੀਂ ਬੱਚਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਦੇ ਕਾਬਲ ਵੀ ਨਹੀਂ। ਹੁਣ ਤਾਂ ਸਕੂਲੀ ਸਿੱਖਿਆ ਵੀ ਵੱਸ ਤੋਂ ਬਾਹਰ ਹੋ ਰਹੀ ਹੈ। ਪ੍ਰੰਤੂ ਪੁਜਾਰੀ ਵਰਗ ਸਾਨੂੰ ਮਰਨ ਤੋਂ ਬਾਅਦ ਸੁਖੀ, ਦੁੱਖ ਦੂਰ ਕਰਨ ਦਾ ਦਾਅਵਾ ਕਰ ਰਿਹਾ ਹੈ। ਐਪਰ ਇੱਥੇ ਹੀ ਸਾਨੂੰ ਸਵਰਗ ਵਰਗੀਆਂ, ਚੰਗੀਆਂ, ਵਧੀਆ ਸਹੂਲਤਾਂ ਮਿਲ ਜਾਣ। ਅਸੀਂ ਸੁਖੀ ਹੋ ਜਾਈਏ। ਉਸਦੇ ਲਈ ਇਨ੍ਹਾਂ ਆਪ ਕੋਈ ਯਤਨ ਤਾਂ ਕੀ ਕਰਨਾ ਸਗੋਂ ਸਾਨੂੰ ਸੋਚਣ ਤੋਂ ਵੀ ਰੋਕਦੇ ਹਨ। ਇਹ ਅਗਲੇ-ਪਿਛਲੇ ਜਨਮਾਂ-ਕਰਮਾਂ ਦਾ ਫਲ ਦੱਸ ਕੇ,ਰੱਬ ਦੀ ਰਜ਼ਾ 'ਚ ਰਹਿਣ ਲਈ ਕਹਿੰਦੇ ਹਨ। ਅਸੀਂ ਲਾਈਲੱਗ ਇਨ੍ਹਾਂ ਦੀ ਮੰਨ ਰਹੇ ਹਾਂ। ਇਸੇ ਦਾ ਸਿੱਟਾ ਹੈ ਕਿ ਅਸੀਂ ਅੱਜ ਤੱਕ ਇਨ੍ਹਾਂ ਮਗਰ ਲੱਗ ਕੇ ਨਰਕ ਵਰਗਾ ਬਦਹਾਲ ਜੀਵਨ ਹੰਢਾ ਰਹੇ ਹਾਂ। ਤੰਗੀਆਂ, ਕੱਟ ਰਹੇ ਹਾਂ, ਰੁਲ ਰਹੇ ਹ। ਅਗਲੇ-ਪਿਛਲੇ ਕਰਮਾਂ ਦਾ ਫਲ ਸਮਝ ਕੇ ਮੰਨ ਕੇ।

ਜੇਕਰ ਤੁਹਾਨੂੰ ਪਿਆਸ ਹੁਣ ਲੱਗੀ ਹੈ ਪਾਣੀ ਦੀ ਜ਼ਰੂਰਤ ਹੁਣ ਹੈ। ਪਰ ਕੋਈ ਕਹੇ ਕਿ ਮਰਨ ਤੋਂ ਬਾਅਦ ਤੇਰੀ ਇਹ ਜ਼ਰੂਰਤ ਪੂਰੀ ਕਰ ਦਿੱਤੀ ਜਾਵੇਗੀ। ਉਹ ਵੀ ਇਸ ਸ਼ਰਤ ਤੇ ਕਿ ਤੈਨੂੰ ਅੱਜ ਤੋਂ ਸਵੇਰੇ-ਸ਼ਾਮ ਰੋਜ਼ਾਨਾ ਘੜਾ-ਘੜਾ, ਨਲਕਾ-ਨਲਕਾ ਇਕ ਘੰਟਾ-ਦੋ ਘੰਟੇ ਕਹਿਣਾ ਪਵੇਗਾ। ਅਜਿਹੇ ਪ੍ਰਵਚਨ ਸਾਰਾ ਪੁਜਾਰੀ ਵਰਗ ਕਰ ਰਿਹਾ ਹੈ। ਲੋਕਾਂ ਦੇ ਕੰਨਾਂ ਵਿਚ ਉਕਤ ਵਰਗੇ ਸ਼ਬਦ, ਮੰਤਰ ਫੂਕ ਕੇ ਰਟਨ ਕਰਨ ਲਈ ਕਹਿ ਰਹੇ ਹਨ। ਉਹ ਵੀ ਇਕ ਦੂਜੇ ਤੋਂ ਚੋਰੀ-ਚੋਰੀ ਦੱਸ ਰਹੇ ਹਨ। ਕਿਤੇ 'ਪਾਰਸ' ਦੀ ਡਲੀ ਹੋਰ ਕੋਈ ਨਾ ਚੁੱਕ ਲੈ ਜਾਵੇ। ਲੋਕ ਦੁੱਖਾਂ ਭਰਿਆ ਜੀਵਨ ਭੋਗ ਰਹੇ ਹਨ ਪਰ ਇਹ ਮਰਨ ਤੋਂ ਉਪਰੰਤ ਸੁੱਖ, ਸਵਰਗ ਦੇਣ ਦਾ ਵਾਅਦਾ, ਦਾਅਵਾ ਕਰ ਰਹੇ ਹਨ। ਅਸੀਂ ਬੇ-ਸਮਝ ਇਸ ਗੱਲ ਨਾਲ ਹੀ ਤਸੱਲੀ ਪ੍ਰਗਟਾ ਰਹੇ ਹਾਂ ਕਿ ਸਾਡੇ ਪੁਜਾਰੀ ਨੇ ਸਾਨੂੰ ਸਾਡੀ ਪਿਆਸ ਬੁਝਾਉਣ ਦੀ ਵਿਉਂਤ, ਢੰਗ ਦੱਸ ਦਿੱਤਾ ਹੈ। ਜਦੋਂ ਕਿ ਪਿਆਸ ਕਾਇਮ ਹੈ, ਸਾਨੂੰ ਬੇਹਾਲ ਕਰ ਰਹੀ ਹੈ। ਪਰ ਅਸੀਂ ਬਿਨਾਂ ਪਾਣੀ ਪੀਣ ਤੋਂ ਮ੍ਰਿਗ-ਤ੍ਰਿਸ਼ਨਾ ਵਾਂਗ ਆਸਵੰਦ ਹੋ ਜਾਂਦੇ ਹਾਂ। ਜੋ ਨਿਰਾ ਭੁਲੇਖਾ ਹੁੰਦਾ ਹੈ ਅਤੇ ਆਪਣੇ ਆਪ ਨਾਲ ਧੋਖਾ। ਪਾਣੀ ਤੋਂ ਬਿਨਾਂ ਪਿਆਸ ਕਿਵੇਂ ਬੁਝੇਗੀ? ਸਾਡੀ ਸਮਝ ਕਿੱਥੇ ਹੈ? ਨਾ ਘੜਾ-ਘੜਾ ਕਹਿਣ ਨਾਲ, ਨਾ ਪਾਣੀ-ਪਾਣੀ ਕਹਿਣ ਨਾਲ ਕਦੇ ਪਿਆਸ ਕਿਸੇ ਦੀ ਬੁਝੀ ਹੈ ਨਾ ਤੁਹਾਡੀ ਬੁਝੇਗੀ।ਜਦੋਂ ਪਾਣੀ ਪੀਤੇ ਬਿਨਾਂ ਹੀ ਮਰ ਗਏ ਤਾਂ ਫਿਰ ਕਿਹੜਾ ਕਿਸੇ ਨੇ ਪੁਜਾਰੀ ਨੂੰ ਪੁੱਛਣ ਆਉਣਾ ਹੈ ਕਿ ਪਾਣੀ ਮਿਲਿਆ ਜਾਂ ਨਹੀਂ। ਭਾਵ ਸੁਖੀ ਹੋਏ ਜਾਂ ਨਹੀਂ, ਸਵਰਗ ਪਹੁੰਚੇ ਜਾਂ ਨਹੀਂ।

ਅਸਲ ਵਿਚ ਅਗਲੇ ਅਖੌਤੀ ਜਗਤ ਦੀਆਂ ਗੱਲਾਂ ਠੱਗੀ ਦਾ ਸਾਧਨ ਹਨ। ਜਿਹੜੇ ਵੀ ਪ੍ਰਲੋਕ ਦੀਆਂ ਗੱਲਾਂ ਤੁਹਾਡੇ ਨਾਲ ਕਰਕੇ ਭਰਮਾ ਰਹੇ ਹਨ, ਡਰਾ ਰਹੇ ਹਨ। ਉਹ ਸਾਰੇ ਦੇ ਸਾਰੇ ਧੋਖੇਬਾਜ਼ ਹਨ। ਇਸ ਲਈ ਪੁਜਾਰੀਆਂ ਦੇ ਮਾਇਆ ਜਾਲ ਤੋਂ ਆਜ਼ਾਦ ਹੋਣ ਲਈ ਇਸ ਝੂਠ ਪ੍ਰਤੀ ਚੇਤਨ ਹੋਣਾ ਅਤੇ ਹੋਰਨਾਂ ਨੂੰ ਕਰਨਾ ਪੈਣਾ ਹੈ। ਜੇਕਰ ਗੁਰੂ ਰਵਿਦਾਸ ਜੀ ਦਾ ਉਦੇਸ਼ ''ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੈ ਸਭਨ ਕੋ ਅੰਨ, ਛੋਟ ਬੜੇ ਸਭ ਸਮ ਵਸੈ ਰਵਿਦਾਸ ਰਹੇ ਪ੍ਰਸੰਨ'' ਨੂੰ ਪੂਰਾ ਕਰਨਾ ਚਾਹੁੰਦੇ ਹਾਂ।

ਇਕ ਵਿਅਕਤੀ ਸੜਕ ਉਪਰ ਦੁਰਘਟਨਾ ਦਾ ਸ਼ਿਕਾਰ ਹੋ ਜਾਂਦਾ ਹੈ। ਇਕ ਹੋਰ ਨੇੜੇ ਖੜ੍ਹੇ ਬੰਦੇ ਦੇ ਸਾਹਮਣੇ ਇਹ ਵਰਤਾਰਾ ਵਾਪਰਦਾ ਹੈ। ਉਹ ਜਾਣਦਾ ਹੈ ਕਿ ਇਸ ਦੁਰਘਟਨਾਗ੍ਰਸਤ ਵਿਅਕਤੀ ਨੂੰ ਮੁਢਲੀ ਸਹਾਇਤਾ ਅਤੇ ਡਾਕਟਰੀ ਸਹੂਲਤ ਦੀ ਸਖ਼ਤ ਲੋੜ ਹੈ। ਪਰ ਉਹ ਉਸਦੀ ਕੋਈ ਵੀ ਮਦਦ ਨਹੀਂ ਕਰਦਾ। ਸ਼ਾਇਦ ਇਸ ਲਈ ਕਿ ਸੱਟ ਲੱਗਣ ਵਾਲੇ ਵਿਅਕਤੀ ਨੇ ਉਸ ਨੂੰ ਮਦਦ ਕਰਨ ਵਾਸਤੇ ਨਹੀਂ ਕਿਹਾ। ਜਦੋਂ ਕਿ ਪ੍ਰਭਾਵਿਤ ਵਿਅਕਤੀ ਉਸ ਸਮੇਂ ਅਜਿਹਾ ਕਰਨ ਦੇ ਯੋਗ ਵੀ ਨਹੀਂ ਸੀ। ਪਰ ਕੁਝ ਚਿਰ ਬਾਅਦ ਸੰਭਲਣ ਤੇ ਉਹ ਨੇੜੇ ਖੜ੍ਹੇ ਬੰਦੇ ਨੂੰ ਮਦਦ ਕਰਨ ਲਈ ਪੁਕਾਰਦਾ ਹੈ। ਪਰ ਉਹ ਨੇੜੇ ਖੜ੍ਹਾ ਬੰਦਾ ਜਿਸ ਦੇ ਸਾਹਮਣੇ ਇਹ ਵਰਤਾਰਾ ਵਾਪਰਿਆ ਹੈ। ਉਹ ਫਿਰ ਵੀ ਉਸਦੀ ਕੋਈ ਮਦਦ ਨਹੀਂ ਕਰਦਾ। ਅਸਲ ਵਿਚ ਉਹ ਹੋਰ ਕੋਈ ਨਹੀਂ ਅਖੌਤੀ ਰੱਬ ਦਾ ਰੂਪ ਸੀ। ਰੱਬ ਨੂੰ ਜਾਣੀ ਜਾਣ ਮੰਨਿਆ ਜਾਂਦਾ ਹੈ। ਇੱਥੇ ਸਾਰਾ ਵਰਤਾਰਾ ਨੇੜੇ ਖੜ੍ਹੇ ਬੰਦੇ ਸਾਹਮਣੇ ਵਾਪਰਦਾ ਹੈ। ਜਦੋਂ ਕਿ ਉਸ ਨੂੰ ਕੁਝ ਦੱਸਣ, ਕਹਿਣ ਦੀ ਜ਼ਰੂਰਤ ਨਹੀਂ ਸੀ।ਪਰ ਜਦੋਂ ਦੁਰਘਟਨਾ ਤੋਂ ਪ੍ਰਭਾਵਿਤ ਵਿਅਕਤੀ ਉਸ ਨੂੰ ਮਦਦ ਵਾਸਤੇ ਬੇਨਤੀ ਵੀ ਕਰਦਾ ਹੈ, ਉਹ ਫਿਰ ਵੀ ਉਹਦੀ ਕੋਈ ਮਦਦ ਨਹੀਂ ਕਰਦਾ।ਜਿਸ ਤਰ੍ਹਾਂ ਪੀੜਤਾਂ ਵੱਲੋਂ ਰੱਬ ਅੱਗੇ ਵਾਰ-ਵਾਰ ਅਰਦਾਸਾਂ/ਬੇਨਤੀਆਂ ਕਰਨ ਦੇ ਬਾਵਜੂਦ ਕਿਸੇ ਦੇ ਪੱਲੇ ਕੁਝ ਵੀ ਨਹੀਂ ਪੈਂਦਾ। ਉਂਝ ਭਾਵੇਂ ਕਿਹਾ ਜਾਂਦਾ ਹੈ ਕਿ ਸੱਚੇ ਦਿਲੋਂ ਕੀਤੀ ਜਾਂਦੀ ਅਰਦਾਸ ਅਜਾਈਂ ਨਹੀਂ ਜਾਂਦੀ। ਪ੍ਰੰਤੂ ਕੀ ਕਿਸੇ ਦੁਰਘਟਨਾ ਦਾ ਸ਼ਿਕਾਰ ਜਾ ਬੇ-ਇਲਾਜ ਬਿਮਾਰੀ ਕੈਂਸਰ, ਏਡਜ਼ ਦਾ ਪੀੜਤ ਵਿਅਕਤੀ ਝੂਠ ਦਿਲੋਂ ਮਦਦ ਲਈ ਕਹਿੰਦਾ ਹੋਵੇਗਾ? ਮੰਨ ਸਕਦੇ ਹਾਂ? ਨਹੀਂ, ਕਿਤੇ ਕੋਈ ਰੱਬ ਉਸ ਬੇਦਰਦ ਵਿਅਕਤੀ ਵਾਂਗ ਬੇਨਤੀ ਨਹੀਂ ਸੁਣਦਾ। ਉਸ ਨੇ ਆਪਣੇ ਆਪ ਦੇਖ ਕੇ, ਜਾਣ ਕੇ ਤਾਂ ਮਦਦ ਵਾਸਤੇ ਕੀ ਆਉਣਾ। ਜੇਕਰ ਲੋਕਾਂ ਦੀਆਂ ਫਰਿਆਦਾਂ ਸੁਣ ਕੇ ਰੱਬ ਅਮਲ ਕਰਦਾ ਹੁੰਦਾ ਤਾਂ ਫਿਰ ਇਹ ਮੁਹਾਵਰਾ ਨਹੀਂ ਬਣਨਾ ਸੀ ''ਜਿਹੜੇ ਆਪਣੀ ਮਦਦ ਆਪ ਕਰਦੇ ਹਨ, ਰੱਬ ਉਨ੍ਹਾਂ ਦੀ ਮਦਦ ਕਰਦਾ ਹੈ।'' ਅਸਲ ਵਿਚ ਜਿਹੜੇ ਆਪਣੀ ਮਦਦ ਆਪ ਕਰਨ ਲੱਗ ਜਾਂਦੇ ਹਨ ਜਾਂ ਕਰਨਯੋਗ ਹੋ ਜਾਂਦੇ ਹਨ। ਉਹ ਰੱਬ ਦੇ ਸਹਾਰੇ ਦੀ ਉਡੀਕ ਨਹੀਂ ਕਰਦੇ। ਇਸ ਲਈ ਸਾਨੂੰ ਵੀ ਆਪਣੀ ਮਦਦ ਆਪ ਕਰਨ ਦਾ ਫੈਸਲਾ ਕਰ ਲੈਣਾ ਚਾਹੀਦਾ ਹੈ। ਕਿਸੇ ਅਲੌਕਿਕ ਸ਼ਕਤੀ ਨੂੰ ਅਰਦਾਸਾਂ/ਬੇਨਤੀਆਂ ਕਰਕੇ ਆਵਾਜ਼ਾਂ ਮਾਰਨੀਆਂ ਬੰਦ ਕਰ ਦੇਣੀਆਂ ਚਾਹੀਦੀਆਂ ਹਨ। ਇਹ ਫੈਸਲਾ ਕਰ ਲੈਣ ਨਾਲ ਅਸੀਂ ਗੁਰੂ ਜੀ ਦਾ ਉਦੇਸ਼ ''ਐਸਾ ਚਾਹੂੰ ਰਾਜ ਮੈਂ ...'' ਪੂਰਾ ਕਰਨ ਦੇ ਸਮਰੱਥ ਹੋ ਜਾਵਾਂਗੇ। ਆਪਣੇ ਆਪ 'ਚ ਹਿੰਮਤ, ਹੌਂਸਲਾ ਪੈਦਾ ਕਰਕੇ ਅਸੀਂ ਇਸ ਦੁਨੀਆਂ ਦੇ ਜੀਵਨ ਨੂੰ ਇੰਨਾ ਸੋਹਣਾ ਬਣਾ ਸਕਦੇ ਹਾਂ ਕਿ ਕਿਸੇ ਹੋਰ ਦੁਨੀਆਂ ਦੇ ਸਵਰਗ ਦੀ ਝਾਕ ਹੀ ਨਹੀਂ ਰਹਿਣੀ। ਜਿਸ ਦਾ ਲਾਲਚ ਦੇ ਕੇ ਪੁਜਾਰੀ ਵਰਗ ਸਾਨੂੰ ਸਭ ਨੂੰ ਲੁੱਟ ਰਿਹਾ ਹੈ ਅਤੇ ਆਪ ਰਾਜਿਆਂ ਵਾਂਗ ਬਿਨਾ ਕੰਮ ਕੀਤੇ ਮੌਜਾਂ ਮਾਣ ਰਿਹਾ ਹੈ।

ਸਾਨੂੰ ਇਨ੍ਹਾਂ ਪੁਜਾਰੀਆਂ ਦੇ ਮੱਕੜਜਾਲ ਸਵਰਗ-ਨਰਕ, ਜਨਮ-ਕਰਮ ਦਾ ਸੱਚ ਜਾਨਣਾ ਪੈਣਾ ਹੈ।ਨਹੀਂ ਤਾਂ ਇਹਨਾਂ ਦੇ ਕਹੇ ਮੁਤਾਬਕ ਭੁੱਖ-ਨੰਗ, ਗਰੀਬੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਜਾਤ-ਪਾਤ, ਛੂਆ-ਛਾਤ, ਮਹਿੰਗਾਈ, ਅਨਪੜ੍ਹਤਾ ਆਦਿ ਨੂੰ ਅਗਲੇ ਪਿਛਲੇ ਕਰਮਾਂ ਦਾ ਫਲ ਸਮਝ ਕੇ ਨਰਕ ਵਰਗੀ, ਦੁੱਖਾਂ ਭਰੀ ਜ਼ਿੰਦਗੀ ਜਿਊਣ ਲਈ ਮਜ਼ਬੂਰ, ਗੁਲਾਮ, ਦਾਸ ਬਣੇ ਰਹਾਂਗੇ ਅਤੇ ਗੁਰੂ ਜੀ ਦਾ ਉਦੇਸ਼ ''ਐਸਾ ਚਾਹੂੰ ਰਾਜ ਮੈਂ ...'' ਨੂੰ ਪੂਰਾ ਕਰਨ ਦੇ ਯੋਗ ਨਹੀਂ ਹੋ ਸਕਾਂਗੇ। ਉਹਨਾਂ ਦੀ ਸੋਚ ਤੇ ਪਹਿਰਾ ਤਾਂ ਕੀ ਦੇਣਾ ਖੜਨ ਜੋਗੇ ਵੀ ਨਹੀਂ ਰਹਾਂਗੇ।

ਆਓ ਪੁਜਾਰੀਆਂ ਦੇ ਕਹੇ ਮੁਤਾਬਕ ਰੱਬ ਦੀ ਸਲਤਨਤ ਸਵਰਗ-ਨਰਕ ਵਿਚ ਜਾਣ ਤੋਂ ਇਨਕਾਰ ਕਰੀਏ। ਇੱਥੇ ਹੀ ਸਵਰਗ ਵਰਗਾ ਭਾਵ ਸੋਹਣਾ, ਚੰਗਾ ਜੀਵਨ ਬਣਾਉਣ ਦੀ ਸ਼ੁਰੂਆਤ ਕਰੀਏ ਜਾਂ ਇੰਝ ਕਹਿ ਲਵੋ ਕਿ ਕੈਲਫੋਰਨੀਆ (ਕੈਨੇਡਾ), ਪੈਰਿਸ (ਫਰਾਂਸ) ਜਾਣ ਦੀ ਝਾਕ ਛੱਡ ਕੇ ਆਪਣੇ ਹੀ ਦੇਸ਼ (ਭਾਰਤ), ਪ੍ਰਦੇਸ਼ (ਪੰਜਾਬ) ਨੂੰ ਕੈਲੇਫੋਰਨੀਆ, ਪੈਰਿਸ ਵਰਗਾ ਬਣਾਉਣ ਦੇ ਰਾਹ ਤੁਰੀਏ।ਗੁਰੂ ਰਵਿਦਾਸ ਜੀ ਦਾ ਉਦੇਸ਼ ਪੂਰਾ ਕਰਨ ਲਈ ''ਸਾਨੂੰ ਸਾਡੇ ਦਿਓ ਅਧਿਕਾਰ, ਸਿਹਤ, ਸਿੱਖਿਆ ਤੇ ਰੁਜ਼ਗਾਰ'' ਦੇ ਨਾਅਰੇ, ਜੈਕਾਰੇ ਨੂੰ ਬੁਲੰਦ ਕਰੀਏ। ''ਸਿਹਤ ਸਿੱਖਿਆ ਤੇ ਰੁਜ਼ਗਾਰ, ਸਭ ਲਈ ਹੋਵੇ ਇੱਕੋਸਾਰ'' ਇਹ ਵਿਚਾਰ ਘਰ-ਘਰ ਪਹੁੰਚਾਈਏ। ਇਹ ਨਾਅਰੇ ਗਲੀ-ਗਲੀ ਗੂੰਜਣ। ਸਾਡੀ ਸਮਝ ਦਾ ਹਿੱਸਾ ਬਣਨ 'ਤੇ ਅਸੀਂ ਸੰਘਰਸ਼ਸ਼ੀਲ ਬਣੀਏ ਤੇ ਹੋਰਨਾਂ ਨੂੰ ਬਣਾਈਏ। ਸਾਂਝੇ ਸੰਘਰਸ਼ਾਂ ਨਾਲ ਇਹ ਅਧਿਕਾਰ ਪ੍ਰਾਪਤ ਕਰਕੇ ਆਰਥਿਕ ਤੌਰ 'ਤੇ ਖੁਸ਼ਹਾਲੀ ਵੱਲ ਆਪਣੇ ਕਦਮ ਵਧਾਈਏ। ਇੰਝ ਕਰਕੇ ਸਮਾਜਵਾਦੀ ਭਾਵ ਬਰਾਬਰੀ ਵਾਲਾ ਪ੍ਰਬੰਧ ਕਾਇਮ ਕਰਨ ਦਾ ਪਿੜ ਬੰਨ੍ਹੀਏ ''ਐਸਾ ਚਾਹੂੰ ਰਾਜ ਮੈਂ ...'' ਦੇ ਉਦੇਸ਼ ''ਬੇਗਮਪੁਰਾ'' ਦਾ ਸੁਪਨਾ ਸਾਕਾਰ ਕਰਨ ਵੱਲ ਵਧੀਏ।

×××××

ਪ੍ਰੰਤੂ ਗੁਰੂ ਰਵਿਦਾਸ ਜੀ ਦੇ ਇਸ ਉਦੇਸ਼ ''ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੈ ਸਭਨ ਕੋ ਅੰਨ ...'' ਨੂੰ ਪੂਰਾ ਕਰਨ ਵਾਸਤੇ ਆਪਸੀ ਏਕਤਾ ਕਰਨੀ ਬਹੁਤ ਜ਼ਰੂਰੀ ਹੈ। ਐਪਰ ਅੱਜ ਅਸੀਂ ਡੇਰਿਆਂ, ਜਠੇਰਿਆਂ, ਧਰਮਾਂ ਅਤੇ ਪਾਰਟੀਆਂ, ਜਾਤਾਂ ਦੇ ਆਧਾਰਿਤ ਬਹੁਤ ਬੁਰੀ ਤਰ੍ਹਾਂ ਵਿਖਰੇ ਹੋਏ ਹਾਂ।ਵਿਸ਼ਾਲ ਏਕੇ ਤੋਂ ਬਿਨਾਂ ਇਸ ਵੱਡੇ ਉਦੇਸ਼ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ। ਏਕਤਾ ਉਸਾਰਨ ਵਾਸਤੇ ਸਾਂਝਾ ਉਦੇਸ਼, ਏਜੰਡਾ ਤੈਅ ਕਰਨਾ ਹੁੰਦਾ ਹੈ। ਸਾਂਝੀ ਵਿਚਾਰਧਾਰਾ, ਸਾਂਝੇ ਉਦੇਸ਼ ਦੇ ਆਧਾਰਿਤ ਹੀ ਏਕਤਾ ਸਿਰੇ ਚੜ੍ਹ ਸਕਦੀ ਹੈ। ਇਸ ਲਈ ਜਿਹੜੀਆਂ ਵੀ ਧਿਰਾਂ, ਵਿਅਕਤੀ ''ਐਸਾ ਚਾਹੂੰ ਰਾਜ ਮੈਂ ...'' ਦੇ ਅਜੰਡੇ ਦੇ ਆਧਾਰਿਤ ਬਹੁਜਨਾਂ ਦੇ ਉਦੇਸ਼ ਦੀ ਪ੍ਰਾਪਤੀ ਲਈ ਸੱਚਮੁੱਚ ਕੁਝ ਕਰਨ ਲਈ ਤਿਆਰ ਹਨ। ਉਹਨਾਂ ਨੂੰ ਇਕ ਮੰਚ 'ਤੇ ਇਕੱਠੇ ਹੋਣਾ ਹੀ ਪੈਣਾ ਹੈ। ਇਸ ਵਾਸਤੇ ਡੇਰਿਆਂ, ਜਠੇਰਿਆਂ, ਧਰਮਾਂ ਦੀ ਘੁੰਮਣਘੇਰੀ ਤੋਂ ਵੀ ਸਾਨੂੰ ਆਜ਼ਾਦ ਹੋਣ ਦੀ ਜ਼ਰੂਰਤ ਹੈ।ਇਹਨਾਂ ਤੋਂ ਆਜ਼ਾਦ ਤਾਂ ਹੀ ਹੋ ਸਕਦੇ ਹਾਂ ਜੇਕਰ ਅਸੀਂ ਕੁਝ ਜਾਣਨ, ਸਿੱਖਣ, ਸਮਝਣ ਅਤੇ ਕੁਝ ਕਰਨ ਦੀ ਤਮੰਨਾ ਰੱਖਦੇ ਹਾਂ। ਜੇਕਰ ਆਪਣੀ ਸੋਚ, ਸਮਝ, ਵਿਚਾਰਧਾਰਾ 'ਜੋ ਕਿਸਮਤ ਵਿਚ ਹੈ, ਮਿਲ ਹੀ ਜਾਣਾ ਹੈ', 'ਦੁੱਖ-ਸੁੱਖ ਅਗਲੇ-ਪਿਛਲੇ ਕਰਮਾਂ ਦਾ ਫਲ ਹੈ' ਪ੍ਰਮਾਤਮਾ ਦੇ ਹੁਕਮ ਬਿਨਾਂ ਪੱਤਾ ਵੀ ਨਹੀਂ ਹਿਲਦਾ ਜਾਂ ਰੱਬ ਜੋ ਕਰਦਾ ਹੈ ਠੀਕ ਹੀ ਕਰਦਾ ਹੈ', ਦੇ ਮੀਲ ਪੱਥਰ 'ਤੇ ਖੜ੍ਹੀ ਹੈ।ਫਿਰ ਤਾਂ ਗੁਰੂ ਜੀ ਦੇ ਉਪਦੇਸ਼ ਅਤੇ ਉਦੇਸ਼ ਵਾਸਤੇ ਕੁਝ ਵੀ ਨਾ ਕਰਨ ਵਾਲਿਆਂ ਵਿਚ ਸ਼ਾਮਲ ਸਮਝਿਆ ਜਾਵੇਗਾ। ਇਹ ਵੀ ਮੰਨਿਆ ਜਾਵੇਗਾ ਕਿ ਆਪਾਂ ਕਿਸੇ ਦਾ ਭਲਾ ਨਹੀਂ ਕਰਨਾ ਚਾਹੁੰਦੇ 'ਤੇ ਆਪਣਾ ਵੀ ਨਹੀਂ। ਸਿਰਫ਼ ਤਾਂ ਸਿਰਫ਼ ਜਠੇਰਿਆਂ, ਡੇਰਿਆਂ, ਧਰਮ ਸਥਾਨਾਂ ਉਪਰ ਲੱਗਦੇ ਮੇਲਿਆਂ ਉੱਤੇ ਲੰਗਰ, ਇਮਾਰਤ ਜਾਂ ਗਾਇਕਾਂ ਵਾਸਤੇ ਰੁਪਏ ਦੇ ਕੇ ਫੋਕੀ ਵਕਤੀ ਸ਼ੋਹਰਤ ਪ੍ਰਾਪਤ ਕਰਨ ਵਾਲੇ ਲਾਈਲੱਗ, ਬੇ-ਸਮਝ ਲੋਕਾਂ ਦੀ ਕਤਾਰ ਵਿਚ ਖੜ੍ਹੇ ਹੋਵੋਗੇ ਜਾਂ ਉਥੇ ਇਕੱਤਰ ਹੋਈ ਭੀੜ ਦਾ ਹਿੱਸਾ। ਜਿਹੜੇ ਲੋਕ ਅਜਿਹੇ ਥਾਂਵਾਂ ਉਪਰ ਪੈਸੇ ਖਰਚ ਕੇ ਕੁਝ ਚੰਗਾ ਕਰਨ, ਚੰਗੇ ਹੋਣ ਦਾ ਭਰਮ ਪਾਲ ਰਹੇ ਹਨ। ਆਪਣੇ ਆਪ ਨੂੰ ਵੱਡੇ ਭਾਗਾਂ ਵਾਲੇ ਸਮਝਦੇ ਹਨ। ਅਸਲ ਵਿਚ ਆਰਥਿਕ ਅਤੇ ਸਮਾਜਿਕ ਤੌਰ 'ਤੇ ਲਤਾੜੇ ਜਾ ਰਹੇ, ਦੁੱਖ ਸਹਿ ਰਹੇ ਲੋਕਾਂ ਨੂੰ ਹਨੇਰੇ ਰਸਤੇ ਵੱਲ ਧੱਕਣ ਦੇ ਇਹ ਵੀ ਜ਼ਿੰਮੇਵਾਰ, ਗੁਨਾਹਗਾਰ, ਦੋਸ਼ੀ ਬਣਦੇ ਹਨ। ਕਿਉਂਕਿ ਗਰੀਬ, ਅਨਪੜ੍ਹ, ਅੱਧਪੜ ਲੋਕ ਇਹਨਾਂ ਵੱਲ ਦੇਖ ਕੇ ਇਹ ਸਮਝਦੇ ਹਨ ਕਿ ਵੱਡੇ ਕਾਰੋਬਾਰੀ, ਨੌਕਰੀਆਂ ਕਰਨ ਵਾਲੇ, ਵਿਦੇਸ਼ਾਂ ਤੋਂ ਪੈਸਾ ਲਿਆ ਕੇ ਕੋਠੀਆਂ ਪਾਉਣ, ਕਾਰਾਂ ਖਰੀਦਣ ਵਾਲਿਆਂ ਉਪਰ ਡੇਰਿਆਂ, ਜਠੇਰਿਆਂ, ਧਰਮ ਗੁਰੂਆਂ, ਪੁਜਾਰੀਆਂ ਦੀ ਕ੍ਰਿਪਾ ਸ਼ਕਤੀ ਸਦਕੇ ਹੀ ਇਹਨਾਂ ਦੇ ਘਰ ਭਰ ਹੋਏ ਹਨ। ਨਤੀਜਨ ਉਹ ਵੀ ਪੜ੍ਹੇ-ਲਿਖੇ, ਪੈਸੇ ਵਾਲੇ ਬੇ-ਸਮਝਾਂ ਮਗਰ ਲੱਗ ਕੇ ਅਜਿਹੀਆਂ ਥਾਂਵਾਂ ਉਪਰ ਕ੍ਰਿਪਾ ਸ਼ਕਤੀ ਪ੍ਰਾਪਤ ਕਰਨ ਲਈ ਸੁੱਖਾਂ-ਸੁੱਖਦੇ, ਮੱਥੇ ਘਸਾਉਂਦੇ ਦੁੱਖਾਂ ਭਰੀ ਜ਼ਿੰਦਗੀ ਬਸਰ ਕਰਦੇ ਰਹਿੰਦੇ ਹਨ। ਵਿਸ਼ੇਸ਼ ਦਿਨਾਂ ਤੇ ਝੰਡੇ ਚੜ੍ਹਾਉਣ, ਲੰਗਰ ਲਗਾਉਣ, ਚਿਰਾਗ ਕਰਨ, ਦੀਵੇ ਜਗਾਉਣ ਤੁਰੇ ਰਹਿੰਦੇ ਹਨ। ਐਪਰ ਆਪਣੇ ਦਿਮਾਗ ਦੇ ਦੀਵੇ ਨੂੰ ਜਗਾ ਲੈਣ, ਲੱਗਦਾ ਇਹ ਉਨ੍ਹਾਂ ਦੇ ਵੱਸ ਵਿਚ ਹੀ ਨਹੀਂ। ਕਿਉਂਕਿ ਉਹਨਾਂ ਦੇ ਦਿਮਾਗ ਦੇ ਦੀਵੇ ਦੀ ਬੱਤੀ ਪੜ੍ਹੇ-ਲਿਖੇ ਲਾਈਲੱਗ, ਸ਼ੈਤਾਨ, ਮੂਰਖਾਂ ਦੇ ਕਾਰ-ਵਿਹਾਰ ਦੇ ਪਾਣੀ ਵਿਚ ਡੁੱਬ ਚੁੱਕੀ ਹੈ। ਇਹਨਾਂ ਹੀ ਪੜ੍ਹੇ-ਲਿਖੇ, ਪੈਸੇ ਵਾਲੇ ਲੋਕਾਂ ਨੇ ਦੂਜਿਆਂ ਦੇ ਮਾਰਗ ਦਰਸ਼ਨ ਬਣਨਾ ਸੀ। ਐਪਰ ਇਹ ਖੁਦ ਡੇਰਿਆਂ-ਜਠੇਰਿਆਂ, ਮੜੀਆਂ-ਮਸਾਣਾਂ ਦੇ ਮਾਇਆ ਜਾਲ ਵਿਚ ਫਸੇ ਹੋਏ ਹਨ। ਇਮਾਨਦਾਰ ਬੁੱਧੀਜੀਵੀ ਵਰਗ ਨੂੰ ਇਹਨਾਂ ਪ੍ਰਤੀ ਖੁੱਲ੍ਹ ਕੇ ਚਰਚਾ ਕਰਨੀ ਚਾਹੀਦੀ ਹੈ ਅਤੇ ਸਹੀ ਦਿਸ਼ਾ ਦੇਣ ਲਈ ਅੱਗੇ ਆਉਣਾ ਪਏਗਾ।

ਉਂਝ ਅਸੀਂ ਸਾਰੇ ਜਾਣਦੇ ਹਾਂ ਕਿ ਏਕੇ ਵਿਚ ਬਰਕਤ ਹੁੰਦੀ ਹੈ। ਇਕ ਇਕੱਲਾ ਦੋ ਗਿਆਰਾਂ ਰਾਹੀਂ ਏਕਤਾ ਦੀ ਪ੍ਰੇਰਨਾ ਦਿੰਦੇ ਹਾਂ। ''ਇਕੱਠ ਲੋਹੇ ਦੀ ਲੱਠ'' ਕਹਿ ਕੇ ਏਕੇ ਦੀ ਤਾਕਤ ਬਾਰੇ ਦੱਸਦੇ ਹਾਂ। ਪ੍ਰੰਤੂ ਉਪਰੋਕਤ ਸਾਰਾ ਕੁਝ ਜਾਣਦੇ ਹੋਏ ਵੀ ਇਸ ਨੂੰ ਅਮਲ ਵਿਚ ਨਹੀਂ ਲਿਆ ਰਹੇ। ਜਿਸ ਦਾ ਸਿੱਟਾ ਹੈ ਕਿ ਅਸੀਂ ਆਪਣੇ ਸੁਪਨਿਆਂ ਤਾਈਂ ਸਾਕਾਰ ਕਰਨ ਦੇ ਸਮਰੱਥ ਨਹੀਂ ਸਮਝ ਰਹੇ। ਸਿਆਸੀ ਨੇਤਾ, ਪੁਜਾਰੀ ਵਰਗ ਅਤੇ ਸਰਮਾਏਦਾਰੀ ਮੀਡੀਆ ਲੋਕਾਂ ਦੀ ਧਰਮ, ਜਾਤ, ਡੇਰਿਆਂ, ਜਠੇਰਿਆਂ ਦੇ ਆਧਾਰਿਤ ਵੰਡ ਨੂੰ ਕਾਇਮ ਰੱਖਣ ਵਿਚ ਹੀ ਆਪਣੀ ਭਲਾਈ ਸਮਝਦਾ ਹੈ। ਇਸੇ ਕਰਕੇ ਇਨ੍ਹਾਂ ਆਧਾਰਿਤ ਸੰਗਠਨਾਂ ਨੂੰ ਉਤਸ਼ਾਹ ਕਰਦੇ ਰਹਿੰਦੇ ਹਨ। ਇਹ ਇਸ ਸਾਂਝੇ ਉਦੇਸ਼ ਵਾਸਤੇ ਖੁਦ ਇਕੱਠੇ ਹਨ। ਪ੍ਰੰਤੂ ਅਸੀਂ ਆਪਣੇ ਹਿੱਤਾਂ ਖਾਤਰ ਇਹ ਰੁਕਾਵਟਾਂ ਦੂਰ ਕਰਨ ਲਈ ਕਦੋਂ ਤੱਕ ਕਿਸੇ ਦੀ ਉਡੀਕ ਕਰਾਂਗੇ? ਇਹ ਕਾਰਜ ਸਾਨੂੰ ਆਪ ਹੀ ਕਰਨਾ ਪੈਣਾ ਹੈ। ਜਦੋਂ ਤੱਕ ਅਸੀਂ ਇੰਝ ਹੀ ਵੰਡੇ ਰਹਾਂਗੇ ਤਾਂ ਉਦੋਂ ਤੱਕ ਹਰ ਪੱਧਰ 'ਤੇ ਘਰ-ਬਾਹਰ ਤੁਹਾਡੇ ਪੱਲੇ ਨਿਰਾਸ਼ਾ ਹੀ ਪਵੇਗੀ। ਅਸੀਂ ਅਕਸਰ ਭਾਗਾਂ ਦੀ ਗੱਲ ਕਰਦੇ ਹਾਂ, ਪ੍ਰੰਤੂ ਭਾਗ, ਹਿੱਸੇ ਨੂੰ ਕਿਹਾ ਜਾਂਦਾ ਹੈ। ਅਸੀਂ ਆਪਣਾ ਹਿੱਸਾ ਪ੍ਰਾਪਤ ਕਰਨ ਲਈ ਕੁਝ ਵੀ ਨਹੀਂ ਕਰਦੇ। ਜੇਕਰ ਕਰਦੇ ਹਾਂ ਤਾਂ ਨਾਲ ਹੀ ਅਰਦਾਸ, ਬੇਨਤੀ ਵੀ। ਕਿਉਂਕਿ ਅਸੀਂ ਆਪਣੇ ਆਪ ਤੇ ਵਿਸ਼ਵਾਸ ਹੀ ਨਹੀਂ ਕਰਦੇ। ਸਾਡਾ ਜ਼ਿਆਦਾ ਵਿਸ਼ਵਾਸ ਅਲੌਕਿਕ ਸ਼ਕਤੀਆਂ ਉਪਰ ਹੈ। ਅਸੀਂ ਜਿੱਤਣ ਤੋਂ ਪਹਿਲਾਂ ਹੀ ਦਿਮਾਗ ਵਿਚ ਹਾਰ ਮੰਨ ਕੇ ਚੱਲਦੇ ਹਾਂ। ਇਸੇ ਕਰਕੇ ਸਾਡੇ ਭਾਗ, ਸਾਡੇ ਹਿੱਸੇ (ਸਿਹਤ, ਸਿੱਖਿਆ, ਰੁਜ਼ਗਾਰ ਆਦਿ) ਖੋਹ ਕੇ ਹੋਰ ਤਾਕਤਵਰ ਲੋਕ ਕਬਜ਼ਾ ਕਰੀ ਜਾ ਰਹੇ ਹਨ। ਇਹਨਾਂ ਨੂੰ ਪ੍ਰਾਪਤ ਕਰਨ ਵਾਸਤੇ ਤਾਕਤ ਦੀ ਲੋੜ ਹੈ। ਤਾਕਤ ਏਕਤਾ ਨਾਲ ਬਣਦੀ ਹੈ। ਏਕਤਾ ਕਰਾਂਗੇ ਤਾਂ ਹੀ ਬਰਕਤਾਂ ਸਾਡੇ ਪੱਲੇ ਪੈਣਗੀਆਂ। ਅਸੀਂ ਸਾਰੇ ਬਰਕਤਾਂ ਹੀ ਤਾਂ ਚਾਹੁੰਦੇ ਹਾਂ। ਇਸੇ ਕਰਕੇ ਅਰਦਾਸਾਂ ਕਰਦੇ ਹਾਂ, ਡੇਰਿਆਂ, ਜਠੇਰਿਆਂ ਅਤੇ ਹੋਰ ਧਾਰਮਿਕ ਸਥਾਨਾਂ ਤੇ ਜਾ ਕੇ ਸੁੱਖਾਂ-ਸੁੱਖਦੇ, ਮੱਥੇ ਰਗੜਦੇ ਹਾਂ। ਪ੍ਰੰਤੂ ਫਿਰ ਵੀ ਸਾਡਾ ਹਾਲ ਉਂਝ ਦਾ ਉਂਝ ਹੀ ਰਹਿੰਦਾ ਹੈ। ਇੰਝ ਜਾਪਦਾ ਹੈ ਕਿ ਅਰਦਾਸਾਂ ਦਾ ਅਸਰ ਉਲਟ ਹੋ ਰਿਹਾ ਹੈ। ਇਸ ਨਾਲ ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੋ ਰਿਹਾ ਹੈ। ਜੇਕਰ ਅਰਦਾਸਾਂ ਨਾਲ ਹੀ ਕੁਝ ਸੰਵਰਨਾ ਹੁੰਦਾ ਤਾਂ ਅੱਜ ਭਾਰਤ ਵਿਚ ਗਰੀਬੀ ਅਤੇ ਗਰੀਬ ਦਾ ਨਾਮ ਨਹੀਂ ਸੀ ਰਹਿਣਾ। ਤੇਤੀ ਕਰੋੜ ਦੇਵਤਿਆਂ ਅਤੇ ਕਰੋੜਾਂ ਧਰਮ ਗੁਰੂਆਂ, ਗੈਬੀ ਸ਼ਕਤੀਆਂ ਦੇ ਦਾਅਵੇਦਾਰਾਂ ਦੇ ਦੇਸ਼ ਵਿਚ ਅੱਜ ਵੀ ਲੋਕ ਭੁੱਖ ਨਾਲ ਮਰ ਰਹੇ ਹਨ। ਦੁੱਖਾਂ ਭਰੀ ਜੂਨ ਹੰਢਾ ਰਹੇ ਹਨ। ਸਾਰਿਆਂ ਦੁੱਖਾਂ ਦਾ ਦਾਰੂ 'ਨਾਮ' ਨੂੰ ਦੱਸਣ ਵਾਲੇ ਆਪ ਹਸਪਤਾਲਾਂ ਦੇ ਬੈਡਾਂ ਉਪਰ ਤੜਪ ਰਹੇ ਹਨ। ਸ੍ਰੀ ਲਕਸ਼ਮੀ ਮਾਤਾ (ਪੈਸੇ ਦੀ ਦੇਵੀ) ਅਤੇ ਸ੍ਰੀ ਕੁਬੇਰ (ਧਨ ਦਾ ਦੇਵਤਾ) ਦਾ ਦੇਸ਼ ਅਰਬਾਂ, ਖਰਬਾਂ ਦਾ ਕਰਜ਼ਾਈ ਹੈ, ਕਿਉਂ? ਸੋਚਣ ਦੀ ਲੋੜ ਹੈ। ਇਸ ਹਿਸਾਬ ਨਾਲ ਤਾਂ ਇਹ ਦੇਵਤੇ ਵੀ ਕਰਜ਼ਾਈ ਹਨ। ਸਾਨੂੰ ਆਪਣੇ ਦੁੱਖਾਂ, ਆਰਥਿਕ, ਸਮਾਜਿਕ ਮਸਲਿਆਂ ਪ੍ਰਤੀ ਆਪ ਹੀ ਕੁਝ ਕਰਨਾ ਪੈਣਾ ਹੈ। ਇਸ ਦਾ ਇਕੋ ਇਕ ਇਲਾਜ ਹੈ ਏਕਤਾ ਅਤੇ ਸੰਘਰਸ਼। ਆਪਣੀ ਏਕਤਾ ਕਰਕੇ ਮੌਜੂਦਾ ਰਾਜ ਪ੍ਰਬੰਧ ਨੂੰ ਬਦਲਣਾ ਪੈਣਾ ਹੈ। ਜਿਸ ਕਾਰਨ ਜੀਵਨ ਦੀਆਂ ਮੁਸ਼ਕਿਲਾਂ ਦਿਨੋ-ਦਿਨ ਵਧ ਰਹੀਆਂ ਹਨ। ਅੰਤ ਸਾਡੀ ਏਕਤਾ ਨੇ ਹੀ ਬਰਕਤਾਂ ਬਖ਼ਸ਼ਣੀਆਂ ਹਨ। ਜੇ ਡੇਰਿਆਂ ਦੇ ਮਾਲਕਾਂ, ਜਠੇਰਿਆਂ, ਧਰਮ ਗੁਰੂਆਂ ਕੋਲ ਬਰਕਤਾਂ ਦੇਣ ਦੀ ਯੋਗਤਾ (ਸ਼ਕਤੀ) ਹੁੰਦੀ ਤਾਂ ਐਨੇ ਚਿਰ ਤੋਂ ਅਰਦਾਸਾਂ ਕਰਨ ਦੀ ਲੋੜ ਨਹੀਂ ਸੀ ਪੈਣੀ। ਰੋਜ਼ ਸਰਬੱਤ ਦੇ ਭਲੇ ਲਈ ਕਰੋੜਾਂ ਅਰਦਾਸਾਂ/ ਬੇਨਤੀਆਂ ਕਰਨ ਦੇ ਬਾਵਜੂਦ ਬਹੁ-ਗਿਣਤੀ ਦੁਖੀ ਹੈ। ਕਿਸੇ ਆਪਣੇ ਨੂੰ ਦੁਖੀ ਦੇਖ ਕੇ ਹਰ ਕੋਈ ਤੜਫ਼ਦਾ ਹੈ। ਉਸਦੀ ਮਦਦ ਕਰਦਾ ਹੈ। ਉਹ ਉਸਨੂੰ ਕਹਿਣ ਦਾ ਮੌਕਾ ਵੀ ਨਹੀਂ ਦਿੰਦਾ। ਪ੍ਰੰਤੂ ਜੇਕਰ ਇਹ ਜਠੇਰੇ, ਡੇਰੇਦਾਰ, ਧਰਮ ਗੁਰੂ, ਪੁਜਾਰੀ ਸਾਨੂੰ ਆਪਣਾ ਸਮਝਦੇ ਹਨ, ਸਾਡੇ ਆਪਣੇ ਹਨ। ਇਹਨਾਂ ਕੋਲ ਕੋਈ ਅਲੌਕਿਕ, ਗੈਬੀ, ਕਰਾਮਾਤੀ ਸ਼ਕਤੀਆਂ ਹਨ ਤਾਂ ਫਿਰ ਇਹ ਸਾਡੀ ਮਦਦ ਆਪਣੇ ਆਪ ਕਿਉਂ ਨਹੀਂ ਕਰਦੇ? ਕਿਉਂ ਇਹ ਸਾਨੂੰ ਮੱਥਾ ਰਗੜਨ, ਲੇਲੜੀਆਂ ਕੱਢਣ ਲਈ ਮਜ਼ਬੂਰ ਕਰਦੇ ਰਹਿੰਦੇ ਹਨ। ਜਦੋਂ ਕਿ ਬਹੁਤਿਆਂ ਦੇ ਪੱਲੇ

(ਬਾਕੀ ਅਗਲੇ ਸਫੇ 'ਤੇ)

## 2 ਫਰਵਰੀ ਲਈ ਵਿਸ਼ਵ ਜਲਗਾਹ ਦਿਵਸ ਸਬੰਧੀ ਵਿਸ਼ੇਸ਼

# ਜਲਗਾਹਾਂ ਨੂੰ ਪ੍ਰਦੂਸ਼ਣ ਅਤੇ ਸਬੰਧਿਤ ਅਧਿਕਾਰੀਆਂ ਦੀ ਅਣਗਹਿਲੀ ਕਾਰਨ ਖਤਰਾ ਪੈਦਾ ਹੋ ਰਿਹਾ ਹੈ



ਕੁਲਦੀਪ ਚੰਦ
91-9417563054

ਜਲਗਾਹਾਂ ਜਮੀਨ ਅਤੇ ਜਲ-ਪ੍ਰਣਾਲੀਆਂ ਵਿਚਕਾਰ ਉਸ ਜਗ੍ਹਾ ਨੂੰ ਕਿਹਾ ਜਾਂਦਾ ਹੈ ਜਿੱਥੇ ਪਾਣੀ ਦਾ ਪੱਧਰ ਧਰਤੀ ਦੀ ਸਤ੍ਹਾ ਦੇ ਨੇੜ੍ਹੇ ਹੁੰਦਾ ਹੈ ਜਾਂ ਪਾਣੀ ਘੱਟ ਡੂੰਘਾ ਹੁੰਦਾ ਹੈ। ਧਰਤੀ ਤੇ ਲੱਗਭੱਗ 6 ਫਿਸਦੀ ਹਿੱਸਾ ਜਲਗਾਹਾਂ ਅਧੀਨ ਹੈ। ਸਾਲ 1997 ਤੋਂ ਲੈਕੇ ਹਰ ਸਾਲ 2 ਫਰਵਰੀ ਨੂੰ ਵਿਸ਼ਵ ਜਲਗਾਹ ਦਿਵਸ ਮਨਾਇਆ ਜਾਂਦਾ ਹੈ। ਇਸ ਸਬੰਧੀ ਹੋਣ ਵਾਲੇ ਪ੍ਰੋਗਰਾਮਾਂ ਵਿੱਚ ਜਲਗਾਹਾਂ ਦੀ ਮਹੱਤਤਾ ਅਤੇ ਜਲਗਾਹਾਂ ਲਈ ਬਣੇ ਖਤਰਿਆਂ ਅਤੇ ਇਨ੍ਹਾਂ ਨੂੰ ਬਚਾਉਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ। ਜੇਕਰ ਇਸ ਦਿਨ ਦਾ ਪਿਛੋਕੜ੍ਹ ਵੇਖੀਏ ਤਾਂ ਦਰਿਆਵਾਂ, ਝੀਲਾਂ, ਟੋਭਿਆਂ ਖਰਾਬ ਹੋ ਰਹੀ ਹਾਲਤ ਨੂੰ ਵੇਖਦੇ ਹੋਏ ਸਾਲ 1971 ਵਿੱਚ 2 ਫਰਵਰੀ ਨੂੰ ਇਰਾਨ ਦੇ ਰਾਮਸਰ ਵਿੱਚ ਅੰਤਰ-ਰਾਸਟਰੀ ਜਲਗਾਹ ਕਨਵੈਨਸਨ ਨੂੰ ਅਪਣਾਇਆ ਗਿਆ ਸੀ। ਭਾਰਤ ਸਮੇਤ 157 ਦੇਸ਼ ਇਸਦੇ ਮੈਂਬਰ ਹਨ। ਅੰਤਰਰਾਸ਼ਟਰੀ ਮਹੱਤਤਾ ਵਾਲੀਆਂ 1708 ਜਲਗਾਹਾਂ ਰਾਮਸਰ ਸੂਚੀ ਵਿੱਚ ਸ਼ਾਮਿਲ ਹਨ। ਸਾਲ 2023 ਲਈ ਵਿਸ਼ਵ ਜਲਗਾਹ ਦਿਵਸ ਦਾ ਮੁੱਖ ਥੀਮ ''ਇਹ ਜਲਗਾਹਾਂ ਦੀ ਮੁੜ ਬਹਾਲੀ ਦਾ ਸਮਾਂ ਹੈ'' ਜੋ ਕਿ ਜਲਗਾਹਾਂ ਦੀ ਬਹਾਲੀ ਨੂੰ ਤਰਜੀਹ ਦੇਣ ਦੀ ਤੁਰੰਤ ਲੋੜ ਨੂੰ ਉਜਾਗਰ ਕਰਦਾ ਹੈ। ਜਲਗਾਹ, ਜੰਗਲ ਅਤੇ ਸਮੁੰਦਰ ਧਰਤੀ ਦੀ ਜਲਵਾਯੂ ਦੇ 3 ਮਹੱਤਵਪੂਰਨ ਸੋਮੇ ਹਨ। ਜਲਗਾਹਾਂ ਦੁਆਰਾ ਜਲ ਜੀਵਾਂ ਲਈ ਨਿਵੇਕਲਾ ਸਹਿਜਵਾਸ, ਭੂਮੀ ਹੇਠਲੇ ਜਲ-ਭੰਡਾਰ ਦੀ ਮਾਤਰਾ ਅਤੇ ਵੰਨਗੀ, ਹੋਰਨਾਂ ਕੁਦਰਤੀ ਜੀਵਾਂ ਲਈ ਟਿਕਾਣਾ, ਪ੍ਰਵਾਸੀ ਪੰਛੀਆਂ ਦੀ ਰਿਹਾਇਸ਼ਗਾਹ ਅਤੇ ਹੜ੍ਹਾਂ ਨੂੰ ਰੋਕਣ ਵਿੱਚ ਮਹੱਤਵਪੂਰਨ ਰੋਲ ਅਦਾ ਕੀਤਾ ਜਾਂਦਾ ਹੈ। ਜਲਗਾਹਾਂ ਜਿਵੇਂ ਕਿ ਨਾਮ ਤੋਂ ਪਤਾ ਲੱਗਦਾ ਹੈ ਇਹਨਾਂ ਖੇਤਰਾਂ ਵਿੱਚ ਮੌਸਮੀ ਜਾਂ ਲਗਾਤਾਰ ਵਰਖਾ ਹੁੰਦੀ ਹੈ। ਜ਼ਮੀਨੀ ਪਾਣੀ ਲਗਭਗ ਸਾਰਾ ਸਾਲ ਜ਼ਮੀਨੀ ਪੱਧਰ ਤੇ ਰਹਿੰਦਾ ਹੈ ਇਸ ਲਈ ਇਨ੍ਹਾਂ ਖੇਤਰਾਂ ਵਿੱਚ ਜਲ-ਪੌਦਿਆਂ ਦਾ ਬਹੁਤ ਵਾਧਾ ਹੁੰਦਾ ਹੈ। ਪੌਦਿਆਂ ਅਤੇ ਜਾਨਵਰਾਂ ਦੀ ਇੱਕ ਅਮੀਰ ਸ਼੍ਰੇਣੀ ਵਾਲੇ ਜਲਗਾਹਾਂ ਵਿੱਚ ਜੈਵਿਕ ਵਿਭਿੰਨਤਾ ਬਾਕੀ ਸਾਰੇ ਵਾਤਾਵਰਣ ਪ੍ਰਣਾਲੀਆਂ ਨਾਲੋਂ ਵੱਧ ਹੈ ਅਤੇ ਇਹ ਵਿਸ਼ੇਸ਼ਤਾ ਉਹਨਾਂ ਨੂੰ ਅਨਮੋਲ ਬਣਾਉਂਦੀ ਹੈ। ਜਲ ਸ਼ੁੱਧੀਕਰਨ, ਜ਼ਮੀਨੀ ਪਾਣੀ ਰੀਚਾਰਜ, ਤੂਫਾਨ ਸੁਰੱਖਿਆ, ਹੜ੍ਹ ਨਿਯੰਤਰਣ ਆਦਿ ਈਕੋ ਸਿਸਟਮ ਸੇਵਾਵਾਂ ਵਿੱਚ ਮਹੱਤਵਪੂਰਨ ਹਨ। ਹੁਣ ਇਹ ਸਾਬਤ ਹੋ ਗਿਆ ਹੈ ਕਿ ਜਲਵਾਯੂ ਪਰਿਵਰਤਨ ਨੂੰ ਘੱਟ ਕਰਨ ਅਤੇ ਵਾਤਾਵਰਣ ਨੂੰ ਠੀਕ ਰੱਖਣ ਵਿੱਚ ਜਲਗਾਹਾਂ ਦੀ ਭੂਮਿਕਾ ਮਹੱਤਵਪੂਰਨ ਹੈ। ਹੈਰਾਨੀ ਦੀ ਗੱਲ ਨਹੀਂ ਹੈ ਕਿ ਰਾਮਸਰ ਸੂਚੀ ਵਿੱਚ ਦਾਖਲੇ ਲਈ ਸਭ ਤੋਂ ਪਹਿਲਾਂ ਮਾਪਦੰਡ ਵਿੱਚ ਪ੍ਰਤੀਨਿਧ, ਦੁਰਲੱਭ ਜਾਂ ਵਿਲੱਖਣ ਕਿਸਮਾਂ ਦੀਆਂ ਜਲਗਾਹਾਂ ਸ਼ਾਮਲ ਹਨ ਅਤੇ ਜੈਵਿਕ ਵਿਭਿੰਨਤਾ ਦੀ ਸੰਭਾਲ ਲਈ ਅੰਤਰਰਾਸ਼ਟਰੀ ਮਹੱਤਤਾ ਵਾਲੇ ਅੱਠ ਮਾਪਦੰਡ ਸੂਚੀ ਸਥਾਨਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਮਾਪਦੰਡ ਟਿਕਾਊ ਜੈਵ ਵਿਭਿੰਨਤਾ ਬੰਦੋਬਸਤ ਦੀ ਮਹੱਤਤਾ ਤੇ ਜ਼ੋਰ ਦਿੰਦੇ ਹਨ। ਇਹਨਾਂ ਮਾਪਦੰਡਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਅਤੇ ਉਹਨਾਂ ਦੇ ਵਾਤਾਵਰਣਿਕ ਚਰਿੱਤਰ ਨੂੰ ਬਣਾਈ ਰੱਖਣ ਦੀ ਜ਼ਿੰਮੇਵਾਰੀ ਦੀ ਵੀ ਲੋੜ ਹੈ। ਰਾਮਸਰ ਸੂਚੀ ਵਿੱਚ ਪੰਜ ਸਾਈਟਾਂ ਹਨ। ਭਾਰਤ ਦਾ ਹੈਦਰਪੁਰ ਜਲਗਾਹ ਇਸ ਸੂਚੀ ਵਿੱਚ ਸ਼ਾਮਲ ਹੋਣ ਵਾਲਾ ਹੁਣ ਤੱਕ ਦਾ ਆਖਰੀ ਅਤੇ 47ਵਾਂ ਜਲਗਾਹ ਹੈ। ਹਸਤੀਨਾਪੁਰ ਵਾਈਲਡਲਾਈਫ ਸੈਂਕਚੂਰੀ ਦੀਆਂ ਸੀਮਾਵਾਂ ਤੇ ਸਥਿਤ ਇਹ ਵਿਭਿੰਨ ਨਿਵਾਸ ਸਥਾਨ ਹਜ਼ਾਰਾਂ ਪੰਛੀਆਂ ਅਤੇ ਪਾਣੀ ਦੇ ਪੰਛੀਆਂ, ਰੀਂਗਣ ਵਾਲੇ ਜਾਨਵਰਾਂ ਅਤੇ ਮੱਛੀਆਂ ਦਾ ਟਿਕਾਣਾ ਹੈ। ਇਨ੍ਹਾਂ ਵਿੱਚੋਂ ਕੁੱਝ ਖ਼ਤਰੇ ਵਿੱਚ ਪੈ ਰਹੀਆਂ ਪ੍ਰਜਾਤੀਆਂ ਦੀ ਸੂਚੀ ਵਿੱਚ ਹਨ। ਕੁਝ ਹੋਰ ਝੀਲਾਂ ਵਾਂਗ ਇਹ ਵੀ ਸਰਦੀਆਂ ਦੇ ਪਰਵਾਸੀ ਪੰਛੀਆਂ ਲਈ ਇੱਕ ਪਸੰਦੀਦਾ ਟਿਕਾਣਾ ਹੈ। ਭਾਰਤ ਵਿੱਚ ਜਲਗਾਹਾਂ ਲੱਗਭੱਗ 4053537 ਹੈਕਟੇਅਰ ਰਕਬੇ ਵਿੱਚ ਫੈਲੀਆਂ ਹੋਈਆਂ ਹਨ ਅਤੇ ਪੰਜਾਬ ਵਿੱਚ ਜਲਗਾਹਾਂ ਦੇ ਹਿੱਸੇ ਕੇਵਲ ਲੱਗਭੱਗ 22976 ਹੈਕਟੇਅਰ ਖੇਤਰਫਲ ਆਉਂਦਾ ਹੈ। ਭਾਰਤ ਵਿੱਚ ਲਗਭਗ 46 ਜਲਗਾਹਾਂ ਹਨ। ਸਭ ਤੋਂ ਵੱਡੀ ਪੱਛਮੀ ਬੰਗਾਲ ਦੀ ਸੁੰਦਰਬਨ ਜਲਗਾਹਾਂ ਹੈ ਜੋ ਕਿ 4230 ਵਰਗ ਕਿਲੋਮੀਟਰ ਹੈ। ਹਾਲ ਹੀ ਵਿੱਚ 1971 ਦੇ ਜਲਗਾਹਾਂ ਸਬੰਧੀ ਰਾਮਸਰ ਕਨਵੈਨਸ਼ਨ ਦੇ ਤਹਿਤ ਚਾਰ ਜਲਗਾਹਾਂ ਨੂੰ ਮਾਨਤਾ ਦਿੱਤੀ ਗਈ ਹੈ ਜਿਨ੍ਹਾਂ ਵਿੱਚ ਗੁਜਰਾਤ ਤੋਂ ਠੋਲ, ਵਧਵਾਨਾ ਅਤੇ ਹਰਿਆਣਾ ਦੇ ਸੁਲਤਾਨਪੁਰ ਅਤੇ ਭਿੰਡਵਾ ਸਨ। ਪੰਜਾਬ ਵਿੱਚ ਕੁੱਲ 21 ਜਲਗਾਹਾਂ ਹਨ ਜਿਨ੍ਹਾਂ ਵਿੱਚੋਂ 12 ਕੁਦਰਤੀ ਜਲਗਾਹਾਂ ਹਨ ਅਤੇ 9 ਬਣਾਈਆਂ ਗਈਆਂ ਹਨ। ਹਰੀਕੇ ਜਲਗਾਹ ਪੰਜਾਬ ਦੇ ਤਰਨਤਾਰਨ ਅਤੇ ਫਿਰੋਜ਼ਪੁਰ ਜ਼ਿਲੇ ਵਿਚਕਾਰ ਸਥਿਤ ਹੈ ਅਤੇ ਉੱਤਰੀ ਭਾਰਤ ਦਾ ਸਭ ਤੋਂ ਵੱਡਾ ਜਲਗਾਹ ਹੈ। ਪੰਜਾਬ ਵਿੱਚ 03 ਜਲਗਾਹਾਂ ਇਸ ਹੱਦ ਤੱਕ ਮਹੱਤਵਪੂਰਨ ਹਨ ਕਿ ਇਹ ਰਾਮਸਰ ਸੂਚੀ ਵਿੱਚ ਸ਼ਾਮਲ ਕਰ ਲਈਆਂ ਗਈਆਂ ਹਨ। ਪੰਜਾਬ ਦੇ 01 ਫੀਸਦੀ ਰਕਬੇ ਵਿੱਚ ਜਲਗਾਹਾਂ ਹਨ। ਪੰਜਾਬ ਵਿੱਚ ਅੰਤਰਰਾਸ਼ਟਰੀ ਮਹੱਤਵ ਦੀਆਂ ਹਰੀਕੇ, ਕਾਂਜਲੀ ਅਤੇ ਰੋਪੜ ਜਲਗਾਹਾਂ ਹਨ। 02 ਜਲਗਾਹਾਂ ਰਣਜੀਤ ਸਾਗਰ ਅਤੇ ਨੰਗਲ ਨੂੰ ਰਾਸ਼ਟਰੀ ਜਲਗਾਹਾਂ ਘੋਸ਼ਿਤ ਕੀਤਾ ਗਿਆ ਹੈ। ਰਣਜੀਤ ਸਾਗਰ ਜਲਗਾਹ ਅੰਤਰਰਾਜੀ ਜਲਗਾਹ ਹੈ ਕਿਉਂਕਿ ਇਹ ਤਿੰਨ ਰਾਜਾਂ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਵਿੱਚ ਪੈਂਦੀ ਹੈ। ਇਸਤੋਂ ਇਲਾਵਾ ਪੰਜ ਛੋਟੀਆਂ ਜਲਗਾਹਾਂ ਕੇਸ਼ੋਪੁਰ-ਮਿਆਨੀ ਝੀਲ, ਕਾਹਨੂਵਾਨ ਛੰਬ, ਜਸਤਰਵਾਲ ਝੀਲ, ਮੰਡ ਬਰਥਲਾ ਅਤੇ ਢੋਲਬਾਹਾ ਰਿਜ਼ਰਵੀਅਰ ਹਨ ਜੋ ਕਿ ਸਥਾਨਕ ਪੱਧਰ ਦੀਆਂ ਜਲਗਾਹਾਂ ਹਨ ਜੋ ਕਿ ਜੈਵ ਵਿਭਿੰਨਤਾ ਦਾ ਭੰਡਾਰ ਹਨ ਅਤੇ ਇਨ੍ਹਾਂ ਥਾਵਾਂ ਤੇ ਬਣੀਆਂ ਕੁਦਰਤੀ ਜਲਗਾਹਾਂ ਕਾਰਨ ਹੈਡਡਿਗਿਜ਼, ਰੈਡ ਕ੍ਰੈਸਟਿਡ ਪੋਚਹਰਡ, ਕੂਟਸ, ਗੇਡਵਾਲ, ਕਾਮਨ ਪੋਚਹਾਰਡ, ਨਾਰਦਰਨ ਸਿਵਲੇਰ, ਵੀਜਨ, ਮੈਲਾਰਡ, ਰੂੜੀ ਸ਼ੈਲਡਕ, ਅਨਾਸ ਸੇਰਕਾ, ਕਾਮਨ ਟੀਲ ਟਿਲ, ਅਨਾਸ ਫੇਰੂਜੀਨੀਆ, ਰੁਡੀ ਸ਼ੈਲਡਕ, ਅਨਾਸ ਕੁਐਰਕੁਏਡੁਲਾ, ਬਲੂ ਵਿੰਗਡ ਟੀਲ ਨੀਲੀ ਟਿਲ, ਅਨਾਸ ਅਕੂਟਾ, ਪਿੰਨਟੇਲ ਸਿੱਕਹਪਾਰ, ਅਨਾਸ ਪੋਸੀਲੋਰੀਆਚਾ, ਸਪੋਟਬਿਲ ਡੱਕ, ਅਨਾਸ ਸਟਰੀਪੇਰਾ, ਗਾਡਵਾਲ ਗੇਡਵਾਲ, ਅਨਾਸ ਸਲਾਈਪੀਟਾ ਸੋਵੇਲਰ ਬਾਲਚੀ ਨਾਰਦਰਨ ਸੋਵੇਲਰ, ਅਨਾਸ ਪਲੈਟੀਰਾਈਨਕੋਸ, ਮਾਲਾਰਡ ਨਿਲਸਿਰ, ਵਾਇਲਡ ਡੱਕ, ਅਨਾਸ ਪੈਨੇਲੋਪ, ਵਿੰਨਗਿਓਨਵਿਜਾਨ ਯੂਰੇਸ਼ੀਨ ਵਾਈਗੋਨ, ਅਨਸਾਰ ਇੰਡੀਕੁਸ, ਬਾਰਹੈਡਡ ਗੁਸ ਸਾਵਾ ਮਗ, ਅਨਸਾਰ ਅਨਸੇਰ, ਇਸਟਰਨ ਗੈਰੀਲੈਗ ਗੁਸ ਭੂਰਾ ਮਗ, ਆਇਥਾ ਫੇਰੀਨਾ, ਕਾਮਨ ਪੋਚਾਰਡ, ਆਇਥਾ ਫੁਲੀਗੁਲਾ, ਟਫਟੇਟਿਡ ਡਕ ਬੋਦਲ ਮੁਰਗਾਬੀ, ਆਈਥਾ ਨਾਈਰੋਰਾ, ਫੇਰੁਗੀਨੋਸ ਪੋਚਾਰਡ, ਸਰਕਸ ਏਰੂਗੀਨੋਸੁਸ ਮਾਰਸ਼ ਹੈਰੀਅਰ ਚਾਨਬੀ ਕਿਰਲਾ ਮਾਰ, ਡੈਨਡਰੋਸਾਈਗਨਾ ਜਾਵਾਨਿਕਾ, ਟ੍ਰੀ ਡੱਕ ਬਿਰਚੀ ਟਿਲ, ਫੁਲਿਕਾ ਅਤਰਾ ਕੂਟ ਬਲੈਕ ਕੂਟ, ਹਿਮਾਨਟੋਪਸ ਹਿਮਾਨਟੋਪਸ, ਇੰਡੀਅਨ ਬਲੈਕ ਵਿੰਨਗਡ ਸਟਿਲਟ ਲਮਲਾਟਾ, ਲਾਰਸ ਆਰਮੀਨੀਸੁਸ, ਅਰਮੀਨੀਅਨ ਗੁਲ ਹੀਰਿੰਗ ਗੁਲ ਆਦਿ ਪ੍ਰਵਾਸੀ ਪੰਛੀਆਂ ਦੀ ਆਮਦ ਰਹਿੰਦੀ ਹੈ। ਕੁਦਰਤ ਅੰ-ਦਰਲੇ ਸੰਤੁਲਨ ਨੂੰ ਬਣਾਈ ਰੱਖਣ ਵਿੱਚ ਜਲਗਾਹਾਂ ਦੀ ਭੂਮਿਕਾ ਬਾਰੇ ਆਮ ਵਿਅਕਤੀ ਨੂੰ ਜਾਣਕਾਰੀ ਨਹੀਂ ਹੈ। ਇਸ ਲਈ ਇਨ੍ਹਾਂ ਦਾ ਬਹੁਤ ਸ਼ੋਸ਼ਣ ਹੋ ਰਿਹਾ ਹੈ ਅਤੇ ਇੱਕ ਤਿਹਾਈ ਜਲਗਾਹਾਂ ਤਾਂ ਅਲੋਪ ਵੀ ਹੋ ਗਈਆਂ ਹਨ ਅਤੇ ਜਿਹੜੀਆਂ ਬਚੀਆਂ ਹਨ ਉਨ੍ਹਾਂ ਅੰਦਰ ਵੀ ਗਾਦ ਸਿਮਟੀ ਹੋਈ ਹੈ ਅਤੇ ਇਨ੍ਹਾਂ ਦੀ ਡੂੰਘਾਣ ਨੂੰ ਘਟਾਈ ਜਾਂਦੀ ਹੈ। ਬਹੁਤੀਆਂ ਥਾਵਾਂ ਤੇ ਹਰ ਪ੍ਰਕਾਰ ਦੇ ਨਿਕਾਸ ਲਈ ਇਨ੍ਹਾਂ ਜਲਗਾਹਾਂ ਨੂੰ ਕੂੜੇਦਾਨ ਵਜੋਂ ਵਰਤਿਆਂ ਜਾ ਰਿਹਾ ਹੈ। 1700 ਦੇ ਦਹਾਕੇ ਤੋਂ ਦੁਨੀਆ ਵਿੱਚ ਲੱਗਭਗ 90ਗ਼ ਜਲਗਾਹਾਂ ਖਤਮ ਹੋ ਗਈਆਂ ਹਨ ਅਤੇ ਅਸੀਂ ਜੰਗਲਾਂ ਨਾਲੋਂ ਤਿੰਨ ਗੁਣਾ ਤੇਜ਼ੀ ਨਾਲ ਜਲਗਾਹਾਂ ਨੂੰ ਗੁਆ ਰਹੇ ਹਾਂ। ਲੱਗਭੱਗ 50362 ਵਰਗ ਕਿਲੋਮੀਟਰ ਵਿੱਚ ਫੈਲੇ ਹੋਏ ਪੰਜਾਬ ਦਾ ਹੁਣ ਕੇਵਲ ਇੱਕ ਤੋਂ ਡੇਢ ਪ੍ਰਤੀਸ਼ਤ ਖੇਤਰ ਹੀ ਜਲ ਅਧੀਨ ਬਚਿਆ ਰਹਿ ਗਿਆ ਹੈ। ਪੰਜਾਬ ਵਿੱਚ ਗਰਮੀ ਰੁੱਤ ਦੌਰਾਨ ਤਾਪਮਾਨ 40 ਡਿਗਰੀ ਸੈਂਟੀਗਰੇਡ ਤੱਕ ਵੱਧ ਜਾਂਦਾ ਹੈ ਅਤੇ ਸਰਦੀਆਂ ਵਿੱਚ ਇਹ 0 ਡਿਗਰੀ ਸੈਂਟੀਗਰੇਡ ਤੱਕ ਰਹਿ ਜਾਂਦਾ ਹੈ। ਵਿਗੜਦੇ ਵਾਤਾਵਰਣ ਅਤੇ ਤਾਪਮਾਨ ਦੀ ਸਥਿਤੀ ਕਾਰਨ ਜਲਗਾਹਾਂ ਅਧੀਨ ਖੇਤਰ ਸੁੰਗੜਦਾ ਜਾ ਰਿਹਾ ਹੈ। ਇਹ ਸਥਿਤੀ ਮਨੁੱਖ ਦੀ ਵਧਦੀ ਵਸੋਂ ਦੀਆਂ ਲੋੜਾਂ ਪੂਰੀਆਂ ਕਰਨ ਕਾਰਨ ਹੋਰ ਵੀ ਵਿਗੜਦੀ ਜਾ ਰਹੀ ਹੈ। ਭੂਮੀ ਨੂੰ ਕਾਸ਼ਤ ਲਈ ਵਰਤਿਆ ਜਾ ਰਿਹਾ ਹੈ ਅਤੇ ਕਈ ਥਾਈਂ ਤਾਂ ਜਲਗਾਹਾਂ ਭਰ ਕੇ ਵੀ ਕਾਸ਼ਤ ਲਈ ਭੂਮੀ ਨੂੰ ਉਪਲੱਬਧ ਕਰਵਾਇਆ ਜਾ ਰਿਹਾ ਹੈ। 1940 ਵਿੱਚ ਪੰਜਾਬ ਨੂੰ 32 ਕੁਦਰਤੀ ਜਲਗਾਹਾਂ ਦਾ ਮਾਣ ਪ੍ਰਾਪਤ ਸੀ ਪਰ ਹੁਣ ਕਈ ਖਤਮ ਹੀ ਹੋ ਗਈਆਂ ਹਨ। ਵਧਦੇ ਸ਼ਹਿਰੀਕਰਣ, ਉਦਯੋਗੀਕਰਣ, ਹਰੀ ਕ੍ਰਾਂਤੀ ਕਾਰਨ ਇਨ੍ਹਾਂ ਵਿੱਚੋਂ ਬਹੁਤੀਆਂ ਤਾਂ ਸਿਰਿਓਂ ਅਲੋਪ ਹੀ ਹੋ ਗਈਆਂ ਅਤੇ ਬਾਕੀ ਦੀਆਂ ਸੁੰਗੜ ਕੇ ਟੋਭੇ-ਛੱਪੜ ਬਣ ਕੇ ਰਹਿ ਗਈਆਂ ਹਨ। ਇਨ੍ਹਾਂ ਵਿੱਚੋਂ ਕੁਝ ਮਹੱਤਵਪੂਰਨ ਨਾਮ ਹਨ ਭੁਪਿੰਦਰ ਸਾਗਰ, ਗਾਉਂਸਪੁਰ ਛੰਬ ਅਤੇ ਰਾਹੋਂ ਦੇ ਛੰਬ, ਜਿਨ੍ਹਾਂ ਦਾ ਪਾਣੀ ਕੱਢ ਕੇ ਤੇ ਜਿਨ੍ਹਾਂ ਨੂੰ ਪੱਧਰਾਂ ਕਰਕੇ ਕਾਸ਼ਤ ਲਈ ਵਰਤਿਆ ਜਾ ਰਿਹਾ ਹੈ। ਹਰੀਕੇ ਜਲਗਾਹ ਜਦੋਂ 1952 ਵਿੱਚ ਹੋਂਦ ਵਿੱਚ ਆਈ ਸੀ ਤਾਂ ਇਸ ਦਾ 41 ਵਰਗ ਕਿਲੋਮੀਟਰ ਦਾ ਖੇਤਰਫਲ ਸੀ ਅਤੇ ਜਿਹੜਾ ਸੁੰਗੜ ਕੇ 28 ਕਿਲੋਮੀਟਰ ਰਹਿ ਗਿਆ ਹੈ ਅਤੇ ਇਸਦੇ ਹੋਰ ਸੁੰਗੜ ਜਾਣ ਦੀ ਵੀ ਪ੍ਰਤੱਖ ਸੰਭਾਵਨਾ ਹੈ। ਇਸ ਵਿੱਚ 2010 ਵਿੱਚ ਲੱਗਭੱਗ 79500 ਪ੍ਰਵਾਸੀ ਪੰਛੀਆਂ ਦੀ ਆਮਦ ਹੋਈ ਸੀ ਜੋਕਿ 2011 ਵਿੱਚ ਵੱਧਕੇ ਲੱਗਭੱਗ 100124 ਤੱਕ ਪਹੁੰਚ ਗਈ। ਇੱਥੇ ਦੁਰਲੱਭ ਚਿੜ੍ਹੀ ਜੋਰਤਨ ਬੈਬਲਰ ਦੇਖੀ ਗਈ ਹੈ ਅਤੇ ਡੌਲਫਨ ਮੱ-ਛੀਆਂ ਅਤੇ ਦੁਰਲੱਭ ਜਾਤੀ ਦਾ ਕੱਛੂਕੁੰਮਾ ਵੀ ਵੇਖਿਆ ਗਿਆ ਹੈ। ਕਾਂਜਲੀ ਜਲਗਾਹ ਕਪੂਰਥਲਾ ਤੋਂ 4 ਕਿਲੋਮੀਟਰ ਦੂਰੀ ਤੇ ਕਾਲੀ ਵੇਂਈ ਨਦੀ ਤੇ ਬਣਾਏ ਗਏ ਬੰਨ ਕਾਰਨ ਹੋਂਦ ਵਿੱਚ ਆਈ ਸੀ। ਰੋਪੜ੍ਹ ਜਲਗਾਹ ਸੱਤਲੁਜ ਦਰਿਆ ਤੇ ਬਣੀ ਹੋਈ ਹੈ। ਜਲਗਾਹਾਂ ਦੀ ਭੈੜੀ ਦਸ਼ਾ ਦੇ ਕਈ ਕਾਰਨ ਹਨ। ਜਲਗਾਹਾਂ ਦੇ ਚੁਫੇਰੇ ਅੱਜ ਬਹੁਤ ਭੈੜੀ ਦਸ਼ਾ ਵਿੱਚ ਹਨ। ਇਸ ਖੇਤਰ ਅੰਦਰ ਨਾ ਵਣ ਰਹੇ ਹਨ ਤੇ ਨਾ ਹੀ ਝਾੜੀਆਂ ਜਾਂ ਘਾਹ-ਬੂਟੀਆਂ ਅਤੇ ਜਿਸ ਦੇ ਫਲਸਰੂਪ ਵਰਖਾ ਦੇ ਪਾਣੀ ਨਾਲ ਮਿੱਟੀ ਖੁਰ-ਖੁਰ ਜਲਗਾਹਾਂ ਨੂੰ ਲਗਾਤਾਰ ਭਰਦੀ ਹੋਈ, ਇਨ੍ਹਾਂ ਦਾ ਖੇਤਰ ਘਟਾਉਂਦੀ ਹੈ। ਇਨ੍ਹਾਂ ਜਲਗਾਹਾਂ ਨੂੰ ਸਮੇਂ-ਸਮੇਂ ਤੇ ਪ੍ਰਦੂਸ਼ਣ ਕਾਰਨ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਹੋ ਰਹੀ ਜੰਗਲਾਂ ਦੀ ਕਟਾਈ ਕਾਰਨ ਖਤਰਾ ਪੈਦਾ ਹੋ ਗਿਆ ਹੈ। ਅਜੇ ਤੱਕ ਇਸ ਗੱਲ ਵੱਲ ਆਮ ਲੋਕਾਂ ਦਾ ਧਿਆਨ ਨਹੀਂ ਗਿਆ ਕਿ ਅਸੀਂ ਜੰਗਲਾਂ ਨਾਲੋਂ ਤਿੰਨ ਗੁਣਾ ਦਰ ਤੇ ਜਲਗਾਹਾਂ ਨੂੰ ਗੁਆ ਰਹੇ ਹਾਂ। ਜਲਗਾਹਾਂ ਨਿਸ਼ਚਿਤ ਤੌਰ ਤੇ ਮਹੱਤਵਪੂਰਨ ਵਾਤਾਵਰਣ ਪ੍ਰਣਾਲੀਆਂ ਹਨ ਅਤੇ ਸਾਡੇ ਜੀਵਨ ਨੂੰ ਵੱਖ-ਵੱਖ ਤਰੀਕਿਆਂ ਨਾਲ ਪ੍ਰਭਾਵਿਤ ਕਰਦੀਆਂ ਹਨ।

ਇਨ੍ਹਾਂ ਇਲਾਕਿਆਂ ਵਿੱਚ ਵੱਧਦੇ ਉਦਯੋਗੀਕਰਣ ਅਤੇ ਸ਼ਹਿਰੀਕਰਣ ਨੇ ਵੀ ਜਲਗਾਹਾਂ ਨੂੰ ਤਬਾਹ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ ਹੈ। ਇਨ੍ਹਾਂ ਜਲਗਾਹਾਂ ਨੂੰ ਸੰਭਾਲਣ ਅਤੇ ਖਤਰਿਆਂ ਤੋਂ ਬਚਾਉਣ ਲਈ ਸਮੇਂ-ਸਮੇਂ ਤੇ ਮਾਣਯੋਗ ਅਦਾਲਤਾਂ ਅਤੇ ਸਰਕਾਰ ਵਲੋਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ ਪਰ ਇਨ੍ਹਾਂ ਹਦਾਇਤਾਂ ਦਾ ਅਸਰ ਘੱਟ ਹੀ ਵੇਖਣ ਨੂੰ ਮਿਲਦਾ ਹੈ ਅਤੇ ਸਰਕਾਰਾਂ ਦੀ ਮਿਲੀਭੁੱਗਤ ਅਤੇ ਲਾਪਰਵਾਹੀ ਕਾਰਨ ਜਲਗਾਹਾਂ ਬਰਬਾਦ ਹੋ ਰਹੀਆਂ ਹਨ। ਬਹੁਤੀਆਂ ਜਲਗਾਹਾਂ ਵਿੱਚ ਪ੍ਰਵਾਸੀ ਪੰਛੀਆਂ ਦੀ ਆਮਦ ਘੱਟਦੀ ਜਾ ਰਹੀ ਹੈ ਅਤੇ ਇਨ੍ਹਾਂ ਜਲਗਾਹਾਂ ਦੀ ਮਹੱਤਤਾ ਵੀ ਘੱਟਦੀ ਜਾ ਰਹੀ ਹੈ। ਇਹ ਜ਼ਰੂਰੀ ਹੈ ਕਿ ਅਸੀਂ ਜਲਗਾਹਾਂ ਬਾਰੇ ਰਾਸ਼ਟਰੀ ਅਤੇ ਵਿਸ਼ਵਵਿਆਪੀ ਜਾਗਰੂਕਤਾ ਪੈਦਾ ਕਰੀਏ ਤਾਂ ਜੋ ਤੇਜ਼ੀ ਨਾਲ ਹੋ ਰਹੇ ਨੁਕਸਾਨ ਨੂੰ ਦੂਰ ਕੀਤਾ ਜਾ ਸਕੇ ਅਤੇ ਉਹਨਾਂ ਨੂੰ ਸੰਭਾਲਣ ਅਤੇ ਬਹਾਲ ਕਰਨ ਲਈ ਯੋਗ ਕਾਰਵਾਈਆਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਇਨ੍ਹਾਂ ਜਲਗਾਹਾਂ ਨੂੰ ਬਚਾਉਣ ਲਈ ਸਰਕਾਰਾਂ ਨੂੰ ਸੱਖਤੀ ਕਰਨੀ ਪਵੇਗੀ ਅਤੇ ਵਾਤਾਵਰਣ ਨੂੰ ਬਚਾਉਣ ਲਈ ਕੰਮ ਕਰਨ ਵਾਲੇ ਸਮਾਜਿਕ ਸੰਗਠਨਾਂ ਅਤੇ ਆਮ ਲੋਕਾਂ ਨੂੰ ਅੱਗੇ ਵੱਧਕੇ ਕੰਮ ਕਰਨਾ ਪਵੇਗਾ ਨਹੀਂ ਤਾਂ ਆਣ ਵਾਲੇ ਸਮੇਂ ਵਿੱਚ ਬਾਕੀ ਬਚੀਆਂ ਇਨ੍ਹਾਂ ਜਲਗਾਹਾਂ ਦਾ ਨਾਮੋ ਨਿਸ਼ਾਨ ਵੀ ਮਿਟ ਜਾਵੇਗਾ ਅਤੇ ਇਸ ਸਬੰਧੀ ਹੋਣ ਵਾਲੇ ਸਮਾਗਮ ਸਿਰਫ ਇੱਕ ਖਾਨਾਪੂਰਤੀ ਬਣਕੇ ਹੀ ਰਹਿ ਜਾਣਗੇ।




# ਗੁਰੂ ਰਵਿਦਾਸ ਜੀ ਦੀ ਸੋਚ ਅਤੇ ਅਸੀਂ

(ਸਫਾ 19 ਦੀ ਬਾਕੀ)

ਫਿਰ ਵੀ ਕੁਝ ਨਹੀਂ ਪੈਂਦਾ। ਜਿਹਨਾਂ ਦੇ ਪੱਲੇ ਪੈਂਦਾ ਹੈ ਉਹ ਉਹਨਾਂ ਦੀ ਮਿਹਨਤ ਦਾ ਨਤੀਜਾ ਹੁੰਦਾ ਹੈ, ਜਾਂ ਹੋਰ ਕਾਰਨ ਇਹ ਅਖੌਤੀ ਕਰਾਮਾਤੀ ਸ਼ਕਤੀਆਂ ਵੀ ਚੁਣ-ਚੁਣ ਕੇ ਕੱਲੇ-ਕੱਲੇ ਉੱਤੇ ਵਰਤਣ ਦਾ ਢੌਂਗ ਕਰਦੇ ਹਨ। ਜਿਵੇਂ ਬੈਟਰੀ ਦੇ ਸੈਲ ਮੁੱਕਣ ਦਾ ਡਰ ਹੁੰਦਾ ਹੈ।

ਪ੍ਰੰਤੂ ਇਹ ਜਠੇਰੇ, ਡੇਰੇਦਾਰ, ਪੁਜਾਰੀ ਤਾਂ ਸਾਡੇ ਹੱਥਾਂ ਵੱਲ ਦੇਖਦੇ ਹਨ ਕਿ ਤੁਸੀਂ ਉਹਨਾਂ ਲਈ ਕੀ ਲੈ ਆਏ ਹੋ। ਜਿਹੜੇ ਤੁਹਾਡੇ ਦਿੱਤੇ ਟੁਕੜਿਆਂ 'ਤੇ ਪਲਦੇ ਹਨ। ਉਨ੍ਹਾਂ ਤੋਂ ਤੁਸੀਂ ਕੀ ਭਾਲਦੇ ਹਾਂ? ਜਿਨ੍ਹਾਂ ਵਾਸਤੇ ਖਾਣ-ਪੀਣ, ਪਹਿਨਣ, ਰਹਿਣ-ਸਹਿਣ ਦਾ ਸਾਰਾ ਪ੍ਰਬੰਧ ਅਸੀਂ ਕਰਕੇ ਦਿੰਦੇ ਹਾਂ? ਜੇਕਰ ਉਹ ਆਪਣਾ ਪ੍ਰਬੰਧ ਵੀ ਆਪ ਨਹੀਂ ਕਰ ਸਕਦੇ ਤਾਂ ਹੋਰ ਕਿਸੇ ਨੂੰ ਕਿੱਥੋਂ ਕੀ ਦੇ ਦੇਣਗੇ? ਅੰਨ੍ਹੀ ਸ਼ਰਧਾ ਦੀ ਹਨੇਰ ਕੋਠੜੀ ਤੋਂ ਬਾਹਰ ਦੇਖਣ ਦੀ ਕੋਸ਼ਿਸ਼ ਕਰੋ। ਆਜ਼ਾਦ ਹੋਣ ਲਈ ਸੋਚੋ, ਸਮਝੋ।

ਗੁਰੂ ਰਵਿਦਾਸ ਜੀ ਦੇ ਉਪਦੇਸ਼ ਅਤੇ ਉਦੇਸ਼ ਨੂੰ ਪੂਰਾ ਕਰਨ ਲਈ ਸਾਨੂੰ ਡੇਰਿਆਂ, ਜਠੇਰਿਆਂ ਅਤੇ ਧਰਮਾਂ ਦੀ ਦਲਦਲ ਵਿਚੋਂ ਚੇਤਨਾ ਦੇ ਰਸਤੇ ਬਾਹਰ ਆਉਣਾ ਹੀ ਪੈਣਾ ਹੈ। ਸਾਡੀ ਏਕਤਾ ਵਿਚ ਇਹ ਅੜਿੱਕੇ ਹਨ। ਭਾਵ ਤੁਹਾਡੀਆਂ ਬਰਕਤਾਂ ਦੇ ਰਾਹ ਦੇ ਰੋੜੇ ਹਨ। ਇਹਨਾਂ ਨੂੰ ਦੂਰ ਕਰਨ ਵਾਸਤੇ ਸਾਨੂੰ ਸਮਝ ਬਣਾਉਣੀ ਪੈਣੀ ਹੈ। ''ਐਸਾ ਚਾਹੂੰ ਰਾਜ ਮੈਂ ...'' ਦੇ ਸਾਂਝੇ ਉਦੇਸ਼ ਨੂੰ ਪ੍ਰਾਪਤ ਕਰਨ ਲਈ ਇਕੱਠੇ ਹੋ ਕੇ ਸੰਘਰਸ਼ ਸ਼ੁਰੂ ਕਰਨਾ ਪੈਣਾ ਹੈ। ਨਿੱਤ ਦਿਨ ਦੀਆਂ ਮੁਸ਼ਕਿਲਾਂ ਪ੍ਰਤੀ ਸਮਝ ਬਣਾ ਕੇ ਸਾਂਝੇ ਸੰਘਰਸ਼ ਉਲੀਕੇ ਜਾਣ। ਉਨ੍ਹਾਂ ਨੂੰ ਤਨ, ਮਨ, ਧਨ ਨਾਲ ਲੜਿਆ ਜਾਵੇ। ਗੁਰੂ ਜੀ ਦੇ ਉਦੇਸ਼ ਦੀ ਪ੍ਰਾਪਤੀ ਲਈ ਕਦਮ-ਕਦਮ ਅੱਗੇ ਵਧਿਆ ਜਾਵੇ। ਡੇਰਿਆਂ, ਜਠੇਰਿਆਂ ਅਤੇ ਧਰਮਾਂ ਦੇ ਨਾਮ ਤੇ ਕੀਤੇ ਜਾਂਦੇ ਚਮਕ-ਦਮਕ ਦੇ ਅਡੰਬਰ ਬੰਦ ਕੀਤੇ ਜਾਣ। ਇਨ੍ਹਾਂ ਤੇ ਪੈਸਾ, ਸਮਾਂ ਤੇ ਮਨੁੱਖੀ ਸ਼ਕਤੀ ਨੂੰ ਐਵੇਂ ਬਰਬਾਦ ਨਾ ਕੀਤਾ ਜਾਵੇ। ਬਹੁਜਨਾਂ ਦੇ ਵੱਡੇ ਉਦੇਸ਼ ''ਬੇਗਮਪੁਰਾ'' ਦੀ ਪ੍ਰਾਪਤੀ ਵਾਸਤੇ ਇਸ ਦੀ ਯੋਗ ਵਰਤੋਂ ਕੀਤੀ ਜਾਵੇ।

ਗੁਰੂ ਰਵਿਦਾਸ ਜੀ ਦੀ ਸੋਚ ਤੇ ਸਹੀ ਰੂਪ ਵਿਚ ਪਹਿਰਾ ਦਿੰਦੇ ਹੋਏ ਸਾਨੂੰ ਏਕਤਾ ਦੇ ਅਮਲ ਵੱਲ ਵਧਣਾ ਹੀ ਪੈਣਾ ਹੈ। ''ਐਸਾ ਚਾਹੂੰ ਰਾਜ ਮੈਂ ...'' ਗੁਰੂ ਜੀ ਵੱਲੋਂ ਐਲਾਨ ਕੀਤਾ ਗਿਆ ਉਦੇਸ਼, ਅਜੰਡਾ ਏਕਤਾ ਦਾ ਸੂਤਰਧਾਰ ਹੈ। ਏਕਤਾ ਅਤੇ ਸੰਘਰਸ਼ ਦਾ ਰਸਤਾ ਆਰਥਿਕ ਮੁਕਤੀ ਅਤੇ ਸਮਾਜਿਕ ਵਿਵਸਥਾ ਪਰਿਵਰਤਨ ਦੀ ਮੰਜ਼ਿਲ ਵੱਲ ਵਧੇਗਾ।

ਆਓ ਅੱਜ ਦੇ ਦਿਨ ਇਸ ਪੈੜ ਦੇ ਪੈਰ ਰੱਖ ਕੇ ਅੱਗੇ ਵਧਣ ਦਾ ਪ੍ਰਣ ਕਰੀਏ। ਗੁਰੂ ਜੀ ਦੇ ਉਪਦੇਸ਼ ਅਤੇ ਉਦੇਸ਼ ''ਐਸਾ ਚਾਹੂੰ ਰਾਜ ਮੈਂ ..'' ਦੀ ਸੋਚ ਨੂੰ ਸਾਕਾਰ ਕਰੀਏ। ਆਪ ਜੀ ਦੇ ਵਿਚਾਰਾਂ/ ਸੁਝਾਵਾਂ ਦੀ ਉਡੀਕ ਰਹੇਗੀ।

ਇਸ ਕਾਰਜ ਵਿਚ ਸਹਿਯੋਗ ਕਰਨ ਵਾਲੇ ਸੱਜਣਾਂ ਦਾ ਬਹੁਤ-ਬਹੁਤ ਧੰਨਵਾਦ।

****

# ''ਨਸ਼ਿਆਂ ਤੋਂ ਬਚਾਅ ਸਬੰਧੀ ਉਪਾਅ, ਰੋਕਥਾਮ''



ਜਗਮੀਤ ਸਿੰਘ ਢੁੰਬਰ
91-96536-39891

ਅੱਜ ਦੇ ਇਸ ਤੇਜ਼ ਰਫ਼ਤਾਰ ਸਮੇਂ ਦੌਰਾਨ ਮਨੁੱਖ ਦੀ ਤੇਜ਼ੀ ਨਾਲ ਤਰੱਕੀ ਕਰਨ ਦੀ ਲਾਲਸਾ ਤੇ ਸਮੇਂ ਤੋਂ ਪਹਿਲਾਂ ਅਮੀਰ ਬਨਣ ਅਤੇ ਆਪਣੇ ਜ਼ਿੰਦਗੀ ਦੇ ਅਸਲ ਮੁਕਾਮ ਤੱਕ ਪਹੁੰਚਣ ਦੀ ਦੌੜ ਨੇ ਵਿਅਕਤੀ ਨੂੰ ਅੰਨ੍ਹਾ ਕਰ ਦਿੱਤਾ ਹੈ ਕਿ ਉਹ ਸਭ ਕੁੱਝ ਭੁੱਲ-ਭੁੱਲਾ ਕੇ ਦਿਨ-ਰਾਤ ਮਿਹਨਤ ਮੁਸ਼ੱਕਤ ਕਰਨ ਵਿੱਚ ਲੱਗਿਆ ਰਹਿੰਦਾ ਹੈ ਜਿਸ ਦੌਰਾਨ ਉਸਨੂੰ ਆਪਣੇ ਸ਼ਰੀਰ ਦੀ ਸਾਂਭ-ਸੰਭਾਲ ਰੱਖਣਾ ਤਾਂ ਦੂਰ ਦੀ ਗੱਲ ਉਹ ਸ਼ਿਫਟਾ ਲਾਕੇ ਘੰਟਿਆ ਬੰਦੀ ਕੰਮ ਵਿੱਚ ਜੁੱਟਿਆ ਹੋਇਆ ਆਪਣੇ ਸਰੀਰ ਨੂੰ ਵੱਖ-ਵੱਖ ਕਿਸਮ ਦੇ ਨਸ਼ਿਆ ਵਿੱਚ ਧੱਕ ਦਿੰਦਾ ਹੈ ਆਪਣੇ ਸਰੀਰ ਤੋਂ ਲੋੜ ਤੋਂ ਵੱਧ ਜ਼ੋਰ ਲਾਉਣ ਅਤੇ ਸਮੇਂ ਤੋ ਵਧਕੇ ਕੰਮ ਕਰਨ ਦੀ ਲਾਲਸਾ ਉਸਨੂੰ ਕਈ ਖਤਰਨਾਕ ਨਸ਼ਿਆ ਦਾ ਆਦੀ ਬਣਾ ਛੱਡਦੀ ਹੈ ਜੋ ਕਿ ਹੌਲੀ-ਹੌਲੀ ਉਹ ਇਹਨਾਂ ਵਿੱਚ ਡੁੱਬਦਾ ਜਾਂਦਾ ਹੈ ਅਤੇ ਉਸਨੂੰ ਇਹ ਤੱਕ ਯਾਦ ਨਹੀ ਰਹਿੰਦਾ ਕਿ ਉਹ ਕਿਸੇ ਨਸ਼ੇ ਦਾ ਗੁਲਾਮ ਹੋ ਗਿਆ ਹੈ । ਕਈ ਵਾਰ ਵਿਅਕਤੀ ਇਹ ਸਮਝ ਹੀ ਨਹੀ ਸਕਦਾ ਕਿ ਅਸਲ ਵਿੱਚ ਉਹ ਕਿਵੇ ਅਤੇ ਕਿਸ ਤਰ੍ਹਾ ਨਸ਼ੇ ਦਾ ਗੁਲਾਮ ਬਣਿਆ । ਸਭ ਤੋਂ ਅਹਿਮ ਅਤੇ ਵਿਸ਼ੇਸ ਗੱਲ ਸਮਝਣ ਦੀ ਲੋੜ ਹੋ ਕਿ ਅਸਲ ਵਿੱਚ ਨਸ਼ਾ ਹੈ ਕੀ।

**ਨਸ਼ਾ ਕੀ ਹੈ ?**

ਨਸ਼ਾ ਜੋ ਕਿ ਇੱਕ ਮਿੱਠਾ ਜ਼ਹਿਰ ਹੈ ਕੋਈ ਵੀ ਵਸਤੂ ਜਿਸਦੀ ਲੋੜ ਅਤੇ ਮਾਤਰਾਂ ਤੋ ਜਿਆਦਾ ਸੇਵਨ ਕਰਨਾ ਜਾਂ ਫਿਰ ਇੱਕ ਗੋਲੀ ਜਾਂ ਦਵਾਈ ਦੇ ਤੌਰ ਤੋ ਲੰਬੇ ਸਮੇਂ ਤੋਂ ਲੈਣਾ ਅਤੇ ਉਸਦੀ ਆਦਤ ਪੈ ਜਾਣਾ ਇਸ ਤਰ੍ਹਾ ਰੋਜ਼ਾਨਾ ਦੀ ਆਦਤ ਅਤੇ ਉਸਦਾ ਸੇਵਨ ਜੋ ਕਿ ਪਹਿਲਾਂ-ਪਹਿਲ ਸਾਨੂੰ ਅਰਾਮ ਅਤੇ ਖੁਸ਼ੀ ਦਿੰਦਾ ਹੈ। ਪਰੰਤੂ ਅੰਤ ਵਿੱਚ ਇਹ ਸਾਡੀ ਅੰਦਰੂਨੀ ਕਮਜੋਰੀ ਵਜੋਂ ਉੱਭਰਕੇ ਸਾਹਮਣੇ ਆਉਦਾਂ ਹੈ। ਜਿਸ ਕਾਰਨ ਵਿਅਕਤੀ ਆਪਣੇ ਆਪ ਤੋਂ ਬੇਖਬਰ ਹੋ ਜਾਂਦਾ ਹੈ। ਅਤੇ ਉਸ ਨਸ਼ੇ ਅਤੇ ਦਵਾਈ ਦਾ ਆਦੀ ਹੋ ਜਾਂਦਾ ਹੈ। ਜਿਸ ਤੋਂ ਬਿਨ੍ਹਾਂ ਉਸਦਾ ਗੁਜਾਰਾ ਅਸੰਭਵ ਹੋ ਜਾਂਦਾ ਹੈ । ਅਤੇ ਹੌਲੀ-ਹੌਲੀ ਉਹ ਵਿਅਕਤੀ ਉਸ ਨਸ਼ੇ ਦੇ ਅੰਦਰ ਧਸਦਾ ਚਲਾ ਜਾਂਦਾ ਹੈ।

ਇਸ ਤਰ੍ਹਾਂ ਇਹ ਨਸ਼ਾ ਜੋ ਕਿ ਅੱਗੇ ਚਲਕੇ ਬਹੁਤ ਹੀ ਭਿਆਨਕ ਰੂਪ ਅਖਿਤਿਆਰ ਕਰ ਲੈਂਦਾ ਹੈ ਜਿਸ ਵਿੱਚ ਘਰਾਂ ਦੇ ਇਕਲੌਤੇ ਦੀਵੇ ਤੱਕ ਬੁੱਝ ਜਾਂਦੇ ਹਨ ਇਹਨਾਂ ਨਸ਼ਿਆ ਬਾਰੇ ਇਕ ਵਿਦਵਾਨ ਨੇ ਬੜਾ ਸੋਹਣਾ ਲਿਖਿਆ ਹੈ।

ਬੰਦ ਬੋਤਲ ਨੂੰ ਬੰਦਿਆ ਖੋਲ ਨਾ ਤੂੰ
ਇਸ ਬੋਤਲ ਦੇ ਵਿੱਚ ਕੰਗਾਲੀਆ ਨੇ
ਇਹਨੇ ਰਚਕੇ ਕਈਆ ਦੇ ਦਿਲਾ ਅੰਦਰ
ਕਾਂਗੜਾ ਵਾਗਰਾਂ ਹੱਡੀਆ ਗਾਲੀਆ ਨੇ
ਯਾਰੋ ਸੁੱਕ ਸਰੀਰ 'ਚ ਖੂਨ ਜਾਂਦਾ
ਉੱਡ ਚਿਹਰੇ ਤੋਂ ਜਾਂਦੀਆ ਲਾਲੀਆ ਨੇ

ਇਸ ਪ੍ਰਕਾਰ ਨਸ਼ਾਖੋਰੀ ਇੱਕ ਸਮਾਜਿਕ ਸਮੱਸਿਆ ਬਣਕੇ ਸਾਹਮਣੇ ਆ ਰਹੀ ਹੈ ਜੋ ਕਿ ਇਹ ਸਮੱਸਿਆ ਬਹੁਤ ਤੇਜ਼ੀ ਨਾਲ ਸਾਡੇ ਸਮਾਜ ਵਿੱਚ ਆਪਣੀਆ ਜੜ੍ਹਾਂ ਜਮਾ ਚੁੱਕੀ ਹੈ। ਅੱਜ ਦੇ ਇਸ ਤੇਜ਼ਰਫ਼ਤਾਰ ਯੁੱਗ ਵਿੱਚ ਹਰ ਇੱਕ ਵਿਅਕਤੀ ਬੱਚੇ ਤੋ ਲੈ ਕੇ ਬਜੁਰਗਾਂ ਤੱਕ ਹਰ ਕੋਈ ਇਸ ਨਸ਼ਾਖੋਰੀ ਦਾ ਆਦੀ ਹੋ ਰਿਹਾ ਹੈ। ਇਸ ਤਰ੍ਹਾਂ ਦੇ ਸੇਵਨ ਕਰਨ ਵਾਲੇ ਵਿਅਕਤੀ ਕਹਿੰਦੇ ਹਨ ਕਿ ਅਸੀ ਇਸਦਾ ਸੇਵਨ ਨਸ਼ੀਲੀਆ ਦਵਾਈਆ ਜੋ ਕਿ ਸਾਡੇ ਸਰੀਰ ਨੂੰ ਅਰਾਮ ਅਤੇ ਖੁਸ਼ੀ ਦਿੰਦੀਆ ਹਨ ਪਰੰਤੂ ਉਹਨਾਂ ਨੂੰ ਇਹ ਪਤਾ ਹੀ ਨਹੀ ਚਲਦਾ ਕਿ ਇਸ ਤਰ੍ਹਾਂ ਦਾ ਅਰਾਮ ਅਤੇ ਖੁਸ਼ੀ ਉਹਨਾ ਦੇ ਸਰੀਰ ਦਾ ਸੰਤੁਲਨ ਵਿਗਾੜ ਕੇ ਰੱਖ ਦਿੰਦੀਆ ਹਨ । ਨਸ਼ੇ ਦੀ ਸਰੀਰ ਅੰਦਰ ਪਹਿਚਾਣ ਕਿਵੇਂ ਕਰੀਏ?

ਸਾਡੇ ਸਰੀਰ ਅੰਦਰ ਬਿਮਾਰੀ ਨਾਲ ਲੜਨ ਲਈ ਅਤੇ ਸਰੀਰ ਨੂੰ ਤੰਦਰੁਸਤ ਰੱਖਣ ਲਈ ਕੁੱਝ ਜੀਵਾਣੂ ਹੁੰਦੇ ਹਨ ਪਰੰਤੂ ਨਸ਼ੀਲੀਆ ਦਵਾਈਆ ਅਤੇ ਨਸ਼ੇ ਦੀ ਲਗਾਤਾਰ ਰੋਜ਼ਾਨਾ ਵਰਤੋਂ ਉਹਨਾਂ ਨੂੰ ਅੰਦਰੋ-ਅੰਦਰੀ ਮਾਰ ਦਿੰਦੀਆ ਹਨ। ਜਿਸ ਕਾਰਨ ਸਰੀਰ ਵਿੱਚ ਬਿਮਾਰੀਆ ਨਾਲ ਲੜਨ ਦੀ ਸ਼ਕਤੀ ਜੋ ਕਿ ਬਿਲਕੁਲ ਹੀ ਖਤਮ ਹੋ ਜਾਂਦੀ ਹੈ ਜਿਸਦੀ ਵਜ੍ਹਾਂ ਕਾਰਨ ਪੀੜਤ ਵਿਅਕਤੀ ਜਲਦੀ ਹੀ ਬਿਮਾਰੀਆਂ ਅਤੇ ਨਸ਼ੇ ਦਾ ਸ਼ਿਕਾਰ ਹੋ ਜਾਂਦਾ ਹੈ । ਜਿਸ ਕਾਰਨ ਉਹ ਛੋਟੀ ਤੋਂ ਛੋਟੀ ਬਿਮਾਰੀ ਦੀ ਲਪੇਟ ਵਿੱਚ ਜਲਦੀ ਆ ਜਾਂਦਾ ਹੈ ਅਤੇ ਇਹ ਬਿਮਾਰੀ ਜੋ ਕਿ ਲੰਬਾ ਸਮਾਂ ਉਸਦੇ ਸਰੀਰ ਨੂੰ ਚਿੰਬੜੀ ਰਹਿੰਦੀ ਹੈ ਅਤੇ ਨਸ਼ਾ ਕਰਨ ਵਾਲਾ ਵਿਅਕਤੀ ਹਮੇਸ਼ਾ ਕਾਹਲ ਵਿੱਚ ਰਹਿੰਦਾ ਹੈ ਅਤੇ ਉਸਦੇ ਚਿਹਰੇ ਦਾ ਰੰਗ ਹਰ ਸਮੇਂ ਲਾਲ ਜਾਂ ਗੁਲਾਬੀ ਹੋਇਆ ਰਹਿੰਦਾ ਹੈ ਇਸਦੇ ਨਾਲ ਹੀ ਉਸਦੀਆ ਅੱਖਾਂ ਅਤੇ ਉਸਦੇ ਕੰਮ ਕਰਨ ਦੇ ਢੰਗ ਜਾਂ ਬੋਲ-ਬਾਣੀ, ਤੁਰਨ-ਫਿਰਨ ਤੋਂ ਆਮ ਲੋਕ ਜਲਦੀ ਹੀ ਅੰਦਾਜ਼ਾ ਲਗਾ ਲੈਂਦੇ ਹਨ ਜੋ ਕਿ ਹਮੇਸ਼ਾ ਜਿਆਦਾਤਰ ਸਹੀ ਸਾਬਿਤ ਹੁੰਦਾ ਹੈ ।

**ਨਸ਼ਾਖੋਰੀ ਦੇ ਕਾਰਨ**

ਨਸ਼ੇ ਕਿਹੜੇ ਹਨ ਅਤੇ ਇਹਨਾਂ ਦੇ ਕਾਰਨ ਕੀ ਹਨ? ਜਿਸ ਵਿੱਚ ਬੀੜੀ, ਸਿਗਰਟ, ਸ਼ਰਾਬ, ਭੁੱਕੀ, ਅਫੀਮ, ਟੀਕੇ, ਕੋਕੀਨ, ਭੰਗ, ਚਰਸ਼, ਗਾਜਾ, ਚਿੱਟਾ, ਬਰਾਉਨ ਸ਼ੂਗਰ ਆਦਿ ਇਹ ਸਭ ਨਸ਼ੀਲੀਆਂ ਵਸਤੂਆਂ ਜੋ ਕਿ ਨਸ਼ੇ ਦੇ ਰੂਪ ਵਿੱਚ ਜਾਣੀਆ ਜਾਂਦੀਆ ਹਨ ।

**ਕਾਰਨ, ਨਿਸ਼ਾਨੀਆ**

1- ਨੀਂਦ ਨਾ ਆਉਣਾ
2- ਕੰਮ 'ਚ ਦਿਲ ਨਾ ਲੱਗਣਾ
3- ਚਿੜਚਿੜਾ ਸੁਭਾਅ
4- ਅੱਖਾਂ ਵਿੱਚ ਲਾਲੀ
5- ਟੈਨਸ਼ਨ, ਦਿਮਾਗ ਤੇ ਬੋਝ
6- ਤਨਾਅ
7- ਜਿਆਦਾ ਕੰਮ ਕਰਨਾ
8- ਮਾੜੀ ਸੰਗਤ

ਇਸ ਤਰ੍ਹਾ ਇਹ ਸਭ ਕਾਰਨ, ਵਜ੍ਹਾ ਬਣਦੇ ਹਨ ਅਤੇ ਵਿਸ਼ੇਸ ਨਿਸ਼ਾਨੀਆਂ ਵਜੋਂ ਉੱਭਰਕੇ ਸਾਹਮਣੇ ਸਪੱਸ਼ਟ ਸੰਕੇਤ ਕਰਦੇ ਹਨ । ਸਰਵੇਖਣ ਵਿੱਚ ਇੱਕ ਗੱਲ ਸਾਹਮਣੇ ਆਈ ਹੈ ਕਿ ਹਰ ਦਸ ਮਿੰਟ ਬਾਅਦ ਬਲਣ ਵਾਲਾ ਸਿਵਾ ਇੱਕ ਨਸ਼ਈ ਜਾ ਨਸ਼ੇ ਕਰਨ ਵਾਲੇ ਵਿਅਕਤੀ ਦਾ ਹੁੰਦਾ ਹੈ । ਇਹਨਾਂ ਨਸ਼ਿਆ ਦੇ ਕਾਰਨ ਹੀ ਅਨੇਕਾ ਦੁਰਘਟਨਾਵਾਂ, ਬਲਤਕਾਰ, ਕਤਲ, ਲੜਾਈਆਂ, ਤਲਾਕ, ਰਿਸ਼ਤਿਆ ਦੀ ਟੁੱਟ ਭੱਜ ਹੁੰਦੀ ਹੈ। ਰੋਜਾਨਾ ਕਿੰਨੀਆਂ ਹੀ ਸੁਹਾਗਣਾ ਦੇ ਸੁਹਾਗ ਉਜੜਦੇ ਵਿਖਾਈ ਦਿੰਦੇ ਹਨ ਉਹਨਾਂ ਦੇ ਪਿੱਛੇ ਲਵਾਰਿਸ ਬੱਚੇ ਬੁੱਢੇ ਮਾਂ-ਪਿਓ ਜਿਹਨਾਂ ਦਾ ਦੁੱਖ ਜੋ ਕਿ ਸ਼ਬਦਾਂ ਵਿੱਚ ਬਿਆਨ ਨਹੀ ਕੀਤਾ ਜਾ ਸਕਦਾ ।

ਜੁਰਮਾਂ ਦੇ ਗਰਾਫ਼ ਵਿੱਚ ਲਗਾਤਾਰ ਵਾਧਾ ਰੋ ਰਿਹਾ ਹੈ। ਅੱਜ ਦੇ ਨੌਜਵਾਨ ਨਸ਼ਿਆ ਦੀ ਲਪੇਟ ਵਿੱਚ ਆ ਕੇ ਨਾ ਸ਼ਿਰਫ ਆਪਣਾ-ਆਪ ਹੀ ਬਰਬਾਦ ਨਹੀ ਕਰਦੇ ਸਗੋਂ ਆਪਣੇ ਮਾਪਿਆ ਦੇ ਸੰਜੋਏ ਸੁਪਨਿਆਂ ਨੂੰ ਵੀ ਖੇਰੂ-ਖੇਰੂ ਕਰਦੇ ਹਨ। ਜਦੋਂ ਤੱਕ ਮਾਪੇ ਗੋਰ ਕਰਦੇ ਹਨ ਉਦੋ ਤੱਕ ਸਥਿਤੀ ਕਾਬੂ ਤੋਂ ਬਾਹਰ ਹੋ ਜਾਂਦੀ ਹੈ ਜਿਉਂ-ਜਿਉਂ ਬੱਚੇ ਵੱਡੇ ਜਵਾਨ ਹੁੰਦੇ ਹਨ ਉਹਨਾਂ ਦੇ ਸੁਪਨੇ ਵੀ ਵੱਡੇ ਹੁੰਦੇ ਜਾਂਦੇ ਹਨ । ਉਹ ਸੁਪਨੇ ਤੋਂ ਜਾਣੂ ਤਾਂ ਹੋ ਜਾਂਦੇ ਹਨ ਪਰ ਉਹਨਾਂ ਸੁਪਨਿਆਂ ਦੀ ਪੂਰਤੀ ਕਿਝ ਕਰਨੀ ਹੈ ਤੋ ਜਾਣੂ ਨਹੀਂ ਹੁੰਦੇ ।

ਜਿਸ ਲਈ ਉਹ ਗਲਤ ਦਿਸ਼ਾ ਨਿਰਦੇਸ਼ ਚੁਣਦੇ ਹਨ। ਅਤੇ ਸੋਰਟ-ਕੱਟ ਰਾਸਤੇ ਚੁਣਦੇ ਹਨ ਪਰੰਤੂ ਉਸ ਸਮੇਂ ਮਾਪਿਆਂ ਦੇ ਮਾਰਗ ਦਰਸ਼ਨ ਦੀ ਲ਼ੋੜ ਹੁੰਦੀ ਹੈ ਉਹ ਉਸ ਵੇਲੇ ਜਿਹੜੇ ਮਾਪੇ ਸਥਿਤੀ ਨੂੰ ਸਮਝ ਲੈਂਦੇ ਹਨ। ਉਹਨਾਂ ਦੇ ਬੱਚਿਆ ਦੇ ਹਰ ਸੁਪਨੇ ਕਰ ਲੈਂਦੇ ਹਨ ਇਸਦੇ ਉਲਟ ਜੋ ਸਮੇਂ ਦੀ ਨਜਾਕਤ ਨੂੰ ਨਹੀ ਸਮਝਦੇ ਸਿਰਫ਼ ਪੈਸਾ ਕਮਾਉਣ ਤਰੱਕੀ ਕਰਨ ਤੱਕ ਸੀਮਤ ਰਹਿੰਦੇ ਹਨ। ਉਹ ਹਰ ਪਾਸੇ ਤੋਂ ਨਾਕਾਮਯਾਬ ਅਤੇ ਫੇਲ ਹੋ ਜਾਂਦੇ ਹਨ । ਅੰਤ ਵਿੱਚ ਉਹ ਸਥਿਤੀ ਉੱਪਰ ਕਾਬੂ ਪਾਉਣ ਲਈ ਆਪਣੇ ਬੱਚਿਆ ਉੱਪਰ ਪ੍ਰੈਸ਼ਰ ਪਾਉਂਦੇ ਹਨ ਗਾਲੀ ਗਲੋਂਚ ਕਰਦੇ ਹਨ ਪਿਆਰ ਨਾਲ ਨਹੀ ਸਮਝਾਉਂਦੇ ਅੰਤ ਉਹਨਾਂ ਦੇ ਬੱਚੇ ਨਸ਼ਿਆ ਦੇ ਰਾਹ ਪੈ ਜਾਂਦੇ ਹਨ। ਜਿਸ ਕਰਕੇ ਉਹ ਆਪਣੇ ਅਤੇ ਆਪਣੇ ਮਾਪਿਆ ਦੀ ਇੱਜਤ ਮਿੱਟੀ ਵਿੱਚ ਰੋਲ ਦਿੰਦੇ ਹਨ। ਇਸ ਕਰਕੇ ਇੱਕ ਸਾਇਰ ਨੇ ਕਿਹਾ ਹੈ।

ਸੁਪਨੇ ਹਮੇਸ਼ਾ ਨੀਂਦ ਵਿੱਚ ਨਹੀਂ ਲੈਣੇ ਚਾਹੀਦੇ
ਸੁਪਨੇ ਜਾਗਦਿਆਂ ਲੈਣੇ ਚਾਹੀਦੇ ਹਨ, ਤਾਂ ਕਿ ਪੂਰੇ ਹੋ ਸਕਣ।

**ਨਸ਼ੇ ਤੋ ਕਿਵੇ ਬਚੀਏ?**

ਨੌਜਵਾਨ ਬੱਚਿਆ ਨੂੰ ਨਸ਼ਿਆਂ ਤੋਂ ਬਚਾਅ ਲਈ ਸਭ ਤੋ ਅਹਿਮ ਅਤੇ ਵਿਸ਼ੇਸ ਯੋਗਦਾਨ ਉਹਨਾਂ ਦੇ ਖੁਦ ਦੇ ਮਾਪੇ ਇਹ ਵਿਸ਼ੇਸ ਰੋਲ ਅਦਾ ਕਰ ਸਕਦੇ ਹਨ। ਉਹਨਾਂ ਨੂੰ ਚਾਹੀਦਾ ਹੈ ਕਿ ਬੱਚੇ ਦੀ ਹਰ ਹਰਕਤ ਅਤੇ ਉਸਦੀ ਦੋਸਤਾਂ ਦੀ ਸੰਗਤ ਕਿਵੇਂ ਦੀ ਹੈ ਅਤੇ ਬੱਚਿਆ ਪ੍ਰਤਿ ਆਪਣੀ ਵਿਸ਼ੇਸ ਜਿੰਮੇਵਾਰੀ ਅਤੇ ਫ਼ਰਜ ਕਿ ਉਹ ਕਿਸ ਸਮੇਂ ਅਤੇ ਕਦੋਂ ਕਿਥੇ ਜਾਂਦੇ ਹਨ ਅਤੇ ਕਦੋਂ ਵਾਪਿਸ ਆਉਂਦੇ ਹਨ ਬੱਚਿਆ ਉੱਪਰ ਕਰੜੀ ਨਜ਼ਰ ਰੱਖਣ ਅਤੇ ਵਿਸ਼ੇਸ ਵਿਅਕਤੀ ਦੁਆਰਾ ਆਪਣੇ ਬੱਚੇ ਦੀ ਸ਼ਿਕ-ਾਇਤ ਦੱਸਣ ਉਪਰੰਤ ਉਸਦਾ ਧੰਨਵਾਦ ਕਰਨ ਨਾ ਕਿ ਉਲਟਾ ਉਸਨੂੰ ਗਾਲੀ ਗਲੋਚ ਕਰਨ ਕਿ ਹਮੇਸ਼ਾ ਸਾਡਾ ਬੱਚਾ ਹੀ ਸਹੀ ਹੈ । ਇਸ ਤੋ ਇਲਾਵਾ ਹਰ ਪ੍ਰਕਾਰ ਦੀ ਖਾਣ-ਪੀਣ ਦੀਆਂ ਵਸਤੂਆਂ ਵੱਲ ਵਿਸ਼ੇਸ ਧਿਆਨ ਦੇਣ ਕਿ ਉਹਨਾਂ ਦਾ ਬੱਚਾ ਕਿਸੇ ਪ੍ਰਕਾਰ ਦੇ ਨਸ਼ੇ ਦੀ ਆਦਤ ਦਾ ਸ਼ਿਕਾਰ ਤਾਂ ਨਹੀ ।

ਇਸ ਪ੍ਰਕਾਰ ਸਮਝਦਾਰ ਮਾਪੇ ਆਪਣੇ ਬੱਚਿਆਂ ਸਾਹਮਣੇ ਕਦੇਂ ਵੀ ਇਹ ਹਰਕਤਾਂ ਨਹੀਂ ਕਰਦੇ ਜਿਵੇਂ ਕਿ :-
1- ਬੱਚਿਆਂ ਤੋਂ ਦਾਰੂ ਦੀ ਬੋਤਲ ਮੰਗਵਾਉਣਾ ।
2- ਘਰ ਵਿੱਚ ਦੋਸਤਾਂ-ਮਿੱਤਰਾਂ ਨੂੰ ਬੁਲਾਕੇ ਬੱਚਿਆਂ ਤੋਂ ਸ਼ਰਾਬ ਅਤੇ ਹੋਰ ਸਮਗੱਰੀ ਮੰਗਵਾਉਣਾ ਜਿਸ ਕਾਰਨ ਬੱਚੇ ਮਾਪਿਆ ਤੋਂ ਡਰਨੋ ਹੱਟ ਜਾਂਦੇ ਹਨ ਅਤੇ ਉਹਨਾਂ ਦੀ ਨਕਲ ਕਰਦੇ ਹਨ ਅਤੇ ਉਹਨਾਂ ਦੇ ਪਿੱਛੋ ਉਹ ਵੀ ਨਸ਼ੇ ਦੇ ਆਦਿ ਹੋ ਜਾਂਦੇ ਹਨ।

ਇਸ ਪ੍ਰਕਾਰ ਲੋੜ ਹੈ ਸਮਝਣ ਦੀ ਜਿਨ੍ਹਾਂ ਚਿਰ ਮਾਪੇ ਆਪਣੇ ਬੱਚਿਆਂ ਲਈ ਰੋਲ ਮਾਡਲ ਨਹੀਂ ਬਣਦੇ ਉਨ੍ਹਾਂ ਚਿਰ ਬੱਚੇ ਦੇ ਚੰਗੇ ਰਾਹ ਤੇ ਤੁਰਣ ਦਾ ਆਸ ਨਹੀ ਰੱਖ ਸਕਦੇ ਜੇਕਰ ਘਰ ਨਸ਼ਾ ਰਹਿਤ ਹੈ ਤਾਂ ਅਸੀ ਵਧੀਆ ਸਮਾਜ ਸਿਰਜਣ ਵਿੱਚ ਯੋਗਦਾਨ ਪਾ ਸਕਦੇ ਹਾਂ।

ਤੰਦਰੁਸ਼ਤ ਨੌਜਵਾਨ ਹੀ ਸਾਡੇ ਸਮਾਜ ਅਤੇ ਦੇਸ਼ ਦਾ ਅਸਲ ਭਵਿੱਖ ਹੁੰਦੇ ਹਨ ਜਿਸ ਸਮਾਜ ਵਿਚਲੇ ਨੋਜਵਾਨ ਨਸ਼ੇ ਤੋ ਮੁਕਤ ਅਤੇ ਸ਼ਰੀਰਕ ਪੱਖੋ ਤੰਦਰੁਸਤ ਹੁੰਦੇ ਹਨ ਉਸ ਸਮਾਜ ਦੀ ਤਰੱਕੀ ਅਤੇ ਉੱਨਤੀ ਦੀ ਰਾਹ ਵਿੱਚ ਕਿਸੇ ਪ੍ਰਕਾਰ ਦੀ ਰੁਕਾਵਟ ਜਾਂ ਅੜਚਣ ਪੈਦਾ ਨਹੀਂ ਹੁੰਦੀ ।

## 31 ਜਨਵਰੀ 1920 ਨੂੰ ਡਾ ਅੰਬੇਡਕਰ ਜੀ ਨੇ "ਮੂਕਨਾਇਕ" ਅਖ਼ਬਾਰ ਦੀ ਸ਼ੁਰੂਆਤ ਕੀਤੀ ਸੀ। ਮੂਕਨਾਇਕ ਦਾ ਅਰਥ ਹੈ ਗੂੰਗਿਆਂ ਦਾ ਲੀਡਰ







## ਕਾਵਿ ਵਿਅੰਗ

### ਪੈਰੋਲ ਦਾ ਹੱਕਦਾਰ?

ਹੁੰਦੇ 'ਹੱਥ' ਸਰਕਾਰਾਂ ਦੇ ਬਹੁਤ ਲੰਮੇਂ
ਨਿਆਂ-ਪ੍ਰਣਾਲੀ ਨੂੰ ਦਿੰਦੇ ਨੇ ਰੋਲ ਮੀਆਂ।
'ਕਾਰੇ' ਕਰੇ ਕੋਈ ਭਾਵੇਂ ਮੁਸ਼ਟੰਡਿਆਂ ਦੇ
'ਬਾਬਾ-ਵਾਦ' ਦੇ ਨਾ਼ਲ ਹੀ ਤੋਲ ਮੀਆਂ।
ਅੱਖੀਂ ਘੱਟਾ ਕਾਨੂੰਨ ਦੇ ਪਾਉਣ ਵਾ਼ਲੇ
'ਚੋਰ-ਮੋਰੀਆਂ' ਲੈਂਦੇ ਹਨ ਟੋਲ੍ਹ ਮੀਆਂ।
ਬੋਕ-ਰਾਜ ਹੀ ਭਾਵੇਂ ਹੁਣ ਆਖੀਏ ਜੀ
ਲੋਕਰਾਜ ਦਾ ਲਹਿ ਗਿਆ ਖੋਲ ਮੀਆਂ।
'ਸੂਓ-ਮੋਟੋ' ਦੇ ਕੰਨ ਵੀ ਖੋਲ੍ਹਦਾ ਨਹੀਂ
ਵੱਜ ਰਿਹਾ ਅਨਿਆਂ ਦਾ ਢੋਲ ਮੀਆਂ।
'ਵੋਟ-ਬੈਂਕ' ਜੋ 'ਭੇਡਾਂ' ਦਾ ਰੱਖਦਾ ਐ
ਮਿ਼ਲ ਜਾਂਦੀ ਐ ਉਹਨੂੰ 'ਪੈਰੋਲ' ਮੀਆਂ!

-ਤਰਲੋਚਨ ਸਿੰਘ 'ਦੁਪਾਲ ਪੁਰ'
78146-92724



## ਗੁੱਡ ਮਾਰਨਿੰਗ

ਜੇ ਦੇਖਿਆ ਜਾਵੇ ਤਾਂ ਹਰ ਇਨਸਾਨ ਭੱਜ-ਦੌੜ ਦੀ ਜ਼ਿੰਦਗੀ ਜੀਅ ਰਿਹਾ ਹੈ ਤੇ ਜ਼ਿੰਦਗੀ ਵਿਚੋਂ ਸਕੂਨ ਤੇ ਖੁਸ਼ੀਆਂ ਲੱਭਣਾ ਮਨੁੱਖ ਲਈ ਸਭ ਤੋਂ ਵੱਡਾ ਕਾਰਜ ਬਣਦਾ ਜਾ ਰਿਹਾ ਹੈ। ਜ਼ਿੰਦਗੀ 'ਚ ਉਤਾਰ-ਚੜ੍ਹਾਅ ਆਉਂਦੇ ਰਹਿੰਦੇ ਹਨ। ਹੌਸਲੇ ਨੂੰ ਕਦੇ ਵੀ ਟੁੱਟਣ ਨਾ ਦਿਓ। ਸਮੱਸਿਆ ਕਿਸੇ ਵੀ ਤਰ੍ਹਾਂ ਦੀ ਹੋਵੇ ਉਸ ਨੂੰ ਹਮੇਸ਼ਾ ਸੁਲਝਾਉਣ ਦੀ ਹੀ ਕੋਸ਼ਿਸ਼ ਕਰੋ ਤੇ ਬਿਲਕੁਲ ਵੀ ਨਿਰਾਸ਼ ਨਾ ਹੋਵੋ। ਸਫਲਤਾ ਹਾਸਲ ਕਰਨ ਲਈ ਮਜ਼ਬੂਤ ਇਰਾਦੇ ਨਾਲ ਮਿਹਨਤ ਕਰਦੇ ਰਹੋ ਤੇ ਆਪਣਾ ਸਮਾਂ ਵਿਅਰਥ ਨਾ ਗੁਆਓ। ਹਿੰਮਤ ਰੱਖਦਿਆਂ ਕੰਮਕਾਰ ਕਰਦੇ ਰਹੋ, ਅਜਿਹਾ ਕਰਨ ਨਾਲ ਸਫਲਤਾ ਤੇ ਖੁਸ਼ੀਆਂ ਦੋਵੇਂ ਇਕੱਠੀਆਂ ਹੀ ਮਿਲਦੀਆਂ ਹਨ।



ਅਜੈ ਸਰਬ ਗਾਟ
ਸਮਾਜ ਸੇਵੀ

# ਗੁਰੂ ਰਵਿਦਾਸ ਦੇ ਜਨਮ ਸਥਾਨ 'ਤੇ 24 ਕਰੋੜ ਦੀ ਲਾਗਤ ਨਾਲ ਬਣੇਗਾ ਆਧੁਨਿਕ ਅਜਾਇਬ ਘਰ

**ਵਾਰਾਣਸੀ, 27 ਜਨਵਰੀ–** ਗੁਰੂ ਰਵਿਦਾਸ ਜੀ ਦਾ ਇਹ ਸਦੀਵੀ ਉਪਦੇਸ਼ 'ਮਨ ਚਾਂਗਾ ਤੋਂ ਕਠੋਟੀ ਵਿੱਚ ਗੰਗਾ' ਹੁਣ ਉਨ੍ਹਾਂ ਦੇ ਜਨਮ ਸਥਾਨ ਸਿਰਗੋਵਰਧਨਪੁਰ ਦੇ ਅਜਾਇਬ ਘਰ ਵਿਖੇ ਸੁਣਿਆ ਜਾਵੇਗਾ। ਰਾਜ ਦੀ ਯੋਗੀ ਸਰਕਾਰ ਵਾਰਾਣਸੀ ਵਿੱਚ ਗੁਰੂ ਜੀ ਦੇ ਜਨਮ ਸਥਾਨ ਸਿਰਗੋਵਰਧਨਪੁਰ ਵਿੱਚ ਇੱਕ ਸ਼ਾਨਦਾਰ ਅਤੇ ਆਧੁਨਿਕ ਅਜਾਇਬ ਘਰ ਬਣਾਉਣ ਦੀ ਤਿਆਰੀ ਕਰ ਰਹੀ ਹੈ। ਕਰੀਬ ਚਾਰ ਹਜ਼ਾਰ ਵਰਗ ਮੀਟਰ ਵਿੱਚ ਬਣਨ ਵਾਲੇ ਮਿਊਜ਼ੀਅਮ ਦੀ ਲਾਗਤ 24 ਕਰੋੜ ਰੁਪਏ ਹੈ। ਸੰਤ ਰਵਿਦਾਸ ਦੇ ਸਾਰੇ ਸੰਸਾਰ ਵਿੱਚ ਪੈਰੋਕਾਰ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖੁਦ ਇੱਥੇ ਮੱਥਾ ਟੇਕਣ ਪਹੁੰਚੇ ਹਨ।

ਇਸ ਤੋਂ ਇਲਾਵਾ ਹਰ ਸਾਲ ਗੁਰੂ ਰਵਿਦਾਸ ਜੈਅੰਤੀ ਮੌਕੇ ਸੂਬੇ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਵੀ ਜਨਮ ਸਥਾਨ 'ਤੇ ਹਾਜ਼ਰੀ ਲਗਵਾਉਣ ਲਈ ਪਹੁੰਚਦੇ ਹਨ। ਭਾਰਤ ਦੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਪੱਛਮੀ ਉੱਤਰ ਪ੍ਰਦੇਸ਼ ਤੋਂ ਇਲਾਵਾ ਕੈਨੇਡਾ, ਜਰਮਨੀ ਆਦਿ ਦੇਸ਼ਾਂ ਵਿੱਚ ਵੀ ਸੰਤ ਸ਼੍ਰੋਮਣੀ ਦੇ ਕਰੋੜਾਂ ਪੈਰੋਕਾਰ ਹਨ, ਜੋ ਹਰ ਸਾਲ ਵੱਡੀ ਗਿਣਤੀ ਵਿੱਚ ਉਨ੍ਹਾਂ ਦੀ ਜਨਮ ਭੂਮੀ ਵਾਰਾਣਸੀ ਵਿਖੇ ਮੱਥਾ ਟੇਕਣ ਲਈ ਆਉਂਦੇ ਹਨ।



### ਮਿਊਜ਼ੀਅਮ ਵਿੱਚ ਪੰਜ ਵੱਡੀਆਂ ਗੈਲਰੀਆਂ ਹੋਣਗੀਆਂ

ਯੋਗੀ ਸਰਕਾਰ ਧਾਰਮਿਕ ਸ਼ਹਿਰ ਕਾਸ਼ੀ 'ਚ ਗੁਰੂ ਰਵਿਦਾਸ ਦੇ ਜੀਵਨ 'ਤੇ ਆਧਾਰਿਤ ਆਧੁਨਿਕ ਮਿਊਜ਼ੀਅਮ ਬਣਾਉਣ ਜਾ ਰਹੀ ਹੈ। ਇਸ ਅਜਾਇਬ ਘਰ ਰਾਹੀਂ ਸੰਤ ਸ਼੍ਰੋਮਣੀ ਦੀ ਅਧਿਆਤਮਿਕ ਵਿਰਾਸਤ ਨੂੰ ਸੰਭਾਲਿਆ ਜਾਵੇਗਾ। ਇਹ ਅਜਾਇਬ ਘਰ ਤੁਹਾਨੂੰ 15ਵੀਂ ਅਤੇ 16ਵੀਂ ਸਦੀ ਵਿੱਚ ਵਾਪਸ ਲੈ ਜਾਵੇਗਾ। ਉੱਤਰ ਪ੍ਰਦੇਸ਼ ਮਿਊਜ਼ੀਅਮ ਡਾਇਰੈਕਟੋਰੇਟ ਦੇ ਡਾਇਰੈਕਟਰ ਆਨੰਦ ਕੁਮਾਰ ਸਿੰਘ ਨੇ ਦੱਸਿਆ ਕਿ ਸੰਤ ਰਵਿਦਾਸ ਦੇ ਜਨਮ ਸਥਾਨ ਸੀਰ ਗੋਵਰਧਨ 'ਚ ਉਨ੍ਹਾਂ ਦੇ ਜੀਵਨ ਅਤੇ ਫਲਸਫੇ 'ਤੇ ਆਧਾਰਿਤ ਮਿਊਜ਼ੀਅਮ 'ਚ ਪੰਜ ਵੱਡੀਆਂ ਗੈਲਰੀਆਂ ਬਣਾਈਆਂ ਜਾਣਗੀਆਂ। ਗੁਰੂ ਰਵਿਦਾਸ ਦੇ ਜੀਵਨ, ਸਿੱਖਿਆਵਾਂ ਅਤੇ ਕਾਰਜਾਂ ਨੂੰ ਦਰਸਾਉਂਦਾ ਅਜਾਇਬ ਘਰ ਉਨ੍ਹਾਂ ਦੇ ਸਮੁੱਚੇ ਜੀਵਨ ਅਤੇ ਫਲਸਫੇ ਬਾਰੇ ਦੱਸੇਗਾ।

ਅਜਾਇਬ ਘਰ ਦੇ ਡਾਇਰੈਕਟੋਰੇਟ ਦੇ ਡਾਇਰੈਕਟਰ ਨੇ ਦੱਸਿਆ ਕਿ ਗੁਰੂ ਰਵਿਦਾਸ ਦੇ ਜਨਮ, ਜੀਵਨ ਅਤੇ ਅਧਿਆਤਮਿਕ ਸੰਦੇਸ਼ ਤੋਂ ਇਲਾਵਾ ਉਨ੍ਹਾਂ ਦੇ ਗ੍ਰਹਿਸਥੀ ਜੀਵਨ ਬਾਰੇ ਵੀ ਡਿਜੀਟਲ ਤਸਵੀਰਾਂ ਅਤੇ ਵੀਡੀਓ ਰਾਹੀਂ ਜਾਣਕ-ਾਰੀ ਉਪਲਬਧ ਹੋਵੇਗੀ। ਇੱਥੇ ਆਉਣ ਵਾਲੇ ਸ਼ਰਧਾਲੂਆਂ ਲਈ ਇਹ ਅਜਾਇਬ ਘਰ ਬਹੁਤ ਹੀ ਪਰਸਪਰ ਪ੍ਰਭਾਵੀ ਹੋਵੇਗਾ, ਜਿਸ ਵਿੱਚ ਗੁਰੂ ਰਵਿਦਾਸ ਦੇ ਜੀਵਨ ਦੇ ਕਈ ਅਣਛੂਹੇ ਪਹਿਲੂਆਂ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ।

ਅਜਾਇਬ ਘਰ ਭਗਤੀ ਲਹਿਰ ਵਿੱਚ ਉਨ੍ਹਾਂ ਦੇ ਯੋਗਦਾਨ ਬਾਰੇ ਜਾਣਕਾਰੀ ਸਟੋਰ ਕਰੇਗਾ। ਰੇਦਾਸ ਵੱਲੋਂ ਦਿੱਤੀ ਗਈ ਸਿੱਖਿਆ, ਪ੍ਰਚਾਰ ਅਤੇ ਰਚਨਾ ਬਾਰੇ ਗੈਲਰੀ ਵਿੱਚ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ, ਤਾਂ ਜੋ ਆਉਣ ਵਾਲੀ ਪੀੜ੍ਹੀ ਵੀ ਉਨ੍ਹਾਂ ਦੇ ਵਿਚਾਰਾਂ ਨੂੰ ਜਾਣ ਸਕੇ।

ਉਸ ਦਾ ਸਾਹਿਤਕ ਸੰਗ੍ਰਹਿ ਗ੍ਰਾਫਿਕਸ ਅਤੇ ਆਡੀਓ ਵੀਡੀਓ ਰਾਹੀਂ ਦਿਖਾਇਆ ਜਾਵੇਗਾ। ਅਧਿਕਾਰੀ ਨੇ ਦੱਸਿਆ ਕਿ ਇਸ ਸਬੰਧੀ ਪ੍ਰਸਤਾਵ ਸਰਕਾਰ ਨੂੰ ਭੇਜ ਦਿੱਤਾ ਗਿਆ ਹੈ। ਜਲਦੀ ਹੀ ਇਸ ਨੂੰ ਮਨਜ਼ੂਰੀ ਮਿਲਣ ਦੀ ਉਮੀਦ ਹੈ, ਜਿਸ ਤੋਂ ਬਾਅਦ ਮਿਊਜ਼ੀਅਮ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਜਾਵੇਗਾ।

ਉਨ੍ਹਾਂ ਦੱਸਿਆ ਕਿ ਲੈਂਡਸਕੇਪਿੰਗ, ਪ੍ਰਸ਼ਾਸਨਿਕ ਇਮਾਰਤਾਂ, ਲੋਕਾਂ ਦੀ ਸਹੂਲਤ ਲਈ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਰਾਹੀਂ ਅਜਾਇਬ ਘਰ ਨੂੰ ਹੋਰ ਸੁੰਦਰ ਬਣਾਇਆ ਜਾਵੇਗਾ। ਕੈਫੇਟੇਰੀਆ, ਸੋਵੀਨੀਅਰ ਸ਼ਾਪ, ਸ਼ਰਧਾਲੂਆਂ ਦੇ ਬੈਠਣ ਲਈ ਢੁਕਵੀਂ ਥਾਂ ਆਦਿ ਵੀ ਇੱਥੇ ਹੋਣਗੇ।

# ਆਮ ਆਦਮੀ ਕਲੀਨਿਕ ਦੇ ਨਾਮ ਤੇ ਕੇਂਦਰ ਸਰਕਾਰ ਦੇ ਪੈਸੇ ਨੂੰ ਕੀਤਾ ਜਾ ਰਿਹਾ ਹੈ ਖੁਰਦ ਬੁਰਦ : ਅਨਿਲ ਸਰੀਨ

**ਚੰਡੀਗੜ–** ਪੰਜਾਬ ਭਾਜਪਾ ਦੇ ਮੁੱਖ ਬੁਲਾਰੇ ਅਨਿਲ ਸਰੀਨ ਨੇ ਭਗਵੰਤ ਮਾਨ ਸਰਕਾਰ ਤੇ ਇੱਕ ਵਾਰ ਫਿਰ ਪੰਜਾਬੀਆ ਨੂੰ ਝੂਠ ਬੋਲਣ ਅਤੇ ਧੋਖਾ ਦੇਣ ਦਾ ਦੋਸ਼ ਲਾਉਂਦਿਆਂ ਕਿਹਾ ਕਿ 27 ਜਨਵਰੀ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਜਿਹੜੇ 400 ਨਵੇਂ ਆਮ ਆਦਮੀ ਕਲੀਨਿਕ ਲੋਕਾਂ ਨੂੰ ਸੌਂਪਣ ਦਾ ਜੋ ਐਲਾਨ ਕੀਤਾ ਹੈ, ਅਸਲ ਵਿੱਚ ਇਹ ਸਾਰੇ ਪੁਰਾਣੀਆਂ ਡਿਸਪੈਂਸਰੀਆਂ ਮੁਢਲੇ ਸਿਹਤ ਕੇਂਦਰ ਵਗੈਰਾ ਹਨ, ਜਿਹਨਾਂ ਨੂੰ ਮੁਰੰਮਤ ਕਰਕੇ, ਥੋੜ੍ਹਾ ਮੋਟਾ ਰੈਨੋਵੇਟ ਕਰਕੇ ਨਵੇਂ ਆਮ ਆਦਮੀ ਕਲੀਨਿਕ ਦਾ ਨਾਮ ਦਿੱਤਾ ਗਿਆ ਹੈ। ਉਹਨਾਂ ਕਿਹਾ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਪੰਜ ਪਿਆਰਿਆਂ ਦੇ ਨਾਮ ਤੇ ਬਣੇ ਸਿਹਤ ਕੇਂਦਰਾਂ ਦਾ ਨਾਮ ਬਦਲਕੇ ਆਮ ਆਦਮੀ ਕਲੀਨਿਕ ਕਰਕੇ ਭਗਵੰਤ ਮਾਨ ਦੀ ਫੋਟੋ ਲਗਾਉਣਾ ਘੋਰ ਨਿੰਦ-ਨਯੋਗ ਹੈ ਅੱਜ ਪੰਜਾਬ ਭਾਜਪਾ ਦੇ ਮੁੱਖ ਦਫ਼ਤਰ ਚੰਡੀਗੜ੍ਹ ਵਿਖੇ ਪੱਤਰਕਾਰਾਂ ਨੂੰ ਸੰਬੋਧਿਤ ਕਰਦੇ ਹੋਏ ਅਨਿਲ ਸਰੀਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਆਮ ਆਦਮੀ ਕਲੀਨਿਕ ਖੋਲਣ ਦੇ ਨਾਮ ਤੇ ਕੇਂਦਰ ਸਰਕਾਰ ਵਲੋਂ ਭੇਜੇ ਗਏ ਕਰੋੜਾਂ ਰੁਪਏ ਨੂੰ ਖੁਰਦ ਬੁਰਦ ਕਰਨ 'ਚ ਲੱਗੀ ਹੋਈ ਹੈ। ਇਸ ਮੌਕੇ ਉਹਨਾਂ ਦੇ ਨਾਲ ਐਸ। ਐਸ। ਚੰਨੀ, ਜੈਸਮੀਨ ਸੰਧੇਵਾਲਿਆ ਅਤੇ ਹਰਦੇਵ ਸਿੰਘ ਉਭਾ ਆਦਿ ਹਾਜਰ ਸਨ।



ਅਨਿਲ ਸਰੀਨ ਨੇ ਕਿਹਾ ਕਿ ਕੇਂਦਰ ਸਰਕਾਰ ਪ੍ਰਾਇਮਰੀ ਹੈਲਥ ਸੈਟਰਾ ਨੂੰ ਹੋਰ ਆਧੁਨਿਕ ਸਹੂਲਤਾ ਨਾਲ ਲੈਸ ਕਰਨ ਲਈ ਨੈਸਨਲ ਹੈਲਥ ਮਿਸ਼ਨ ਤਹਿਤ ਕੇਂਦਰੀ ਖਜਾਨੇ ਵਿੱਚੋਂ ਕਰੋੜਾਂ, ਅਰਬਾਂ ਦੇ ਫੰਡ ਦੇ ਰਹੀ ਹੈ। ਇਸੇ ਮਿਸ਼ਨ ਤਹਿਤ ਪੰਜਾਬ ਨੂੰ ਅਪ੍ਰੈਲ 2022 ਤੋਂ ਨਵੰਬਰ 2022 ਤੱਕ ਕੇਂਦਰ ਸਰਕਾਰ ਵੱਲੋਂ ਪੰਜਾਬ ਨੂੰ 342 ਕਰੋੜ ਤੋਂ ਵੱਧ ਰੁਪਏ ਦਿੱਤੇ ਜਾ ਚੁੱਕੇ ਹਨ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਦੇ ਇਸ ਪੈਸੇ ਨੂੰ ਪੰਜਾਬ ਸਰਕਾਰ ਆਮ ਆਦਮੀ ਕਲੀਨਿਕ ਦਾ ਨਾਮ ਤੇ ਖਰਚ ਕਰਕੇ ਪੰਜਾਬੀਆ ਨੂੰ ਮੂਰਖ ਬਣਾ ਰਹੀ ਹੈ। ਉਹਨਾਂ ਕਿਹਾ ਕਿ ਮੁੱਖ ਮੰਤਰੀ ਜੋ 400 ਨਵੇਂ ਮੁਹੱਲਾ ਕਲੀਨਿਕ ਖੋਲਣ ਦਾ ਜੋ ਦਾਅਵਾ ਕਰ ਰਹੇ ਹਨ ਕੋਈ ਇੱਕ ਵੀ ਅਜਿਹਾ ਆਮ ਆਦਮੀ ਕਲੀਨਿਕ ਦੱਸ ਦੇਣ ਜਿਸ ਤੇ ਪੰਜਾਬ ਸਰਕਾਰ ਨੇ ਆਪਣਾ ਪੈਸਾ ਖਰਚ ਕਰਕੇ ਨਵਾ ਬਣਾਇਆ ਹੋਵੇ। ਉਹਨਾਂ ਦੱਸਿਆ ਕਿ ਮਿਤੀ 18 ਨਵੰਬਰ 2022 ਨੂੰ ਪੰਜਾਬ ਦੇ ਸਿਹਤ ਵਿਭਾਗ ਨੇ ਸਾਰੇ ਜਿਲਿਆ ਦੇ ਡਿਪਟੀ ਕਮਿਸ਼ਨਰਾਂ ਤੇ ਸਿਵਲ ਸਰਜਨਾਂ ਨੂੰ 521 ਮੁਢਲੇ ਸਿਹਤ ਕੇਂਦਰਾਂ ਨੂੰ ਅੱਪਡੇਟ ਕਰਨ ਲਈ ਪੱਤਰ ਲਿਖਿਆ ਸੀ, ਫਿਰ ਇਹ ਨਵੇਂ 400 ਆਮ ਆਦਮੀ ਕਲੀਨਿਕ ਕਿਹੜੇ ਹਨ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਕੇਂਦਰ ਸਰਕਾਰ ਦੇ ਪੈਸੇ ਦੀ ਦੁਰਵਰਤੋਂ ਕਰਕੇ ਆਪਣੀ ਵਾਹ ਵਾਹ ਖੱਟ ਰਹੀ ਹੈ।ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੇ ਆਮ ਆਦਮੀ ਕਲੀਨਿਕਾਂ ਦੇ ਲਈ ਨਵੇਂ ਡਾਕਟਰਾਂ ਤੇ ਸਹਾਇਕ ਸਟਾਫ਼ ਦੀ ਕੋਈ ਭਰਤੀ ਵਗੈਰਾ ਵੀ ਨਹੀਂ ਕੀਤੀ ਹੈ। ਉਹਨਾਂ ਕਿਹਾ ਕਿ ਮੁਢਲੇ ਸਿਹਤ ਕੇਂਦਰ, ਤੇ ਸਰਕਾਰੀ ਹਸਪਤਾਲਾਂ ਦੇ ਡਾਕਟਰਾਂ ਤੇ ਸਟਾਫ਼ ਨੂੰ ਹੀ ਆਮ ਆਦਮੀ ਕਲੀਨਿਕ ਦੀਆਂ ਸੇਵਾਵਾਂ ਵਿੱਚ ਲੁਗਾਇਆ ਜਾ ਰਿਹਾ ਹੈ। ਜਿਸ ਕਰਕੇ ਕਮਾਉਨਿਟੀ ਹੈਲਥ ਸੈਟਰਾਂ ਤੇ ਓ ਪੀ ਡੀ ਤੇ ਐਮਰਜੈਸੀ ਸੇਵਾਵਾਂ ਪ੍ਰਭਾਵਿਤ ਹੋ ਰਹੀਆਂ ਹਨ। ਉਹਨਾਂ ਕਿਹਾ ਕਿ ਪੰਜਾਬ ਵਿੱਚ ਮੁਹੱਲਾ ਕਲੀਨਿਕ ਦੇ ਉਦਘਾਟਨ ਸਮਾਰੋਹਾ ਦਾ ਵੱਡੇ ਪੱਧਰ ਤੇ ਵਿਰੋਧ ਆਮ ਲੋਕਾਂ ਦੇ ਨਾਲ ਨਾਲ ਪੰਚਾਇਤਾਂ ਵੱਲੋਂ ਵੀ ਵਿਰੋਧ ਹੋ ਰਿਹਾ ਹੈ ਪਰ ਇਹ ਗੁੰਗੀ ਬਹਿਰੀ ਸਰਕਾਰ ਟੱਸ ਤੋਂ ਮੱਸ ਨਹੀਂ ਹੋ ਰਹੀ ਹੈ।

ਅਨਿਲ ਸਰੀਨ ਨੇ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਕੇਂਦਰ ਸਰਕਾਰ ਦੀਆਂ ਲੋਕਾਂ ਲਈ ਬੇਹੱਦ ਲਾਭਕਾਰੀ ਯੋਜਨਾਵਾਂ ਨੂੰ ਪੰਜਾਬ ਵਿੱਚ ਲਾਗੂ ਨਾ ਕਰਕੇ ਪੰਜਾਬ ਦੇ ਲੋਕਾਂ ਨਾਲ ਧੋਖਾ ਕਰ ਰਹੀ ਹੈ। ਉਹਨਾਂ ਕਿਹਾ ਕਿ ਇੱਕ ਪਾਸੇ ਤਾਂ ਪੰਜਾਬ ਸਰਕਾਰ ਵਧੀਆ ਸਿਹਤ ਸਹੂਲਤਾ ਦੇਣ ਦੇ ਵਾਅਦੇ ਕਰ ਰਹੀ ਹੈ ਦੂਸਰੇ ਪਾਸੇ ਆਯੁਸ਼ਮਾਨ ਭਾਰਤ ਜੈਸੀ ਕੇਂਦਰ ਸਰਕਾਰ ਦੀ ਯੋਜਨਾ ਜਿਸ ਵਿੱਚ ਪੰਜ ਲੱਖ ਤੱਕ ਦਾ ਮੁਫ਼ਤ ਇਲਾਜ ਹੈ ,ਜਿਸ ਦਾ ਪੰਜਾਬ ਦੇ ਲੱਗਭੱਗ 4511600 ਤੋਂ ਅਧਿਕ ਪਰਿਵਾਰਾਂ ਨੂੰ ਇਸ ਦਾ ਲਾਭ ਮਿਲਦਾ ਹੈ, ਨੂੰ ਲਾਗੂ ਕਰਨ ਦੇ ਲਈ ਕੋਈ ਉਚਿਤ ਕਦਮ ਨਹੀਂ ਉਠਾ ਰਹੀ ਹੈ, ਨਾ ਹੀ ਕਿਸੇ ਬੀਮਾ ਕੰਪਨੀ ਨਾਲ ਕੋਈ ਐਗਰੀਮੈਂਟ ਕਰ ਰਹੀ ਹੈ ਬਲਕਿ ਬਹੁਤ ਸਾਰੇ ਹਸਪਤਾਲਾਂ ਦਾ ਦੇਣ ਵਾਲਾ ਕਰੋੜਾਂ ਰੁਪਏ ਦਾ ਬਕਾਇਆ ਵੀ ਪੰਜਾਬ ਸਰਕਾਰ ਨਹੀਂ ਦੇ ਰਹੀ ਹੈ । ਉਹਨਾਂ ਕਿਹਾ ਕਿ ਜਦੋਂ ਤੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ ਆਪਣੀ ਵਾਹ ਵਾਹ ਖੱਟਣ ਲਈ ਕਰੋੜਾਂ ਰੁਪਏ ਦੇ ਫਾਲਤੂ ਇਸ਼ਤਿਹਾਰ ਦੇ ਕੇ ਪੰਜਾਬ ਦੇ ਖਜਾਨੇ ਨੂੰ ਲੁੱਟ ਰਹੀ ਹੈ। ਉਹਨਾਂ ਕਿਹਾ ਕਿ ਆਯੁਸ਼ਮਾਨ ਯੋਜਨਾ ਤਹਿਤ ਲੱਗਭੱਗ 1300 ਬਿਮਾਰੀਆਂ ਦਾ ਇਲਾਜ ਮੁਫ਼ਤ ਕੀਤਾ ਜਾਂਦਾ ਹੈ ।

ਉਹਨਾਂ ਕਿਹਾ ਕਿ ਅਗਰ ਕੇਂਦਰ ਸਰਕਾਰ ਦੀ ਇਹ ਸਕੀਮ ਸਚਾਰੂ ਢੰਗ ਨਾਲ ਪੰਜਾਬ ਵਿੱਚ ਲਾਗੂ ਹੋ ਜਾਵੇ ਤਾਂ ਪੰਜਾਬ ਦੇ ਲੋਕਾ ਨੂੰ ਬਹੁਤ ਫ਼ਾਇਦਾ ਹੋਵੇਗਾ ।ਉਹਨਾਂ ਦੋਸ਼ ਲਗਾਇਆ ਕਿ ਆਮ ਆਦਮੀ ਦੀ ਪੰਜਾਬ ਸਰਕਾਰ ਰਾਜਨੀਤੀ ਕਰਕੇ ਪੰਜਾਬੀਆਂ ਦੀ ਜਾਨ ਮਾਲ ਨਾਲ ਖਿਲਵਾੜ ਕਰ ਰਹੀ ਹੈ। ਉਹਨਾਂ ਕਿਹਾ ਕਿ ਨਾ ਜਾਣੇ ਕਿੰਨੇ ਲੋਕਾਂ ਕੇਂਦਰ ਸਰਕਾਰ ਦੀ ਆਯੁਸਮਾਨ ਦਾ ਫ਼ਾਇਦਾ ਨਾ ਮਿਲਣ ਕਾਰਨ ਆਪਣੀ ਜਾਣ ਗਵਾ ਚੁੱਕੇ ਹੋਣਗੇ ਜਾ ਉਹਨਾਂ ਨੂੰ ਇਲਾਜ ਕਰਵਾਉਣ ਲਈ ਭਾਰੀ ਰਕਮ ਚਕਾਉਣੀ ਪਈ ਹੋਵੇਗੀ।

ਉਹਨਾ ਕਿਹਾ ਕਿ ਪੰਜਾਬ ਭਾਜਪਾ ਭਗਵੰਤ ਸਿੰਘ ਮਾਨ ਸਰਕਾਰ ਦੀ ਝੂਠ ਤੇ ਧੋਖੇ ਦੀ ਰਾਜਨੀਤੀ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ ਅਤੇ ਮੰਗ ਕਰਦੀ ਹੈ ਕਿ ਪੰਜਾਬ ਸਰਕਾਰ ਪੰਜਾਬੀਆ ਦੀ ਜਾਨ-ਮਾਲ ਨਾਲ ਖਿਲਵਾੜ ਕਰਨਾ ਬੰਦ ਕਰੇ। ਉਹਨਾਂਕਿਹਾ ਕਿ ਪੰਜਾਬ ਦਾ ਬੱਚਾਂ ਬੱਚਾ ਭਗਵੰਤ ਸਿੰਘ ਮਾਨ ਸਰਕਾਰ ਤੋਂ ਦੁਖੀ ਹੈ ਅਤੇ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਹੋਸੀ ਰਾਜਨੀਤੀ ਨੂੰ ਸਮਝ ਚੁੱਕੇ ਹਨ ਅਤੇ ਹੁਣ ਉਹਨਾਂ ਦੇ ਝਾਂਸੇ ਵਿੱਚ ਆਉਣ ਵਾਲੇ ਨਹੀਂ ਹਨ।

# ਟਰਾਂਟੋ ਦੇ ਪੰਜਾਬ ਕੁਸ਼ਤੀ ਸੰਸਥਾ ਦੇ ਲਾਈਫ ਮੈਂਬਰ ਸੁਖਜਿੰਦਰ ਸਿੰਘ ਪੱਡਾ ਸਨਮਾਨਿਤ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਪੰਜਾਬ ਕੁਸ਼ਤੀ ਸੰਸਥਾ ਦੇ ਪ੍ਰਧਾਨ ਪਦਮਸ੍ਰੀ ਕਰਤਾਰ ਸਿੰਘ ਨੇ ਲਾਈਫ ਮੈਂਬਰ ਰਹੇ ਟਰਾਂਟੋ ਦੇ ਸੁਖਜਿੰਦਰ ਸਿੰਘ ਪੱਡਾ ਨੂੰ ਜਲੰਧਰ ਪਹੁੰਚਣ ਤੇ ਸਨਮਾਨਿਤ ਕੀਤਾ ਗਿਆ। ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਖਜਾਲਾ ਦੇ ਜੰਮਪਲ ਟਰਾਂਟੋ ਦੇ ਸ਼ਹਿਰ ਮਿਸੀਸਾਗਾ ਦੇ ਟਰਾਵਿੰਗ ਸਕੂਲ ਚਲਾਉਣ ਪਿੱਛੋਂ ਰੀਅਲ ਅਸਟੇਟ 'ਚ ਨਾਮਣਾ ਖੱਟ ਚੁੱਕੇ ਸੁਖਜਿੰਦਰ ਸਿੰਘ ਪੱਡਾ ਨੇ ਦੱਸਿਆ ਕਿ ਪੰਜਾਬ ਵਿਚ ਨਵੀਂ ਪਨੀਰੀ ਨੂੰ ਸਿੱਖਿਆ ਦੀ ਲੋੜ ਹੈ। ਉਹਨਾਂ ਪੰਜਾਬ ਕੁਸ਼ਤੀ ਸੰਸਥਾ ਦੇ ਪ੍ਰਧਾਨ ਕਰਤਾਰ ਸਿੰਘ ਨੂੰ ਵਿਸ਼ਵਾਸ ਦਿਵਾਇਆ ਕਿ ਪ੍ਰਵਾਸੀ ਚਾਹੁੰਦੇ ਹਨ ਕਿ ਪੰਜਾਬ ਦੀ ਪਹਿਲਵਾਨੀ ਸਿਖਰਾਂ ਤੇ ਆਉਣੀ ਚਾਹੀਦੀ ਹੈ।







Book Available

http://www.unistarbooks.com/home/5512-pagrhi-sambhal-lehar-to-samyukt-kisan-morcha.html

http://www.unistarbooks.com/home/5512-pagrhi-sambhal-lehar-to-samyukt-kisan-morcha.html







My Struggle in Life:

Das Pawar, Ishwar: 9781682131558: Amazon.com: Book

https://www.amazon.com/Struggle-Life-Ishwar-Das-Pawar/dp/1682131556

# ਮੁਹੱਬਤਾਂ ਦੀ ਬਾਤ ਪਾਉਂਦੀ ਇੱਕ ਰੁਮਾਂਟਿਕ ਅਤੇ ਭਾਵਨਾਤਮਿਕ ਫ਼ਿਲਮ 'ਕਲੀ ਜੋਟਾ'



ਪੰਜਾਬੀ ਗਾਇਕੀ ਤੋਂ ਫ਼ਿਲਮਾਂ ਵੱਲ ਆਏ ਸੂਫ਼ੀ ਗਾਇਕ ਸਤਿੰਦਰ ਸਰਤਾਜ ਹੁਣ ਆਪਣੀ ਆ ਰਹੀ ਪੰਜਾਬੀ ਫ਼ਿਲਮ 'ਕਲੀ ਜੋਟਾ' ਵਿੱਚ ਅਦਾਕਾਰਾ ਨੀਰੂ ਬਾਜਵਾ ਨਾਲ ਰੁਮਾਟਿਕ ਕਿਰਦਾਰਾਂ ਵਿੱਚ ਨਜ਼ਰ ਆਵੇਗਾ। ਫ਼ਿਲਮ ਦੇ ਗੀਤ ਪਹਿਲਾਂ ਹੀ ਦਰਸ਼ਕਾਂ ਦੀ ਪਸੰਦ ਬਣ ਚੁੱਕੇ ਹਨ ਤੇ ਫ਼ਿਲਮ ਦੇ ਟਰੇਲਰ ਨੂੰ ਵੀ ਦਰਸ਼ਕਾਂ ਦਾ ਭਰਵਾਂ ਪਿਆਰ ਮਿਲ ਰਿਹਾ ਹੈ। ਜ਼ਿਕਰਯੋਗ ਹੈ ਕਿ ਸਤਿੰਦਰ ਸਰਤਾਜ ਦੀ ਇਹ ਫ਼ਿਲਮ ਉਸਦੀਆਂ ਪਹਿਲੀਆਂ ਫ਼ਿਲਮਾਂ ਤੋਂ ਬਹੁਤ ਹਟਕੇ ਹੋਵੇਗੀ। ਹਰਿੰਦਰ ਕੌਰ ਦੀ ਲਿਖੀ ਕਹਾਣੀ ਅਧਾਰਤ ਇਹ ਫ਼ਿਲਮ ਸਮਾਜਿਕ ਮੁੱਦਿਆ ਅਧਾਰਤ ਹੈ ਜੋ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕਰੇਗੀ। ਇਸ ਫ਼ਿਲਮ ਵਿੱਚ ਨੀਰੂ ਬਾਜਵਾ ਨੇ ਰਾਬੀਆ ਨਾਂ ਦੀ ਕੁੜੀ ਦਾ ਕਿਰਦਾਰ ਨਿਭਾਇਆ ਹੈ ਜੋ ਸਮਾਜ ਵਿੱਚ ਆਪਣੀ ਮਰਜੀ ਨਾਲ ਜਿੰਦਗੀ ਜਿਊਣਾ ਚਾਹੁੰਦੀ ਹੈ। ਕਾਮੇਡੀ ਵਰਗੇ ਚਾਲੂ ਵਿਸ਼ਿਆਂ ਤੋਂ ਬਿਲਕੁੱਲ ਵੱਖਰੇ ਵਿਸ਼ੇ ਦੀ ਇਸ ਫ਼ਿਲਮ ਵਿੱਚ ਸਤਿੰਦਰ ਸਰਤਾਜ ਨੇ ਦੀਦਾਰ ਨਾਂ ਦੇ ਛੈਲ ਛਬੀਲੇ ਗੱਭਰੂ ਦਾ ਕਿਰਦਾਰ ਨਿਭਾਇਆ ਹੈ। ਦਰਸ਼ਕ ਦੀਦਾਰ ਤੇ ਰਾਬੀਆ ਦੀ ਜੋੜੀ ਨੂੰ ਪਸੰਦ ਕਰਨਗੇ। ਇਸ ਫ਼ਿਲਮ ਦੇ ਗੀਤ ਵੀ ਬਹੁਤ ਵਧੀਆ ਹਨ ਜਿੰਨਾਂ ਨੂੰ ਸਤਿੰਦਰ ਸਰਤਾਰ। ਸੁਨਿੱਧੀ ਚੌਹਾਨ ਤੇ ਰਜ਼ਾ ਹੀਰ ਨੇ ਗਾਇਆ ਹੈ। ਇੰਨ੍ਹਾ ਗੀਤਾਂ ਨੂੰ ਸਤਿੰਦਰ ਸਰਤਾਜ, ਹਰਿੰਦਰ ਕੌਰ ਤੇ ਅੰਬਰ ਨੇ ਲਿਖਿਆ ਹੈ। ਸੰਗੀਤ ਬੀਟ ਮਨਿਸਟਰ ਨੇ ਦਿੱਤਾ ਹੈ। ਵਿਜੇ ਕੁਮਾਰ ਅਰੋੜਾ ਦੇ ਨਿ-ਰਦੇਸ਼ਨ ਵਿੱਚ ਇਸ ਫ਼ਿਲਮ ਵਿੱਚ ਸਤਿੰਦਰ ਸਰਤਾਜ, ਨੀਰੂ ਬਾਜਵਾ, ਵਾਮਿਕਾ ਗੱਬੀ, ਪ੍ਰਿੰਸ਼ ਕੰਵਲਜੀਤ ਸਿੰਘ, ਪ੍ਰਭ ਗਰੇਵਾਲ, ਹਰਫ਼ ਚੀਮਾ, ਨਿਕਿਤਾ ਗਰੋਵਰ, ਸੁਖਵਿੰਦਰ ਚਾਹਲ, ਸੁੱਖੀ ਚਾਹਲ, ਪ੍ਰਕਾਸ਼ ਗਾਧੂ, ਸੀ ਜੇ ਸਿੰਘ ਤੇ ਸ਼ਮਿੰਦਰ ਵਿੱਕੀ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਹਰੇਕ ਕਲਾਕਾਰ ਨੇ ਆਪਣੇ ਕਿਰਦਾਰ ਨੂੰ ਪੂਰੀ ਰੂਹ ਨਾਲ ਨਿਭਾਇਆ ਹੈ। ਨਿਰਮਾਤਾ ਸੰਨੀ ਰਾਜ, ਅਰੁਣ ਅਰੋੜਾ, ਸਰਲਾ ਰਾਣੀ ਅਤੇ ਸੰਤੋਸ਼ ਸੁਭਾਸ ਥੀਟੇ ਦੀ ਯੂ ਐਂਡ ਆਈ ਫ਼ਿਲਮਜ਼ ਦੇ ਬੈਨਰ ਹੇਠ ਨੀਰੂ ਬਾਜਵਾ ਇੰਟਰਟੇਨਮੈਂਟ ਦੀ ਪੇਸ਼ਕਸ਼ ਇਹ ਫ਼ਿਲਮ 3 ਫਰਵਰੀ ਨੂੰ ਓਮ ਜੀ ਗਰੁੱਪ ਵਲੋਂ ਰਿਲੀਜ਼ ਕੀਤਾ ਜਾ ਰਿਹਾ ਹੈ। **- ਹਰਜਿੰਦਰ ਸਿੰਘ ਜਵੰਦਾ**

# ਪੰਜਾਬੀ ਲਿਖਾਰੀ ਸਭਾ ਕੁਰਾਲੀ ਦੀ ਮਾਸਿਕ ਬੈਠਕ ਵਿਚ ਸਾਹਿਤਕਾਰਾਂ ਨੇ ਸੂਹਣਾ ਰੰਗ ਬੰਨ੍ਹਿਆ

**ਚੰਡੀਗੜ੍ਹ (ਪ੍ਰੀਤਮ ਲੁਧਿਆਣਵੀ)-** ਪੰਜਾਬੀ ਲਿਖਾਰੀ ਸਭਾ ਕੁਰਾਲੀ ਦੀ ਮਾਸਿਕ ਬੈਠਕ ਸਭਾ ਦੇ ਪ੍ਰਧਾਨ ਹਰਦੀਪ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ। ਸਭਾ ਦਾ ਅਰੰਭ ਕੁਲਵਿੰਦਰ ਖੈਰਾਬਾਦੀ ਨੇ ਆਪਣੀ ਰਚਨਾ 'ਕੰਨਟੈਕਟ ਲਿਸਟ' ਨਾਲ ਕੀਤਾ। ਜਿਸ ਵਿਚ ਖੈਰਾਬਾਦੀ ਨੇ ਸੰਸਾਰ ਤੋਂ ਵਿਛੜੀਆਂ ਹਸਤੀਆਂ ਦੀਆਂ ਅਭੁੱਲ ਯਾਦਾਂ ਦੀ ਮਨੋਵਿਗਿਆਨਕ ਹਕੀਕਤ ਨੂੰ ਕਲਾਤਮਿਕ ਰੰਗ ਨਾਲ ਪੇਸ਼ ਕੀਤਾ। ਚਰਨਜੀਤ ਸਿੰਘ ਕਤਰਾ ਸਹੌੜਾਂ ਨੇ 'ਪਿਆਰ ਮੁਹੱਬਤ ਵਾਲੀ ਕਿਤਾਬ' ਕਵਿਤਾ ਰਾਹੀਂ ਸਨੇਹ ਦੇ ਮਹੱਤਵ ਨੂੰ ਉਜਾਗਰ ਕੀਤਾ। ਕੇਸਰ ਸਿੰਘ ਕੰਗ ਨੇ ਆਪਣੀ ਕਵਿਤਾ ਰਾਹੀਂ ਸ਼ੇਖ ਫਰੀਦ ਸਾਹਿਬ ਦੀ ਪੰਜਾਬੀ ਭਾਸ਼ਾ ਅਤੇ ਮਾਨਵਤਾ ਨੂੰ ਦੇਣ ਦਾ ਜਿਕਰ ਕਰਦਿਆਂ ਸਾਹਿਤਕਾਰਾਂ ਦੇ ਜੀਵਨ ਵਿੱਚ ਆ ਰਹੀਆਂ ਵਿਸੰਗਤੀਆਂ ਵੱਲੋਂ ਚਿੰਤਾ ਪ੍ਰਗਟਾਈ। ਬੀਬੀ ਅਮਰਜੀਤ ਕੌਰ ਮੋਰਿੰਡਾ ਨੇ ਗਜ਼ਲ 'ਲਬਾਂ 'ਤੇ ਰਹਿੰਦਾ ਉਸ ਦਾ ਨਾਮ' ਰਾਹੀਂ ਦਿਖਾਵੇ ਅਤੇ ਅਸਲੀਅਤ ਦਰਮਿਆਨ ਦੇ ਫਾਸਲੇ ਦਾ ਅਹਿਸਾਸ ਕਰਵਾਇਆ। ਲੈਕਚਰਾਰ ਭੁਪਿੰਦਰ ਸਿੰਘ ਭਾਗੋਮਾਜਰਾ ਨੇ ਆਪਣੀ ਕਵਿਤਾ ਬਾਪੂ ਰਾਹੀਂ ਲਾਡ-ਪਿਆਰ ਦੀ ਅਧਿੱਕਤਾ ਦੀ ਥਾਂ ਪਿਤਾ ਵਲੋਂ ਮਿਹਨਤ ਤੇ ਜ਼ਿੰਮੇਵਾਰੀ ਦੀ ਭਾਵਨਾ ਵਿਕਸਤ ਕਰਨ ਦਾ ਨਿੰਜੀ ਅਨੁਭਵ ਸਾਂਝਾ ਕੀਤਾ। ਐਸ ਡੀ ਓ ਕਾਮਰੇਡ ਗੁਰਨਾਮ ਸਿੰਘ ਖਾਨਪੁਰ ਨੇ ਡਾ ਦੀਵਾਨ ਸਿੰਘ ਕਾਲੇਪਾਣੀ ਦੇ ਜੀਵਨ ਦੇ ਵਿਭਿੰਨ ਪਹਿਲੂਆਂ 'ਤੇ ਰੌਸ਼ਨੀ ਪਾਈ।




ਸਭਾ ਦੇ ਮੀਡੀਆ ਸਕੱਤਰ ਭੁਪਿੰਦਰ ਸਿੰਘ ਭਾਗੋਮਾਜਰਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਪਰੰਤ ਐਸ ਡੀ ਓ ਗੁਰਨਾਮ ਸਿੰਘ ਬਿਜਲੀ ਮੋਰਿੰਡਾ ਨੇ ਬਾਬਾ ਰਾਮ ਸਿੰਘ ਨਾਮਧਾਰੀ ਦੇ ਜੀਵਨ ਅਤੇ ਅਜ਼ਾਦੀ ਦੀ ਲੜਾਈ ਵਿੱਚ ਉਹਨਾਂ ਦੇ ਯੋਗਦਾਨ ਨੂੰ ਯਾਦ ਕੀਤਾ। ਸਤਵਿੰਦਰ ਸਿੰਘ ਮੜੌਲਵੀ ਨੇ ਆਪਣੀ ਪੁਸਤਕ 'ਅਨੰਤ ਵਿਸਥਾਰ' ਬਾਰੇ ਜਾਣਕਾਰੀ ਸਾਂਝੀ ਕੀਤੀ। ਡਾ ਰਾਜਿੰਦਰ ਸਿੰਘ ਕੁਰਾਲੀ ਨੇ ਭਗਤ ਰਵਿਦਾਸ ਜੀ ਦੇ ਜੀਵਨ ਅਤੇ ਬਾਣੀ ਦੀ ਵਰਤਮਾਨ ਵਿੱਚ ਪ੍ਰਸੰਗਿਕਤਾ 'ਤੇ ਵਿਚਾਰ ਰੱਖੇ। ਸਭਾ ਦੇ ਪ੍ਰਧਾਨ ਹਰਦੀਪ ਸਿੰਘ ਗਿੱਲ ਨੇ ਸਿਆਸਤ ਦੇ ਨਿਘਾਰ 'ਤੇ ਚਿੰਤਾ ਪ੍ਰਗਟਾਈ ਅਤੇ ਅਪਣੀ ਕਵਿਤਾ ਸੁਣਾਈ। ਗਿੱਲ ਸਾਹਿਬ ਨੇ ਜਿਲ੍ਹਾ ਲਿਖਾਰੀ ਸਭਾ ਰੂਪਨਗਰ ਵਲੋਂ 5 ਮਾਰਚ ਨੂੰ ਮਹਾਰਾਜਾ ਰਣਜੀਤ ਸਿੰਘ ਸੰਬੰਧੀ ਕਰਵਾਏ ਜਾ ਰਹੇ ਕਵੀ ਦਰਬਾਰ ਬਾਰੇ ਵਿਚਾਰ ਵਟਾਂਦਰਾ ਕੀਤਾ ਤੇ ਆਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ। ਮੰਚ ਦਾ ਸੰਚਾਲਨ ਸਭਾ ਦੇ ਜਨਰਲ ਸਕੱਤਰ ਡਾ ਰਾਜਿੰਦਰ ਸਿੰਘ ਕੁਰਾਲੀ ਨੇ ਬਾ-ਖ਼ੂਬੀ ਨਿਭਾਇਆ।

# ਟਿੱਕੀਆਂ ਵੇਚਣ ਵਾਲੀ ਮਨਜੀਤ ਕੌਰ ਪੰਜਾਬ ਦੇ ਬੇਰੁਜ਼ਗਾਰਾਂ ਲਈ ਰੋਲ ਮਾਡਲ

ਮੋਗਾ ਸ਼ਹਿਰ ਦੀ ਗਲੀ ਹੀ ਮਨਜੀਤ ਕੌਰ ਟਿੱਕੀਆਂ ਵਾਲੀ ਦੇ ਨਾਮ ਨਾਲ ਜਾਣੀ ਜਾਂਦੀ ਹੈ। ਮਨਜੀਤ ਕੌਰ ਆਪਣੇ ਪਿਤਾ ਦੀ ਦੁਕਾਨ 'ਤੇ ਹੱਥ ਵਟਾਉਂਦੀ ਹੈ। ਮਨਜੀਤ ਮਹਿਜ਼ 10-12 ਸਾਲ ਦੀ ਸੀ ਜਦੋਂ ਇੱਕ ਹਾਦਸੇ ਕਾਰਨ ਉਨ੍ਹਾਂ ਦੇ ਪਿਤਾ ਕੰਮ ਕਰਨ ਤੋ ਅਸਮਰਥ ਹੋ ਗਏ ਸਨ। ਅਜਿਹੇ ਵਿੱਚ ਪਰਿਵਾਰ ਲਈ ਕਮਾਈ ਕਰਨ ਦੀ ਜ਼ਿੰਮੇਵਾਰੀ ਛੇਵੀਂ ਵਿੱਚ ਪੜ੍ਹਦੀ ਮਨਜੀਤ ਅਤੇ ਉਸਦੇ ਭਰਾ ਸਿਰ ਆ ਪਈ। ਇਨ੍ਹਾਂ ਹਾਲਾਤਾਂ ਦਾ ਸਾਹਮਣਾ ਮਨਜੀਤ ਨੇ ਦਲੇਰੀ ਨਾਲ ਤਾਂ ਕੀਤਾ ਪਰ ਅਜਿਹੇ ਵਿੱਚ ਉਨ੍ਹਾਂ ਦੀ ਪੜ੍ਹਾਈ ਅੱਧ ਵਿਚਾਲੇ ਹੀ ਛੁੱਟ ਗਈ ਅਤੇ ਮਨਜੀਤ ਆਪਣੇ ਭਰਾ ਨਾਲ ਪਿਤਾ ਦੀ ਟਿੱਕੀਆਂ ਵਾਲੀ ਰੇਹੜੀ ਸੰਭਾਲਣ ਲੱਗ ਗਈ। ਚਹਿਲ-ਪਹਿਲ ਵਾਲੇ ਬਜ਼ਾਰ ਵਿੱਚ ਦੁਕਾਨ ਸੰਭਾਲਦੀ ਮਨਜੀਤ ਸਿਰ ਉੱਤੇ ਮੁੰਡਿਆਂ ਵਾਂਗ ਜੂੜਾ ਕਰਕੇ ਰੁਮਾਲ ਬੰਨ੍ਹਦੀ ਹੈ।ਉਹ ਕਹਿੰਦੀ ਹੈ, "ਮੈਂ ਛੋਟੀ ਸੀ ਜਦੋਂ ਜੂੜਾ ਕਰਕੇ ਇੱਕ ਦਿਨ ਦੁਕਾਨ 'ਤੇ ਗਈ, ਫਿਰ ਆਦਤ ਪੈ ਗਈ, ਹੁਣ ਮੈਨੂੰ ਐਵੇਂ ਹੀ ਚੰਗਾ ਲਗਦਾ ਹੈ। ਪੰਜਾਬ ਦੇ ਇੱਕ ਛੋਟੇ ਜਿਹੇ ਸ਼ਹਿਰ ਮੋਗਾ ਦੇ ਬਜ਼ਾਰ ਵਿੱਚ ਟਿੱਕੀਆਂ ਤੇ ਖਾਣ ਵਾਲੇ ਹੋਰ ਸਮਾਨ ਦੀ ਦੁਕਾਨ ਚਲਾਉਂਦੀ ਮਨਜੀਤ ਕੌਰ ਨੇ ਕਿਹਾ, "ਉਸ ਵੇਲੇ ਸੋਚਿਆ ਨਹੀਂ ਹੋਣਾ ਕਿ ਮਨਜੀਤ ਦੀਆਂ ਟਿੱਕੀਆਂ ਪੂਰੇ ਸ਼ਹਿਰ ਤੇ ਸ਼ਹਿਰ ਤੋਂ ਬਾਹਰ ਤੱਕ ਮਸ਼ਹੂਰ ਹੋ ਜਾਣਗੀਆਂ।"





ਮਨਜੀਤ ਦੇ ਪਿਤਾ ਉਸ ਦੇ ਹੌਂਸਲੇ ਦੀ ਗੱਲ ਕਰਦਿਆਂ ਭਾਵੁਕ ਹੋ ਜਾਂਦੇ ਹਨ। ਉਹ ਆਖਦੇ ਹਨ, "ਮੁੰਡੇ ਕਿੱਥੋਂ ਕੁੜੀਆਂ ਦੀ ਰੀਸ ਕਰ ਲੈਣਗੇ ਜੀ।" ਉਨ੍ਹਾਂ ਨੇ ਅੱਖਾਂ ਪੂੰਝਦਿਆਂ ਦੱਸਿਆ ਕਿ ਮਨਜੀਤ ਉਦੋਂ ਬਾਰ੍ਹਾਂ ਸਾਲ ਦੀ ਸੀ, ਜਦੋਂ ਤੋਂ ਆਪਣੇ ਭਰਾ ਨਾਲ ਕੰਮ ਸੰਭਾਲਣ ਲੱਗ ਗਈ ਸੀ। ਮਨਜੀਤ ਉਦੋਂ ਛੇਵੀਂ ਜਮਾਤ ਵਿੱਚ ਪੜ੍ਹਦੀ ਸੀ। ਉਨ੍ਹਾਂ ਦੇ ਪਿਤਾ ਇੱਕ ਹਾਦਸੇ ਬਾਅਦ ਕੰਮ ਕਰਨੋਂ ਅਸਮਰਥ ਸੀ। ਇਸੇ ਮਜਬੂਰੀ ਨੇ ਮਨਜੀਤ ਨੂੰ ਨਿੱਕੀ ਉਮਰੇ ਜ਼ਿੰਮੇਵਾਰੀ ਵਿੱਚ ਪਾ ਦਿੱਤਾ। ਪਰ ਮਨਜੀਤ ਆਪਣਾ ਕਾਰੋਬਾਰ ਬਹੁਤ ਖ਼ੁਸ਼ੀ ਨਾਲ ਸੰਭਾਲਦੀ ਹੈ।ਉਹ ਦੱਸਦੀ ਹੈ, "ਘਰ ਵਿੱਚ ਕੋਈ ਕਮਾਉਣ ਵਾਲਾ ਨਹੀਂ ਸੀ, ਇਸ ਲਈ ਮੈਂ ਅਤੇ ਮੇਰਾ ਭਰਾ ਦੁਕਾਨ ਸੰਭਾਲਣ ਲੱਗ ਗਏ। ਪਹਿਲਾਂ ਰੇਹੜੀ ਹੁੰਦੀ ਸੀ, ਹੁਣ ਦੁਕਾਨ ਹੈ।"

ਮਨਜੀਤ ਦੱਸਦੀ ਹੈ ਕਿ ਉਹ ਸੱਤ ਵਜੇ ਉੱਠਦੀ ਹੈ, ਫਿਰ ਦੁਕਾਨ 'ਤੇ ਵੇਚੇ ਜਾਣ ਵਾਲੇ ਸਮਾਨ ਦੀ ਆਪਣੇ ਪਰਿਵਾਰ ਨਾਲ ਤਿਆਰੀ ਕਰਵਾਉਂਦੀ ਹੈ ਅਤੇ ਸਵੇਰੇ 10 ਵਜੇ ਦੁਕਾਨ 'ਤੇ ਪਹੁੰਚ ਜਾਂਦੀ ਹੈ। ਰਾਤ 10 ਵਜੇ ਘਰ ਪਰਤਦੀ ਹੈ। ਮਨਜੀਤ ਨੇ ਦੱਸਿਆ ਕਿ ਉਸ ਦੀਆਂ ਚਾਰ ਭੈਣਾਂ ਹਨ ਜਿਨ੍ਹਾਂ ਦੇ ਵਿਆਹ ਹੋ ਚੁੱਕੇ ਹਨ। ਮਨਜੀਤ ਅਤੇ ਉਸ ਦੇ ਪਿਤਾ ਦਾ ਕਹਿਣਾ ਹੈ ਕਿ ਮਨਜੀਤ ਲਈ ਅਜਿਹਾ ਜੀਵਨ ਸਾਥੀ ਹੀ ਤਲਾਸ਼ ਰਹੇ ਹਨ, ਜੋ ਉਸ ਨੂੰ ਦੁਕਾਨ ਸੰਭਾਲਦੇ ਰਹਿਣ ਵਿੱਚ ਸਹਿਯੋਗ ਕਰੇ।

ਮਨਜੀਤ ਦੂਜੇ ਨੌਜਵਾਨਾਂ ਨੂੰ ਸੁਨੇਹਾ ਦਿੰਦਿਆਂ ਕਹਿੰਦੀ ਹੈ, "ਸਾਨੂੰ ਵਿਦੇਸ਼ਾਂ ਵੱਲ ਭੱਜਣ ਜਾਂ ਸਰਕਾਰੀ ਨੌਕਰੀਆਂ ਦੀ ਝਾਕ ਰੱਖਣ ਦੀ ਲੋੜ ਨਹੀਂ, ਜੇ ਮਿਹਨਤ ਕਰੀਏ ਤਾਂ ਇੱਥੇ ਹੀ ਬਹੁਤ ਕੁਝ ਹੈ।"

## ਮਿੰਨੀ ਕਹਾਣੀ

# ਟੁੱਟੀ ਜੁੱਤੀ

ਵਿਆਹ ਸ਼ਬਦ ਆਪਣੇ ਨਾਲ ਨਵੀਆਂ ਖੁਸ਼ੀਆਂ ਤੇ ਉਮੰਗਾਂ ਲੈ ਕੇ ਆਉਂਦਾ ਹੈ। ਵਿਆਹ ਵਿੱਚ ਜਾਣ ਦੀ ਸਭ ਨੂੰ ਬੇ - ਸਬਰੀ ਨਾਲ ਉਡੀਕ ਰਹਿਦੀ ਹੈ । ਕਿ ਫਲਾਨੇ ਦਿਨ ਵਿਆਹ ਤੇ ਜਾਣਾ ਹੈ। ਥੋੜੇ ਦਿਨ ਪਹਿਲਾਂ ਮੈਨੂੰ ਵੀ ਸ਼ਰੀਕੇ ਭਾਈਚਾਰੇ ਵਿੱਚੋਂ ਵਿਆਹ ਦਾ ਕਾਰਡ ਮਿਲਿਆ। ਨਵੇਂ ਪੈਂਟ ਕਮੀਜ਼, ਕੋਟ ਖਰੀਦਿਆ। ਤੇ ਵਿਆਹ ਵਾਲੇ ਦਿਨ ਲਿਸ਼ਕ ਪੁਸ਼ਕ ਕੇ ਪੈਲੇਸ ਜਾ ਪਹੁੰਚਿਆ । ਮੈਂ ਵਾਰ ਵਾਰ ਆਪਣੇ ਕੱਪੜਿਆਂ ਨੂੰ ਵੇਖਦਾ ਰਿਹਾ । ਕੋਟ ਸ਼ਾਇਦ ਮੈਂ ਜ਼ਿੰਦਗੀ ਵਿਚ ਪਹਿਲੀ ਵਾਰ ਪਾਇਆ ਸੀ। ਬਰਾਤ ਆਈ ਤੇ ਚਾਹ ਪਾਣੀ ਪੀ ਕੇ ਪੈਲੇਸ ਅੰਦਰ ਡੀ ਦੇ ਦਾ ਆਨੰਦ ਮਾਣ ਰਿਹਾ ਸੀ। ਕਿ ਅਚਾਨਕ ਮੇਰੀ ਨਿਗਾਹ ਪੈਰਾਂ ਵੱਲ ਗਈ । ਤੇ ਸਭ ਕੁਝ ਦੇਖ ਕੇ ਸੁੰਨ ਜਿਹਾ ਹੀ ਹੋ ਗਿਆ। ਤੇ ਸੋਚਣ ਲੱਗ ਪਿਆ ਕਿ ਹੁਣ ਕਿਵੇਂ ਹੋਵੇਗੀ।

ਮੈਂ ਘੁੰਮਣ ਫਿਰਨ ਦੀ ਬਜਾਏ ਇੱਕ ਜਗ੍ਹਾ ਹੀ ਬੈਠਾ ਰਿਹਾ। ਤੇ ਆਪਣੇ ਆਪ ਨੂੰ ਕੋਸਦਾ ਰਿਹਾ। ਵਿਆਹ ਦੀਆਂ ਰਸਮਾਂ ਤੋਂ ਬਾਅਦ ਸ਼ਾਮ ਨੂੰ ਘਰ ਪਹੁੰਚ ਗਿਆ। ਤੇ ਜਿਵੇਂ ਹੀ ਆ ਕੇ ਕੱਪੜੇ ਬਦਲੇ ਮੈਂ ਹੱਕਾ ਬੱਕਾ ਰਹਿ ਗਿਆ ਕਿ ਮੈਂ ਸਮਝਦਾ ਸੀ ਕਿ ਜੁੱਤੀ ਟੁੱਟੀ ਹੈ । ਪਰ ਜੁੱਤੀ ਥੱਲੇ ਤਾਂ ਸੋਲ ਹੀ ਨਹੀਂ ਸੀ । ਤੇ ਜਦੋਂ ਆਪਣੇ ਬੱਚਿਆਂ ਨੂੰ ਦੱਸਿਆ ਉਹ ਖਿੜ ਖਿੜਾ ਕੇ ਹੱਸਣ ਲੱਗ ਪਏ ।



**ਸੱਤੀ ਉਟਾਲਾਂ ਵਾਲਾ**

91-90564-36733

# ਮਾਹਿਲਪੁਰ ਦੇ ਮਾਨ, ਬੰਬੇਲੀ ਅਤੇ ਕਲੋਆ ਦੀਆਂ ਪੁਸਤਕਾਂ ਲਾਇਬ੍ਰੇਰੀਆਂ ਲਈ ਪ੍ਰਵਾਨ

**ਮਾਹਿਲਪੁਰ-** ਮਾਹਿਲਪੁਰ ਦੇ ਉਘੇ ਬਾਲ ਸਾਹਿਤ ਲੇਖਕ ਅਤੇ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਦੀਆਂ ਪੁਸਤਕਾਂ ਪੰਜਾਬ ਸਕੂਲ ਸਿੱਖਿਆ ਵਿਭਾਗ ਦੀਆਂ ਲਾਇਬ੍ਰੇਰੀਆਂ ਵਾਸਤੇ ਪ੍ਰਵਾਨ ਕੀਤੀਆਂ ਗਈਆਂ ਹਨ। ਬਲਜਿੰਦਰ ਮਾਨ ਦੀ ਮੇਰਾ ਬਾਲ ਸੰਸਾਰ,ਧਰਤੀ ਦਾ ਸ਼ਿੰਗਾਰ, ਚੰਨ ਤਕ ਉਡਾਰੀ,ਰੱਜ ਰੱਜ ਮਿਲਦਾ ਪਿਆਰ ਬੇਲੀਓ ਪੁਸਤਕਾਂ ਜੋ ਕਾਵਿ ਅਤੇ ਕਹਾਣੀ ਸੰਗ੍ਰਹਿ ਹਨ; ਪ੍ਰਾਇਮਰੀ ਅਤੇ ਮਿਡਲ ਸਕੂਲਾਂ ਵਾਸਤੇ ਪਰਵਾਨ ਕੀਤੇ ਗਏ ਹਨ । ਉੱਘੇ ਚਿੰਤਕ ਵਿਜੇ ਬੰਬੇਲੀ ਦੀਆਂ ਪੁਸਤਕਾਂ ਬੀਤੇ ਨੂੰ ਫਰੋਲਦੀਆਂ,ਆਪਣੀ ਮੌਤ ਨੂੰ ਵਾਜਾਂ ਮਾਰ ਰਿਹਾ ਮਨੁੱਖ, ਬੱਬਰ ਅਕਾਲੀ ਲਹਿਰ ਨੂੰ ਫਰੋਲਦਿਆਂ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੋਈਆਂ ਹਨ। ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਰਾਮਪੁਰ ਝੰਜੋਵਾਲ ਦੇ ਸਾਇੰਸ ਮਾਸਟਰ ਅਤੇ ਸਾਹਿਤਕਾਰ ਰਘਬੀਰ ਸਿੰਘ ਕਲੋਆ ਦੀ ਕਹਾਣੀਆਂ ਦੀ ਪੁਸਤਕ ਅਨੋਖਾ ਸਨਮਾਨ ਮਿਡਲ ਅਤੇ ਸੈਕੰਡਰੀ ਵਾਸਤੇ ਪ੍ਰਵਾਨ ਕੀਤੀ ਗਈ ਹੈ । ਯਾਦ ਰਹੇ ਬਲਜਿੰਦਰ ਮਾਨ ਨੇ ਲੱਗ ਭੱਗ ਤੀਹ ਸਾਲ ਦੀਆਂ ਸ਼ਾਨਦਾਰ ਸੇਵਾਵਾਂ ਸਿੱਖਿਆ ਭਾਗ ਵਿੱਚ ਨਿਭਾਈਆਂ ਹਨ । ਰਘਬੀਰ ਸਿੰਘ ਕਲੋਆ ਵੀ ਨਿਰੰਤਰ ਸਿਰਜਣਾ ਵਿਚ ਜੁਟੇ ਹੋਏ ਹਨ। ਇਨ੍ਹਾਂ ਅਧਿਆਪਕਾਂ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਸਾਬਕਾ ਜ਼ਿਲਾ ਸਿੱਖਿਆ ਅਫ਼ਸਰ ਪਿਆਰਾ ਸਿੰਘ, ਬੱਗਾ ਸਿੰਘ ਆਰਟਿਸਟ, ਪ੍ਰੋਫੈਸਰ ਬਲਦੇਵ ਸਿੰਘ ਬੱਲੀ, ਡਾਕਟਰ ਮਨਮੋਹਨ ਸਿੰਘ ਤੀਰ, ਪ੍ਰਿੰਸੀਪਲ ਮਲਕੀਤ ਕੌਰ, ਪ੍ਰਿੰਸੀਪਲ ਸੀਮਾ ਰਾਣੀ, ਪ੍ਰਿੰਸੀਪਲ ਧਰਮਿੰਦਰ ਸ਼ਰਮਾ, ਡਾਕਟਰ ਬਲਬੀਰ ਕੌਰ ਰੀਹਲ ਨੇ ਕਿਹਾ ਕਿ ਇਨ੍ਹਾਂ ਅਧਿਆਪਕਾਂ ਨੇ ਸਿੱਖਿਆ ਅਤੇ ਸਾਹਿਤ ਦੇ ਖੇਤਰ ਵਿੱਚ ਸੰਦਲੀ ਪੈੜਾਂ ਪਾਈਆਂ ਹਨ। ਇਹ ਪੁਸਤਕਾਂ ਐਸ ਸੀ ਈ ਆਰ ਟੀ ਮੁਹਾਲੀ ਵੱਲੋਂ ਮਾਹਿਰਾਂ ਦੀ ਨਿਯੁਕਤੀ ਕੀਤੀ ਚੋਣ ਕਮੇਟੀ ਵੱਲੋਂ ਸਿਫਾਰਸ਼ ਕੀਤੀਆਂ ਗਈਆਂ ਹਨ। ਇਸ ਸ਼ਾਨਦਾਰ ਪ੍ਰਾਪਤੀ ਵਾਸਤੇ ਉਨ੍ਹਾਂ ਨੂੰ ਮੁਬਾਰਕ ਦੇਣ ਵਾਲਿਆਂ ਵਿਚ ਸੁਖਮਨ ਸਿੰਘ, ਪੰਮੀ ਖੁਸ਼ਹਲਪੁਰੀ,ਚੈਂਚਲ ਸਿੰਘ ਬੈਂਸ, ਹਰਭਜਨ ਸਿੰਘ ਕਾਹਲੋਂ, ਪ੍ਰਿੰਸੀਪਲ ਮਨਜੀਤ ਕੌਰ, ਕੁਲਵੰਤ ਸਿੰਘ ਸੰਘਾ, ਅਵਤਾਰ ਲੰਗੇਰੀ ਅਤੇ ਬੀਬੀ ਗੁਰਮੀਤ ਕੌਰ ਬੈਂਸ ਸਾਬਕਾ ਪ੍ਰਧਾਨ ਨਗਰ ਕੌਂਸਲ ਸ਼ਾਮਲ ਹਨ।







# ਐਸਰੋ ਕੈਨੇਡਾ ਵਲੋਂ ਜਨਵਰੀ ਮਹੀਨੇ ਦੀ ਮਹੱਤਤਾ ਸਬੰਧੀ ਪ੍ਰੋਗਰਾਮ ਕਰਕੇ ਨਵੀਂ ਪਿਰਤ ਪਾਈ

**ਵੈਨਕੂਵਰ, ਸਰ੍ਹੀ–** ਦਿਨ ਐਤਵਾਰ ਨੂੰ ਅੰਬੇਡਕਰ ਇੰਟਰਨੈਸ਼ਨਲ ਸ਼ੋਸ਼ਲ ਰੀਫੋਰਮ ਆਰਗਾਨਾਈਜੇਸ਼ਨ (ਐਸਰੋ) ਕੈਨੇਡਾ ਵਲੋਂ ਸਰ੍ਹੀਂ ਸੈਂਟਰਲ ਲਾਇਬ੍ਰੇਰੀ ਵਿੱਚ ਬਾਬਾ ਸਹਿਬ ਅੰਬੈਡਕਰ ਜੀ ਦੇ ਰੂਮ ਨੰਬਰ 418 ਵਿੱਚ ਜਨਵਰੀ ਮਹੀਨੇ ਦੀ ਮਹੱਤਤਾ ਸਬੰਧੀ ਪ੍ਰੋਗਰਾਮ ਉਲੀਕ ਕੇ ਇੱਕ ਨਵੀਂ ਪਿਰਤ ਪਾਈ। ਨਵੇਂ ਸਾਲ ਦੀ ਆਮਦ ਬਹੁਜਨ ਸਮਾਜ ਲਈ ਬਹੁਤ ਹੀ ਉਤਸਾਹਿਤ ਕਰਦੀ ਹੈ ਤਾਂ ਜੋ ਜਨਵਰੀ ਦਾ ਮਹੀਨਾ ਭਾਰਤੀ ਬਹੁਜਨ ਸਮਾਜ ਦੇ ਮਹਾਪੁਰਖਾਂ ਦੀ ਸੂਰਬੀਰਤਾਂ ਨਾਲ ਭਰਿਆ ਪਿਆ ਹੈ ਜਿਸ ਵਾਰੇ ਬਹੁਤ ਸਾਰੇ ਲੋਕ ਜਾਣਕਾਰੀ ਨਹੀ ਰੱਖਦੇ। ਪਹਿਲੀ ਜਨਵਰੀ ਉ ਭੀਮਾ ਕੋਰੇਗਾਓ ਉ ਬਹੁਜਨ ਸਮਾਜ ਦੀ ਸੂਰਬੀਰਤਾ ਨੂੰ ਦਰਸ਼ਾਂਉਦਾ ਹੈ , 3 ਜਨਵਰੀ , ਭਾਰਤ ਦੀ ਪਹਿਲੀ ਮਹਿਲਾ ਅਧਿਆਪਕ ਰਾਸ਼ਟਰ ਮਾਤਾ ਸਵਿਤਰੀਬਾਈ ਫੂਲੇ ਜੀ ਦਾ ਜਨਮ ਦਿਹਾੜਾ, 5 ਜਨਵਰੀ ਨੂੰ ਭਧੰਤ ਅਨੰਦ ਕੌਸਲਿਆਨ ਜੀ ਦਾ ਜਨਮ ਦਿਹਾੜਾ, ਜਿਨਾਂ ਨੇ ਬਾਬਾ ਸਾਹਿਬ ਡਾ. ਭੀਮ ਰਾਉ ਅੰਬੈਡਕਰ ਜੀ ਦੀ ਉ ਬੁੱਧ ਅਤੇ ਉਨਾਂ ਦਾ ਧੰਮਾ ਉ ਗ੍ਰੰਥ ਦਾ ਹਿੰਦੀ ਵਿੱਚ ਅਨੁਵਾਦ ਕੀਤਾ ਸੀ, 8 ਜਨਵਰੀ ਨੂੰ ਬੋਧੀਆ ਦੇ ਧਮ ਦੇ ਝੰਡੇ ਨੂੰ ਲਾਗੂ ਕੀਤਾ , 9 ਜਨਵਰੀ ਨੂੰ ਪਹਿਲੀ ਮੁਸਲਿਮ ਮਹਿਲਾ ਉ ਬੇਗਮ ਫਾਤਿਮਾ ਸ਼ੇਖ ਜੀ ਦਾ ਜਨਮ ਦਿਹਾੜਾ, 14 ਜਨਵਰੀ ਆਦਿ- ਧਰਮੀ ਬਾਨੀ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦਾ ਜਨਮ ਦਿਹਾੜਾ , 15 ਜਨਵਰੀ ਉਤਰ ਪ੍ਰਦੇਸ ਦੀ ਚਾਰ ਬਾਰ ਮੂਖ ਮੰਤਰੀ ਰਹਿ ਚੁਕੀ ਭੈਣ ਮਾਇਅਵਤੀ ਜੀ ਦਾ ਜਨਮ ਦਿਹਾੜਾ, 17 ਜਨਵਰੀ ਪੀ.ਐਚ.ਡੀ ਦਾ ਸਟੂਡੈਂਟ ਰੋਹਿਤ ਵੇਮੂਲਾ ਜੀ ਦੀ ਸ਼ਹਾਦਤ ,26 ਜਨਵਰੀ ਨੂੰ ਭਾਰਤੀ ਸੰਵਿਧਾਨ ਨੂੰ ਲਾਗੂ ਕਰਨ ਵਾਲਾ ਗਣਤੰਤਰ ਦਿਵਸ, ਇਨਾਂ ਸਾਰੇ ਦਿਨਾਂ ਦੀ ਮਹਾਨਤਾ ਨੂੰ ਸਮਰਪਿਤ ਪ੍ਰੋਗਰਾਮ ਕੀਤਾ ਗਿਆ।

ਇਸ ਮੌਕੇ ਤੇ ਭਾਰਤ ਦੇ ਅਜ਼ਾਦੀ ਸਮਰੋਹ ਉਪਰ ਭਾਰਤੀ ਰਾਸ਼ਟਰੀ ਗੀਤ ਦਾ ਉਚਾਰਣ ਕੀਤਾ ਗਿਆ ਅਤੇ ਐਸਰੋ ਕੇਨੈਡਾ ਦੇ ਪ੍ਰਧਾਨ ਰਸ਼ਪਾਲ ਸਿੰਘ ਭਾਰਦਵਾਜ਼ ਵਲੋਂ ਭਾਰਤੀ ਕਾਨੂੰਨ ਦਿਵਸ ਤੇ ਬਹੁਜਨ ਸਮਾਜ ਦੀ ਵਿਸ਼ੇਸ਼ਤਾ ਬਾਰੇ ਭਰਭੂਰ ਜਾਣਕਾਰੀ ਦਿੱਤੀ ਕਿਉਂਕਿ ਇਸ ਦਿਨ ਤੋਂ ਮੰਨੁਵਾਦ ਦੇ ਕਾਨੂੰਨ ਤੋਂ ਅਜ਼ਾਦੀ ਮਿਲੀ ਸੀ। ਸਰਕਾਰਾਂ ਭਾਵੇਂ ਅੱਜ ਦੀ ਤਰੀਕ ਵਿੱਚ ਕਾਨੂੰਨ ਨਾਲ ਖਿਲਵਾੜ ਕਰਦੀਆਂ ਹਨ ਪਰ ਫਿਰ ਵੀ ਬਹੁਤ ਸਾਰੇ ਭਾਰਤੀ ਰਾਜਨੀਤਕ ਲੋਕ ਕਾਨੂੰਨ ਦੀ ਪਹੁੰਚ ਤੋਂ ਬੱਚ ਨਹੀ ਸਕੇ।ਭਾਰਤੀ ਸੰਵਿਧਾਨ ਹਰ ਭਾਰਤੀ ਦੀ ਰੀੜ ਦੀ ਹੱਡੀ ਹੈ ਅਤੇ ਹਰ ਨਾਗਰਿੱਕ ਨੂੰ ਸੁਰਖਿਆ ਪ੍ਰਧਾਨ ਕਰਦਾ ਹੈ।

ਭਾਰਦਵਾਜ ਜੀ ਨੇ ਅਗੇ ਦੱਸਿਆ ਕਿ ਬਾਬਾ ਸਾਹਿਬ ਭੀਮ ਰਾਉ ਅੰਬੈਡਕਰ ਜੀ ਨੇ ਪੂਰੇ ਬਹੁਜਨ ਸਮਾਜ ਨੂੰ ਜਾਗਰਿਤ ਕੀਤਾ ਕਿ ਸਾਡੇ ਸਮਾਜ ਦਾ ਇਤਿਹਾਸ ਬਹੁਤ ਹੀ ਸੂਰਬੀਰਤਾ ਨਾਲ ਭਰਿਆ ਹੈ ਨਾ ਕਿ ਜੋ ਮੰਨੂਵਾਦੀ ਲੋਕ ਸਾਨੂੰ ਨੀਵਾ ਦੱਸਦੇ ਹਨ, ਜਦ ਕਿ ਸਾਡੀ ਆਪਣੀ ਪਹਿਚਾਣ ਦਾ ਵਾਜੂਦ ਬਹੁਤ ਵੱਡਾ ਹੈ । ਪੈਸ਼ਵਾ ਰਾਉ ਬਾਜੀ -2 ਆਪਣੀ ਹਾਰ ਨੂੰ ਨਕਾਰਦੇ ਹੋਏ ਮਹਾਰ ਜਾਤੀ ਨੂੰ ਦੋਸ਼ੀ ਠਹਿਰਾਉਂਦੇ ਹਨ ਜਦੋਂ ਕਿ ਬ੍ਰਿਟਿਸ਼ ਫੌਜ ਹੋਰ ਆ ਜਾਣ ਨਾਲ ਪੈਸ਼ਵਾ ਦੀ ਫੌਜ਼ ਡਰ ਦੇ ਨਾਲ ਮੈਸੂਰ ਵੱਲ ਭੱਜ ਗਈ ਸੀ।ਸੰਚਾਈ ਇਹ ਸੀ । ਪੈਸ਼ਵਾ ਅਸਲੀ ਕਾਰਨਾਂ ਦੀਂ ਜਾਣੀਕਾਰੀ ਆਪਣੇ ਸਮਾਜ ਨੂੰ ਨਹੀ ਦੇ ਰਹੇ ਕਿਉਂਕਿ ਉਨਾਂ ਦੇ ਰਾਜ ਵਿੱਚ ਸ਼ਛ ਫ਼ਸ਼ਠ ਦੀ ਸਮਾਜ ਦੇ ਲੋਕਾਂ ਨੂੰ ਪਿੰਠ ਪਿਛੇ ਝਾੜੂ ਬੰਨਣਾ - ਮੂੰਹ ਮੂਹਰੇ ਕੁਜਾਂ ਬੰਨਣਾ ਜਰੂਰੀ ਸੀ ਤੇ ਸੱਭ ਤੋਂ ਘਿਨਾਉਣਾ ਹੁਕਮ ਸੀ ਕਿ ਔਰਤਾਂ ਨੂੰ ਆਪਣੀਆਂ ਛਾਤੀਆਂ ਨੰਗੀਆਂ ਰੱਖਣੀਆ ਪੈਂਦੀਆ ਸਨ।

ਸਾਹਿਬ ਸ੍ਰੀ ਕਾਸ਼ੀ ਰਾਮ ਜੀ ਦੇ ਸਮਾਜਿਕ-ਰਾਜਨੀਤਕ ਅੰਨਦੋਲਨ ਦੀ ਸਟੂਡੈਂਟ, ਮੋਢੀ ਰਹਿ ਚੂਕੀ ਸੂਝਵਾਨ,ਨਿਡਰ ਵਰਕਰ ਗੁਣਾਂ ਤਹਿਤ ਕਮਲੇਸ਼ ਅਹੀਰ ਜੀ, ਜਿਨਾਂ ਨੇ ਵੈਨਕੁਵਰ ਦੀ ਧਰਤੀ ਤੇ ਜੈ ਭੀਮ ਦਾ ਨਾਹਰਾ ਬੁਲੰਦ ਕੀਤਾ ਸੀ ਤੇ ਆਪਣੀ ਬਾਣੀ ਰਾਹੀ ਸਮਾਜ ਨੂੰ ਏਕਤਾ ਦਾ ਸੰਦੇਸ਼ ਦਿਦਿਆ ਹੋਇਆ ਦੱਸਿਆ ਕਿ ਸਾਡੇ ਸਮਾਜ ਵਿੱਚ ਬਹੁਤ ਸਾਰੀਆ ਸੰਸਥਾਵਾਂ ਜੋ ਸਾਡੇ ਰਹਿਬਰਾਂ ਦੇ ਨਾਮ ਉਪਰ ਚਲਦੀਆ ਹਨ, ਪਰ ਉਹ ਸੰਸਥਾਵਾਂ ਦੇ ਕੰਮ ਸਮਾਜ ਦੇ ਉਲਟ ਕਰ ਰਹੇ ਹਨ। ਕਮਲੇਸ਼ ਜੀ ਨੇ ਮਾਤਾ ਸਵਿਤਰੀਬਾਈ ਫੂਲੇ,ਬੀਬੀ ਫਾਤਮਾ ਸ਼ੇਖ, ਭੈਣ ਕੁਮਾਰੀ ਮਾਇਆਵਤੀ , ਮਾਤਾ ਰਾਮਾਬਾਈ ਅਬੇਡਕਰ, ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਅਤੇ ਭਧੰਤ ਅਨੰਦ ਕੌਸ਼ਲਿਆਨ ਸਾਬੰਧੀ ਵਡਮੁਲੀ ਜਾਣਕਾਰੀ ਸਾਂਝੀ ਕੀਤੀ। ਬਹੁਜਨ ਸਮਾਜ ਦੇ ਲੋਕਾਂ ਨੂੰ ਕਿਮੂਨੀਕੈਸ਼ਨ ਜਰੂਰ ਰੱਖਣੀ ਚਾਹੀਦੀ ਹੈ ਅਤੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਭਾਰਤ ਦੀ ਪਹਿਲੀ ਮਹਿਲਾ ਅਧਿਆਪਕ ਰਾਸ਼ਟਰ ਮਾਤਾ ਸਵਿਤਰੀਬਾਈ ਫੂਲੇ ਜੀ ਨੂੰ ਭਾਰਤ ਰਤਨ ਨਾਲ ਸੰਨਮਾਨਤ ਕਰਨਾ ਚਾਹੀਦਾ ਹੈ।

ਬੁੱਧ ਧਰਮ ਦੇ ਉਪਾਸ਼ਕ ਸ੍ਰੀ ਮੋਹਨ ਬੰਗਾ ਜੀ ਅਤੇ ਸਾਡੇ ਸਮਾਜ ਸੇਵਕਾ ਊਸ਼ਾ ਮੰਡਲ ਜੀ ਦੀ ਬਹੁਤ ਹੀ ਪਿਆਰੀ ਬੇਟੀ ਰਬਪ੍ਰੀਤ ਮੰਡਲ ਹਰਿਆਣੇ ਤੋਂ ਕੇਨੈਡਾ ਵਿੱਚ ਵਿਦਿਆਰਥੀ ਤੌਰ ਪੜ ਰਹੀ ਹੈ। ਉਨਾਂ ਨੇ ਸੰਗਿਆਨ ਲੈਂਦੇ ਹੋਏ ਦੱਸਿਆ ਕੀ ਸਾਨੂੰ ਆਪਣੇ ਸਮਾਜ ਨੂੰ ਪਿਆਰ ਨਾਲ ਸਮਝਾਉਣਾ ਚਾਹੀਦਾ ਹੈ ਉਨਾਂ ਨੂੰ ਪ੍ਰੇਸ਼ਰ ਕਰਨ ਦੀ ਕੋਈ ਲੋੜ ਨਹੀ ਹੈ ਕਿਉਕਿ ਹਰ ਪ੍ਰਾਣੀ ਨੂੰ ਆਪਣੇ ਰਹਿਬਰਾਂ ਬਾਰ ਗਿਆਨ ਨਹੀ ਹੈ ਅਤੇ ਉਨਾਂ ਨੂੰ ਗਿਆਨ ਪ੍ਰਤੀ ਉਤਸ਼ਾਹ ਕਰਨਾ ਚਾਹੀਦਾ ਹੈ।

ਐਸਰੋ ਕੇਨੈਡਾ ਦੇ ਮੀਡਆ ਸਪੋਕਸਪਰਸਨ ਸੁਖਵਿੰਦਰ ਭਾਰਦਵਾਜ ਨੇ ਦੱਸਿਆ ਕਿ ਬਚਪਨ ਸਾਡੇਂ ਪ੍ਰੀਵਾਰ ਨੇ ਕੋਈ ਤੰਗੀ ਨਹੀ ਦੇਖੀ ਜਿਸ ਕਰਕੇ ਬਾਬਾ ਸਾਹਿਬ ਜੀ ਮਿਸ਼ਨ ਨੂੰ ਪੂਰੀ ਤਰਾਂ ਸਮਝ ਨਹੀ ਪਾਏ ਪਰ ਹੁਣ ਸੀ ਇਹ ਗੁਰੜਤੀ ਆਪਣੇ ਚਾਚਾ ਜੀ ਤੋਂ ਪ੍ਰਾਪਤ ਕਰ ਰਹੇ ਹਾਂ।ਬਾਬਾ ਸਾਹਿਬ ਜੀ ਵਿਚਾਰਧਾਰਾ ਨੂੰ ਸਮਜਣ ਵਾਲੇ ਨੌਜਵਾਨ ਨੂੰ ਯੂਨੀਵਿਰਸਟੀਆਂ ਵਿੱਚ ਪੜਨ -ਲਿਖਣ ਦਾ ਉਤਸ਼ਾਹ ਮਿਲਿਆ। ਸਮਾਜਿਕ ਸੂਝ ਰੱਖਣ ਵਾਲੇ ਸ਼੍ਰੀਮਾਨ ਦਰਸ਼ਨ ਬੰਗਾਂ ਜੀ ਨੇ ਰਾਸ਼ਟਰ ਪਿਤਾ ਜੋਤੀਰਾਓ ਫੂਲੇ ਜੀ ਨਾਲ ਜੋ ਸੱਚੀ ਘੱਟਨਾ ਵਾਪਰੀ ਸੀ ਉਸ ਬਾਰੇ ਚਾਨਣਾ ਪਾਇਆ ਜਦੋਂ ਕਿ ਜੋਤੀਰਾਉ ਫੂਲੇ ਆਪਣੀ ਉਚੀ ਜਾਤ ਦੇ ਦੋਸਤ ਦੇ ਵਿਆਹ ਵਿੱਚ ਗਏ ਸਨ ਤਦੋਂ ਬ੍ਰਾਹਮਣਾਂ ਨੇ ਉਨਾ ਦਾ ਸਮਾਜਿਕ ਬਾਈਕਾਟ, ਜਾਤ( ਸ਼ੂਦਰ) ਦੇ ਅਧਾਰ ਤੇ ਕੀਤਾ ਗਿਆ ਸੀ।ਇਸ ਘੱਟਨਾਂ ਨਾਲ ਰਾਸ਼ਟਰ ਪਿਤਾ ਜੋਤੀਰਾਓ ਫੂਲੇ ਜੀ ਦੇ ਜੀਵਨ ਵਿੱਚ ਬਹੁਤ ਵੱਡੀ ਤਬਦੀਲੀ ਆਈ ਸੀ




ਇੰਜਨੀਅਰ ਸੁਰਿੰਦਰ ਸੰਧੂ ਜੀ ਨੇ ਆਪਣੀ ਬਾਣੀ ਵਿੱਚ ਦਸਿਆ ਕਿ ਸਾਨੂੰ ਬਾਬਾ ਸਾਹਿਬ ਜੀ ਦਿੱਤੇ ਹੋਏ ਸਲੋਗਨ ਆਪਣੀ ਨਿਜ਼ੀ ਜਿੰਦਗੀ ਵਿੱਚ ਅਪਨਾਉਣੇ ਚਾਹੀਦੇ ਹਨ ਜਿਵੇਂ ਉ ਪੜਨਾ- ਲਿਖਣਾ, ਆਪਣੇ ਆਪ ਵਿੱਚ ਸੰਘਰਸ਼ ਕਰਨਾ ਅਤੇ ਗਲਤ ਵਿਚਾਰਾਂ ਤੇ ਪਰੰਪਰਾਂ ਦਾ ਵਿਰੋਦ ਕਰਨਾ ਚਾਹੀਦਾ ਹੈ।

ਸ਼੍ਰੀਮਤੀ ਵਿਜੇ ਬੰਗੜ ਜੀ ਨੇ ਦੱਸਿਆ ਕਿ ਜੋ ਲੋਕ ਬਾਬਾ ਸਾਹਿਬ ਜੀ ਨੂੰ ਨਹੀ ਪੜ੍ਹ ਸਕੇ ਉਨਾਂ ਨੂੰ ਬੇਨਤੀ ਹੈ ਕਿ ਘੱਟੋ-ਘੱਟ ਟੀਵੀ ਸੀਰੀਅਲ ਉ ਏਕ ਮਹਾਨਾਇਕ ਦੇਖ ਲਿਆ ਕਰਨ।

ਸ਼੍ਰੀਮਾਨ ਕੁਲਵਿੰਦਰ ਰੱਤੂ ਜੀ ਸਮਾਜ ਦੇ ਚਿੰਤਕ ਸੇਵਾਦਾਰ ਹਨ ਜੋ ਸਾਹਮਣੇ ਆਉਣ ਦੀ ਬਜਾਏ ਆਪਣੀ ਸਹਿਤ ਦੀ ਪ੍ਰਵਾਹ, ਨਾ ਕਰਦੇ ਹੋਏ ਪਿਛੇ ਰਹਿ ਕੇ ਬਹੁਤ ਵੱਡੀਆ ਮੱਲਾਂ ਮਾਰਦੇ ਹਨ ਰਤੂ ਜੀ ਦੇ ਯੋਗਦਾਨ ਨੂੰ ਕਦੀ ਵੀ ਭੁਲਾਇਆ ਜਾ ਸਕਦਾ।

ਬਾਬਾ ਸਾਹਿਬ ਜੀ ਦੇ ਮਿਸ਼ਨ ਨੂੰ ਸਮਰਪੱਤ ਬਾਬਾ ਬੋਹੜ ਸ਼੍ਰੀਮਾਨ ਸੀਤਾ ਰਾਮ ਜੀ ਨੇ ਸੰਬੋਦਤ ਕਰਦੇ ਹੋਏ ਦਸਿਆ ਕਿ ਬਾਬਾ ਸਾਹਿਬ ਜੀ ਨੇ ਇੱਕ ਕਿਤਾਬ ਉ ਅਛੂਤ ਕੋਣ ਅਤੇ ਕਿਵੇਂ ਉ ਜੋ ਸੰਤ ਨੰਦ ਨਾਰ , ਸੰਤ ਚੋਖਾ ਮੇਲਾ ਅਤੇ ਗੁਰੂ ਰਵਿਦਾਸ ਜੀ ਨੂੰ ਭੈਂਟ ਕੀਤੀ ਸੀ ਜਿਸ ਬਾਰੇ ਸਾਡਾ ਸਮਾਜ ਨਹੀ ਜਾਣਦਾ। ਉਹ ਸੋਚਦੇ ਹਨ ਕਿ ਬਾਬਾ ਸਾਹਿਬ ਜੀ ਨੂੰ ਇਨਾਂ ਸੰਤਾ ਬਾਰੇ ਕੂਜ ਨਹੀ ਪਤਾ ਜਦੋਂ ਕਿ ਬਾਬਾ ਜੀ ਨੇ ਇਨਾਂ ਸੰਤਾ ਦੀ ਘੋਖ ਪੜਤਾਲ ਕਰਕੇ ਹੀ ਇਹ ਕਤਾਬ ਲਿਖੀ ਸੀ ਇਹ ਕਿਤਾਬ ਸਰੇ ਬਹੁਜਨ ਸਮਾਜ ਨੂੰ ਪੜਨੀ ਚਾਹੀਦੀ ਹੈ।



# ਪਰਵਾਸ - ਆਵਾਸ ਦਾ ਯੂਰਪੀ ਪੰਜਾਬੀ ਸਾਹਿਤ ਅਤੇ ਅਗਲੀ ਪੀੜ੍ਹੀ



ਕੇਹਰ ਸ਼ਰੀਫ
+49 173 3546050

ਪੰਜਾਬੀ ਦੇ ਸਾਡੇ ਬਹੁਤ ਉੱਘੇ ਕਵੀ ਫੀਰੋਜ਼ਦੀਨ ਸ਼ਰਫ ਨੇ ਬਹੁਤ ਦੇਰ ਪਹਿਲਾਂ ਪੰਜਾਬੀ ਦੀ ਹਾਲਤ ਦੇਖ ਕੇ ਕਦੀਂ ਦੁਖੀ ਹੋ ਕੇ ਲਿਖਿਆ ਸੀ :

ਮੁੱਠਾਂ ਮੀਟ ਕੇ ਨੁੱਕਰੇ ਹਾਂ ਬੈਠੀ,
ਟੁੱਟੀ ਹੋਈ ਰਬਾਬ ਰਬਾਬੀਆਂ ਦੀ।
ਪੁੱਛੀ 'ਸ਼ਰਫ' ਨਾ ਜਿਨ੍ਹਾਂ ਨੇ ਬਾਤ ਮੇਰੀ,
ਵੇ ਮੈਂ ਬੋਲੀ ਹਾਂ ਉਨ੍ਹਾਂ ਪੰਜਾਬੀਆਂ ਦੀ।

ਪਰ ਉਦੋਂ ਨਾਲੋਂ ਹਾਲਤ ਹੁਣ ਬਹੁਤ ਬਦਲ ਗਏ ਹਨ ਹੁਣ ਅੱਜ ਦੇ ਹਵਾਲੇ ਨਾਲ ਹੀ ਗੱਲ ਕਰਨੀ ਬਣਦੀ ਹੈ।

ਕਿਸੇ ਵੀ ਇਨਸਾਨ ਦਾ ਪਰਵਾਸੀ ਹੋਣਾ ਪਹਿਲਾਂ ਜਰੂਰ ਦੁੱਖ ਭਰਿਆ ਹੁੰਦਾ ਹੈ, ਪਰ ਵਕਤ ਦੇ ਬੀਤਣ ਨਾਲ ਇਹ ਆਮ ਵਰਤਾਰੇ ਵਿਚ ਬਦਲ ਜਾਂਦਾ ਹੈ। ਅੱਜ ਦੇ ਸਮੇਂ ਪਰਵਾਸ ਦੀਆਂ ਹਾਲਤਾਂ ਤੇ ਸਰੂਪ ਦੋਵੇਂ ਹੀ ਪਹਿਲੇ ਸਮਿਆਂ ਤੋਂ ਬਹੁਤ ਬਦਲ ਗਏ ਹਨ। ਤਕਨੀਕੀ ਸਹੂਲਤਾਂ ਦੇ ਆਸਰੇ ਹੁੰਦੇ ਪ੍ਰਚਾਰ ਦਾ ਇਸ ਵਿਚ ਵੱਡਾ ਯੋਗਦਾਨ ਰਿਹਾ ਹੈ। ਫੇਰ ਵੀ ਪਰਵਾਸ ਵਿਚ ਪਹੁੰਚ ਕੇ ਹੇਰਵਾ, ਉਦਰੇਵਾਂ ਲੰਬਾ ਸਮਾਂ ਬੰਦੇ ਦਾ ਖਹਿੜਾ ਨਹੀਂ ਛੱਡਦਾ, ਇਸ ਖਲਜਗਣ ਵਿਚੋਂ ਨਿਕਲਣ ਵਾਸਤੇ ਹਰ ਕਿਸੇ ਨੂੰ ਖੁਦ ਹੀ ਜਤਨ ਕਰਨੇ ਪੈਂਦੇ ਹਨ, ਦੂਜਾ ਰਾਹ ਵੀ ਕੋਈ ਨਹੀਂ ਹੁੰਦਾ। ਨਵਾਂ ਥਾਂ, ਹਰ ਕਿਸੇ ਨੂੰ ਹੀ ਪਹਿਲਾਂ ਪਿਛਲੀਆਂ ਯਾਦਾਂ ਵਿਚੋਂ ਲੰਘਦਿਆਂ ਉਦਾਸੀ ਤੇ ਦੁੱਖ ਜਿਹਾ ਬਣਕੇ ਮਿਲਦਾ ਹੈ।

ਪਰਵਾਸ ਤੋਂ ਆਵਾਸ ਤੱਕ ਦਾ ਜੀਵਨ ਹੰਢਾਉਣ ਵਾਲੇ ਜਾਗਰੂਕ ਲੋਕ ਆਪਣੇ ਆਲੇ-ਦੁਆਲੇ ਨੂੰ ਡੂੰਘੀ ਨਜ਼ਰੇ ਪਰਖਣ ਲਗਦੇ ਹਨ। ਵੱਖੋ ਵੱਖ ਕਲਾਵਾਂ ਨਾਲ ਜੁੜੇ ਲੋਕ ਆਪੋ ਆਪਣੇ ਮਾਧਿਅਮ ਰਾਹੀਂ ਕੋਸ਼ਿਸ਼ ਕਰਦੇ ਹਨ ਕਿ ਜਿੱਥੇ ਵੀ ਉਹ ਰਹਿ ਰਹੇ ਹਨ ਉਸ ਸਮਾਜ ਬਾਰੇ ਆਪਣੇ ਲੋਕਾਂ (ਦੁਨੀਆਂ) ਨਾਲ ਸਾਂਝ ਪੁਆਈ ਜਾਵੇ। ਸਾਹਿਤ ਨਾਲ ਜੁੜੇ ਆਪਣੀ ਕਲਮ ਦਾ ਸਹਾਰਾ ਲੈ ਕੇ ਰਚਨਾ ਕਰਦੇ ਹਨ। ਹਰ ਕਿਸੇ ਦਾ ਰਚਨਾ ਸੰਸਾਰ ਆਪਣਾ ਹੁੰਦਿਆਂ ਹੋਇਆਂ ਵੀ ਸਰਵਵਿਆਪੀ (ਯੂਨੀਵਰਸਲ) ਹੁੰਦਾ ਹੈ, ਇਹ ਹੀ ਤਾਂ ਗਲੋਬਲੀ ਵਰਤਾਰਾ ਕਹਾਉਂਦਾ ਹੈ। ਯੂਰਪ ਅੰਦਰ ਪਹੁੰਚੇ ਪੰਜਾਬੀ ਵੀ ਇਸ ਵਿਚ ਪਿੱਛੇ ਨਹੀਂ ਰਹੇ। ਪਿੱਛੇ ਛੱਡ ਆਏ ਰਿਸ਼ਤਿਆਂ ਦੀ ਯਾਦ ਜਾਂ ਫੇਰ ਨਵੇਂ ਸਮਾਜ ਨਾਲ ਬਣਦੇ ਕੌੜੇ-ਮਿੱਠੇ ਸਬੰਧ ਅਤੇ ਇਸ ਸਮਾਜ ਵਿਚੋਂ ਪੈਦਾ ਹੋਣ ਵਾਲੇ ਵਖਰੇਵੇਂ ਜਾ ਸਮਾਜਿਕ ਦਵੰਧ, ਵਿਤਕਰੇ ਭਰੇ ਵਿਹਾਰ ਦੀ ਕਾਟ ਕਰਨ ਵਾਸਤੇ ਜਗਿਆਸੂ ਮਨੁੱਖ ਲਈ ਪ੍ਰੇਰਨਾ ਬਣਦੇ ਹਨ, ਇਹ ਪ੍ਰੇਰਨਾ ਹੀ ਉਸਦੀ ਸਿਰਜਣਾ ਦਾ ਅਧਾਰ ਹੁੰਦੇ ਹਨ। ਲਿਖਣ ਵਾਲੇ ਜਗਿਆਸੂ ਲੋਕ, ਆਪ ਦੇਖੇ, ਸੁਣੇ ਤੇ ਹੱਡੀਂ ਹੰਢਾਏ ਨੂੰ ਸਿਰਜਣਾ ਅੰਦਰ ਪੇਸ਼ ਕਰ ਸਕਣ ਵੇਲੇ ਕਿੱਥੋਂ ਕੁ ਤੱਕ ਕਾਮਯਾਬ ਹੁੰਦੇ ਹਨ ਇਹ ਉਨ੍ਹਾਂ ਦੇ ਅਨੁਭਵ ਨੂੰ ਪੇਸ਼ ਕਰਨ ਦੀ ਵਿਧੀ, ਲਿਖਣ ਵਾਲੀ ਸੂਝ ਅਤੇ ਇਕੱਠੇ ਕੀਤੇ ਗਿਆਨ 'ਤੇ ਨਿਰਭਰ ਕਰਦਾ ਹੈ।

ਪੰਜਾਬੀ ਪਰਵਾਸੀਆਂ ਵਲੋਂ ਸਿਰਜੇ ਸਾਹਿਤ ਨੂੰ ਪਹਿਲਾਂ ਕਾਫੀ ਦੇਰ ਤੱਕ ਅਕਾਦਮਿਕ ਖੇਤਰ ਅੰਦਰਲੇ ਬੁੱਧੀਮਾਨ ਕਹਾਉਣ ਵਾਲੇ ਜੀਵ, ਹਲਕਾ ਜਿਹਾ ਜਾਂ ਦੋ ਨੰਬਰ ਦਾ ਸਾਹਿਤ (ਪਰਵਾਸੀ, ਡਾਲਰਾਂ, ਪੌਂਡਾਂ ਦਾ ਸਾਹਿਤ) ਹੀ ਸਮਝਦੇ ਰਹੇ ਸਨ। ਪਰ ਯੂਰਪੀ ਦੇਸ਼ਾਂ ਦੇ ਪੰਜਾਬੀ ਲੇਖਕਾਂ ਨੇ ਆਪਣੇ ਅਨੁਭਵੀ ਸਿਰੜ ਅਤੇ ਮਿਹਨਤ ਨਾਲ ਇਹ ਸਾਬਤ ਕੀਤਾ ਕਿ ਇਹ ਮੁੱਖ ਧਾਰਾ ਦਾ ਪੰਜਾਬੀ ਸਾਹਿਤ ਹੈ ਭਾਵੇਂ ਕਿ ਇਹ ਦੂਰ-ਦੁਰਾਡੇ ਵਸਦਿਆਂ ਵਲੋਂ ਲਿਖਿਆ ਜਾ ਰਿਹਾ ਹੈ, ਕਿਉਂਕਿ ਉਹ ਲੇਖਕ ਦੋ ਸਮਾਜਾਂ ਦੇ ਜਾਣਕਾਰ ਹਨ। ਫੇਰ ਇਸ ਬਾਰੇ ਢੁੱਚਰਾਂ ਡਾਹੁਣ ਵਾਲਿਆਂ ਨੂੰ ਵੀ ਇਹ ਗੱਲ ਕਬੂਲ ਕਰਨੀ ਪਈ। ਹੁਣ ਤਾਂ ਯੂਰਪ ਦੇ ਹਰ ਦੇਸ਼ ਅੰਦਰ ਪੰਜਾਬੀ ਦਾ ਸਿਰਜਣਾਮਿਕ ਸਾਹਿਤ ਲਗਾਤਾਰ ਲਿਖਿਆ ਜਾ ਰਿਹਾ ਹੈ। (ਇਸ ਨੂੰ ਸੰਸਾਰ ਪੱਧਰ ਤੇ ਵੀ ਕਿਹਾ ਜਾ ਸਕਦਾ ਹੈ) ਸਾਹਿਤ ਦੀ ਅਜਿਹੀ ਕੋਈ ਵਿਧਾ ਨਹੀਂ ਜਿਸ ਵਿਚ ਇੱਥੇ ਵਸਦੇ ਸੈਂਕੜੇ ਲੇਖਕਾਂ ਨੇ ਨਾ ਲਿਖਿਆ ਹੋਵੇ। ਕਵਿਤਾ, ਕਹਾਣੀ, ਨਾਵਲ, ਨਾਟਕ, ਵਾਰਤਕ, ਗੀਤ, ਗ਼ਜ਼ਲ ਕੀ ਨਹੀਂ ਲਿਖਿਆ? ਤੇ ਲਿਖਿਆ ਵੀ ਭਾਵਪੂਰਤ। ਹਾਂ ਇੰਨਾਂ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਸਾਹਿਤ ਸਿਰਜਣਾ ਦੇ ਮੁਕਾਬਲੇ ਯੂਰਪ ਅੰਦਰ ਪੰਜਾਬੀ ਸਾਹਿਤਕ ਆਲੋਚਨਾ ਦਾ ਖੇਤਰ ਲੰਬੇ ਸਮੇਂ ਤੱਕ ਬਹੁਤ ਛੋਟਾ ਰਿਹਾ, ਜੋ ਅਜੇ ਵੀ ਹੈ। ਪਰਵਾਸੀ ਸਾਹਿਤਕਾਰ ਦੇਸੀ ਆਲੋਚਕਾਂ ਵੱਲ ਹੀ ਦੇਖਣ ਵਾਸਤੇ ਮਜਬੂਰ ਹੁੰਦੇ ਰਹੇ, ਆਰੰਭ 'ਚ ਦੇਸੀ ਆਲੋਚਕ ਰਚਨਾਵਾਂ ਦੇ ਅੰਦਰਲੇ ਦਾ ਥਹੁ ਪਾਉਣ ਵਿਚ ਲੰਬਾ ਸਮਾਂ ਸੁਣੇ-ਸੁਣਾਏ ਨਾਲ ਹੀ "ਦੇਸੀ ਪ੍ਰਵਚਨਾਂ" ਦੇ ਆਸਰੇ ਬੁੱਤਾ ਸਾਰਦੇ ਰਹੇ। ਉਹਦਾ ਕਾਰਨ ਕਿ ਯੂਰਪੀ ਸਮਾਜ ਦੀ ਸਾਰੰਚਨਾ, ਇੱਥੋਂ ਦੇ ਰਾਜਨੀਤਕ, ਆਰਥਿਕ ਤੇ ਸਮਾਜਿਕ ਤਾਣੇ-ਬਾਣੇ, ਇਸ ਅੰਦਰਲੀਆਂ ਉਲਝਣਾਂ ਬਾਰੇ, ਅਤੇ ਅਜਿਹੀਆਂ ਸਥਿਤੀਆਂ ਨੂੰ ਮਨੋਵਿਗਿਆਨਕ ਪੱਖੋਂ ਪਰਖਣ/ਹੰਘਾਲਣ ਦੇ ਉਹ ਆਦੀ, ਵਾਕਿਫ ਜਾਂ ਇਸ ਦੇ ਯੋਗ ਨਹੀ ਸਨ, ਤਾਂ ਇੱਥੇ ਸਿਰਜੀਆਂ ਰਚਨਾਵਾਂ ਬਾਰੇ ਨਿਰਣਾ ਜਾਂ ਪਰਖ ਕਰਨੀ ਉਨ੍ਹਾਂ ਦੇ ਵਸੋਂ ਬਾਹਰੀ ਗੱਲ ਸੀ। ਰਚਨਾਵਾਂ ਅੰਦਰ ਅਣਲਿਖੇ ਦੀ ਨਿਸ਼ਾਨਦਹੀ ਕਿਵੇਂ ਕਰਦੇ ? ਉਹ ਅਜਿਹੇ ਮਸਲਿਆਂ /ਕਾਰਜਾਂ ਤੋਂ ਇਸ ਕਰਕੇ ਅਸਮਰੱਥ ਸਨ ਕਿ ਉਨ੍ਹਾ ਦਾ ਇਸ ਸਮਾਜ ਬਾਰੇ ਗਿਆਨ ਬਹੁਤ ਹੀ ਸੀਮਤ ਸੀ। ਹਾਂ, ਫੇਰ ਜਦੋਂ ਪੰਜਾਬੀ ਸਮਾਜ ਅਤੇ ਇੱਥੋਂ ਦੇ ਸਮਾਜ ਬਾਰੇ ਅਤੇ ਸਾਹਿਤਕ ਵਿਧਾਵਾਂ ਦੀ ਪਰਖ ਕਰਨ ਵਾਲੇ ਯੂ।ਕੇ 'ਚ ਹਰਬਖਸ਼ ਮਕਸੂਦਪੁਰੀ ਤੇ ਸਵਰਨ ਚੰਦਨ ਇਸ ਪਾਸੇ ਆਏ ਉਨ੍ਹਾਂ ਦਾ ਕਾਰਜ ਸਲਾਹੁਣਯੋਗ ਸੀ। ਗੁਰਦਿਆਲ ਸਿੰਘ ਰਾਏ ਹੋਰਾਂ ਨੇ ਵੀ ਇਸ ਖੇਤਰ ਵਿਚ ਹਿੱਸਾ ਪਾਇਆ । ਕਿਉਂਕਿ ਇਹ ਸਾਰੇ ਇੱਥੋਂ ਦੀ ਸਮਾਜਿਕ ਅਤੇ ਸਾਹਿਤਕ ਧਰਾਤਲ ਦੇ ਵਾਕਿਫ ਸਨ, ਇੱਥੇ ਲਿਖੇ ਸਾਹਿਤ ਦੇ ਗੁਣ-ਔਗਣ ਪਰਖਣ ਦੇ ਕਾਫੀ ਹੱਦ ਤੱਕ ਯੋਗ ਸਨ। ਪਰ ਯੂਰਪੀ ਪੱਧਰ 'ਤੇ ਅਜੇ ਤੱਕ ਵੀ ਸਾਹਿਤ ਸਿ-ਰਜਣਾ ਦੇ ਮੁਕਾਬਲੇ ਪੰਜਾਬੀ ਆਲੋਚਨਾ ਦਾ ਖੇਤਰ ਬਹੁਤ ਪਿਛੇ ਦਿਸਦਾ ਹੈ।

ਨਾਲ ਹੀ ਇੱਥੇ ਇਸ ਗੱਲ ਦੀ ਵੀ ਪ੍ਰਸ਼ੰਸਾ ਕਰਨੀ ਬਣਦੀ ਹੈ ਕਿ ਪਿਛਲੇ ਸਮੇਂ ਦੋ ਵਲੈਤ ਵਾਸੀ ਪੰਜਾਬੀ ਲੇਖਕਾਂ ਨੇ ਇਤਿਹਾਸਕ ਨਾਵਲ ਵੀ ਲਿਖੇ, ਹਰਜੀਤ ਅਟਵਾਲ ਨੇ "ਆਪਣਾ" ਮਹਾਰਾਜਾ ਦਲੀਪ ਸਿੰਘ ਦੀ ਜ਼ਿੰਦਗੀ ਬਾਰੇ ਅਤੇ ਮਹਿੰਦਰਪਾਲ ਧਾਲੀਵਾਲ ਨੇ ਮਹਾਰਾਜਾ ਦਲੀਪ ਸਿੰਘ ਦੀ ਧੀ ਬਾਰੇ "ਸੋਫੀਆ" ਨਾਵਲ ਲਿਖਿਆ। ਸੋਫੀਆ ਜੋ ਔਰਤਾਂ ਦੇ ਹੱਕਾਂ ਲਈ ਲੜਨ ਵਾਲੀ ਵੀਰਾਂਗਣਾ ਸੀ।

ਇਹ ਜਰੂਰ ਕਹਿਣਾ ਬਣਦਾ ਹੈ ਕਿ ਪਹਿਲਾਂ ਕੱਲੇ-ਦੁਕੱਲੇ ਇਸ ਬਾਰੇ ਕਾਰਜ ਕਰਦੇ ਸਨ ਫੇਰ ਡਾ ਐਸ ਪੀ ਸਿੰਘ। ਹੋਰਾਂ ਦੇ ਜਤਨਾਂ ਨਾਲ ਪਰਵਾਸੀ ਸਾਹਿਤ ਅਧਿਅਨ ਕੇਂਦਰ ਕਾਇਮ ਕਰਕੇ ਜਥੇਬੰਦਕ ਤੌਰ 'ਤੇ ਇਸ ਸਾਹਿਤ ਬਾਰੇ ਨਿੱਠ ਕੇ ਕੰਮ ਹੋਇਆ। ਤ੍ਰੈ ਮਾਸਿਕ ਸਾਹਿਤਕ ਪਰਚੇ "ਪਰਵਾਸ" ਦਾ ਇਸ ਖੇਤਰ ਵਿਚ ਸਲਹੁਣਯੋਗ ਹਿੱਸਾ ਹੈ। ਹੁਣ ਪਰਵਾਸੀ ਸਾਹਿਤ ਅਧਿਅਨ ਕੇਂਦਰ ਦਾ ਤੇ ਸੁੱਖੀ ਬਾਠ ਹੋਰਾਂ ਵਲੋਂ ਕਾਇਮ ਕੀਤੇ ਪੰਜਾਬ ਭਵਨ ਸਰੀ, ਕੈਨੇਡਾ ਅਤੇ ਸਾਹਿਤ ਸੁਰ ਸੰਗਮ ਸਭਾ ਇਟਲੀ ਨਾਲ ਸਾਂਝਾ ਕਾਫਲਾ ਇਸ ਕਾਰਜ ਨੂੰ ਅੱਗੇ ਲਿਜਾ ਰਿਹਾ ਹੈ। ਇਨ੍ਹਾਂ ਸਾਂਝੇ ਜਤਨਾਂ ਤੋਂ ਕਾਫੀ ਆਸਾਂ ਵੀ ਹਨ।

ਸਿਰਜੇ ਸਾਹਿਤ (ਲਿਖਤ) ਨਾਲ ਇਨਸਾਫ ਕਰਨ ਵਾਸਤੇ ਕਿਸੇ ਵੀ ਰਚਨਾ ਅੰਦਰ ਅਣਲਿਖੇ ਅਤੇ ਅਣਕਹੇ ਬਾਰੇ ਆਲੋਚਕ ਵਲੋਂ ਉਸ ਉੱਤੇ ਟਿੱਪਣੀ ਕਰਨਾ ਜ਼ਰੂਰੀ ਹੁੰਦਾ ਹੈ ਤਾਂ ਜੋ ਸਾਹਿਤ ਸਿਰਜਕ ਨੂੰ ਉਸਦੀ ਰਚਨਾ 'ਚ ਰਹਿ ਗਈ ਘਾਟ ਤੋਂ ਵੀ ਜਾਣੂ ਕਰਵਾਇਆ ਜਾ ਸਕੇ । ਕਿਸੇ ਵੀ ਸਾਹਿਤ ਸਿਰਜਕ ਦੀ ਅਗਲੀ ਸਿਰਜਣਾ ਲਈ ਇਹ ਕਾਰਜ ਸਹਾਇਕ ਸਾਬਿਤ ਹੋ ਸਕਦਾ ਹੈ। ਸ਼ਬਦ ਸਾਧਕਾਂ ਵਾਸਤੇ ਇਹ ਬਹੁਤ ਜ਼ਰੂਰੀ ਹੈ, ਕਿ ਉਨ੍ਹਾਂ ਨੂੰ ਉਨ੍ਹਾ ਦੀ ਘਾਟ ਦਾ ਵੀ ਪਤਾ ਲਗਦਾ ਰਹੇ। ਪਹਿਲੀ ਪੀੜ੍ਹੀ ਦਾ ਸਾਹਿਤ ਬਹੁਤਾ ਫਿਕਰਮੰਦੀਆ ਦਾ ਸਾਹਿਤ ਦੇਖਿਆ ਗਿਆ, ਅਸਲੋਂ ਸੰਘਰਸ਼ ਭਰਪੂਰ । (ਜਿਹੜੇ ਇਸ ਬਾਰੇ ਨਹੀਂ ਜਾਣਦੇ, ਜਿਨ੍ਹਾਂ ਨੇ ਅਜੇ ਤੱਕ ਨਹੀਂ ਪੜ੍ਹਿਆ ਉਹ ਸਾਧੂ ਸਿੰਘ ਧਾਮੀ ਹੋਰਾਂ ਵਲੋਂ ਲਿਖਿਆ ਨਾਵਲ "ਮਲੂਕਾ" ਜਰੂਰ ਪੜ੍ਹ ਲੈਣ ਗਿਆਨ ਹੋ ਜਾਵੇਗਾ)।

ਯੂਰਪ 'ਚ ਵਸਦੇ ਪੰਜਾਬੀਆਂ ਵਲੋਂ ਲਿਖਿਆ ਸਾਹਿਤ, ਪੰਜਾਬੀ ਸਾਹਿਤ ਨੂੰ ਬੌਧਿਕ ਅਮੀਰੀ ਬਖਸ਼ਣ ਦਾ ਸਬੱਬ ਬਣਿਆ। ਇੱਥੇ ਵਸਦਿਆਂ ਨੇ ਆਪਣਾ ਸਾਹਿਤ ਰਚਣਾ ਸ਼ੁਰੂ ਕੀਤਾ ਤਾਂ ਉਸ ਅੰਦਰ ਸੱਭਿਅਚਾਰਕ ਵਖਰੇਵਿਆਂ ਦਾ ਚਿਤ੍ਰਣ ਤਾਂ ਸੀ ਹੀ ਅਤੇ ਅਗਲੀ ਪੀੜ੍ਹੀ ਬਾਰੇ ਜ਼ਾਹਿਰਾ ਤੌਰ 'ਤੇ ਫਿਕਰਮੰਦੀ ਵੀ ਸੀ, ਜੋ ਜੀਵਨ ਦੀ ਸਹਿਜਤਾ ਨੂੰ ਭੰਗ ਕਰਦੀ ਸੀ।

ਇਹ ਉਵੇਂ ਦਾ ਹੀ ਫਿਕਰ ਸੀ ਅਤੇ ਅਜੇ ਵੀ ਹੈ ਜਿਵੇਂ ਕੋਈ ਬੀਬੀ ਸਹੁਰੇ ਵਸਦੀ ਹੋਈ ਪੇਕਿਆਂ ਨੂੰ ਕਦੀਂ ਨਹੀਂ ਵਿਸਾਰਦੀ, ਉਹਦੀ ਖਾਹਸ਼ ਤੇ ਜਤਨ ਇਹ ਹੁੰਦਾ ਹੈ ਕਿ ਮੇਰੇ ਬੱਚੇ ਆਪਣੇ ਨਾਨਕਿਆਂ (ਬੀਬੀ ਦੇ ਪੇਕਿਆਂ) ਨਾਲ ਵੀ ਸਦਾ ਹੀ ਮਿਲਦੇ-ਵਰਤਦੇ ਰਹਿਣ। ਇਸ ਸਬੰਧੀ ਸਾਹਿਤਕ ਕਾਰਜ (ਇਕੱਠ, ਕਾਨਫਰੰਸਾਂ) ਜਿੱਥੇ ਵੀ ਹੁੰਦੇ ਹਨ ਉਨ੍ਹਾਂ ਨੂੰ ਭਰਪੂਰ ਸਲਾਹੁਣਯੋਗ ਕੋਸ਼ਿਸ਼ ਕਿਹਾ ਜਾ ਸਕਦਾ ਹੈ ਕਿ ਸਾਡੀ ਅਗਲੀ ਪੀੜ੍ਹੀ ਸਾਡੀ ਮਾਂ ਬੋਲੀ ਨਾਲ ਜੁੜੀ ਰਹੇ, ਉਸ ਪੰਜਾਬੀ ਸੱਭਿਆਚਾਰ ਵਿਚਲਾ ਸਾਂਝ ਦਾ ਹੋਕਾ ਦੇਣ ਵਾਲੀਆਂ ਰਹੁ-ਰੀਤਾਂ ਨਾਲ ਜੁੜੀ ਰਹੇ। ਇਸ ਸਚਾਈ ਨੂੰ ਸਭ ਜਾਣਦੇ ਹਨ ਕਿ ਕਿਸੇ ਵੀ ਇਨਸਾਨ ਵਾਸਤੇ ਦੁਨੀਆਂ ਦੀ ਸਭ ਤੋਂ ਸੋਹਣੀ ਜੁਬਾਨ ਉਸਦੀ ਮਾਂ ਬੋਲੀ ਹੀ ਹੁੰਦੀ ਹੈ। ਜਿਸ ਦਾ ਕਿਸੇ ਹੋਰ ਬੋਲੀ ਨਾਲ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਭਾਸ਼ਾਈ ਪੱਧਰ 'ਤੇ ਸ਼ਬਦ ਭੰਡਾਰ ਵਲੋਂ ਕੋਈ ਵੀ ਯੂਰਪੀ ਭਾਸ਼ਾ ਪੰਜਾਬੀ ਦੇ ਮੁਕਾਬਲੇ ਦੀ ਨਹੀਂ। ਇਸ ਵਾਸਤੇ ਬਹੁਤ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ।

ਕਿਸੇ ਵੀ ਲਿਖਤ ਵਾਸਤੇ ਸ਼ਬਦ ਹੀ ਸਹਾਰਾ ਬਣਦੇ ਹਨ। ਇਹ ਵੀ ਗੱਲ ਯਾਦ ਰੱਖਣਯੋਗ ਹੈ ਕਿ ਸ਼ਬਦ ਗੁਰੂ ਦਾ ਕੋਈ ਧਰਮ ਨਹੀਂ ਹੁੰਦਾ, ਸ਼ਬਦ ਹੀ ਸਭ ਦਾ ਗੁਰੂ ਹੈ, ਰਹਿਬਰ ਹੈ, ਦੁਨੀਆਂ ਦੇ ਸਾਰੇ ਗਿਆਨ ਦਾ ਪਸਾਰਾ ਸ਼ਬਦ ਰਾਹੀਂ ਹੀ ਹੁੰਦਾ ਹੈ। ਕੋਈ ਆਸਤਿਕ ਹੋਵੇ ਜਾਂ ਨਾਸਤਿਕ ਹਰ ਕਿਸੇ ਨੂੰ ਆਪਣੇ ਆਦਰਸ਼ਾਂ ਦਾ ਪ੍ਰਚਾਰ/ਪ੍ਰਸਾਰ ਕਰਨ ਵਾਸਤੇ ਸ਼ਬਦ ਦਾ ਹੀ ਸਹਾਰਾ ਲੈਣਾ ਪੈਂਦਾ ਹੈ। ਸ਼ਬਦ ਨੂੰ ਕਿਸੇ ਧਰਮ ਦੀ ਲੋੜ ਨਹੀਂ ਪੈਂਦੀ ਪਰ ਦੁਨੀਆਂ ਦੇ ਹਰ ਧਰਮ ਨੂੰ ਸ਼ਬਦ ਦੇ ਸਹਾਰੇ ਤੋਂ ਬਿਨਾਂ ਪ੍ਰਚਾਰਿਆ ਹੀ ਨਹੀਂ ਜਾ ਸਕਦਾ। ਕਿਸੇ ਵੀ ਲਿਖਤ ਦਾ ਅਧਾਰ ਸ਼ਬਦ ਹੈ। ਪੰਜਾਬੀ ਕੌਮ, ਪੰਜਾਬੀ ਸੱਭਿਆਚਾਰ, ਪੰਜਾਬੀ ਲੋਕਾਚਾਰ ਦਾ ਅਧਾਰ ਵੀ ਪੰਜਾਬੀ ਬੋਲੀ ਅਤੇ ਪੰਜਾਬੀ ਭਾਸ਼ਾ ਹੀ ਹੈ। ਸਾਡੇ ਵਾਸਤੇ ਇਹ ਮਾਣ ਵਾਲੀ ਗੱਲ ਵੀ ਕਹੀ ਜਾ ਸਕਦੀ ਹੈ ਕਿ ਪੰਜਾਬੀ ਇਕੋ ਇਕ ਅਜਿਹੀ ਜ਼ੁਬਾਨ ਹੈ ਜੋ ਦੋ ਲਿੱਪੀਆਂ (ਗੁਰਮੁਖੀ ਤੇ ਸ਼ਾਹਮੁਖੀ) ਵਿਚ ਲਿਖੀ ਜਾਂਦੀ ਹੈ, ਭਾਵੇਂ ਕਿ ਇਸ ਦੀਆਂ ਆਪਣੀਆਂ ਸਮੱਸਿਆਵਾਂ ਵੀ ਹਨ। ਸੱਭਿਆਚਾਰ ਆਪਸੀ ਸਾਂਝ ਦਾ ਹੀ ਨਾਮ ਹੈ ਪਰ ਸੱਭਿਆਚਾਰ ਦੇ ਬਹੁਤ ਸਾਰੇ ਅੰਗ ਹਨ, ਜੋ ਵੱਖੋ ਵੱਖ ਵਰਤਾਰਿਆਂ ਰਾਹੀਂ ਪੇਸ਼ ਹੁੰਦੇ ਹਨ, ਸਾਰੀਆਂ ਕਲਾਵਾਂ ਲੋਕ ਗੀਤ, ਲੋਕ ਨਾਚ, ਲੋਕ ਕਹਾਣੀਆਂ ਹੋਰ ਬਹੁਤ ਕੁੱਝ ਹਨ, ਉਨ੍ਹਾਂ ਵਰਤਾਰਿਆਂ ਨੂੰ ਜੋੜਨ ਵਾਲੀ ਤੰਦ ਬੋਲੀ ਤੇ ਭਾਸ਼ਾ ਇਸਦੀ ਚੂਲ ਨਹੀਂ ਨਹੀਂ ਸਗੋਂ ਬੁਨਿਆਦ ਹੁੰਦੀ ਹੈ। ਬੋਲੀ ਤੇ ਭਾਸ਼ਾ ਨੂੰ ਪਾਸੇ ਰੱਖ ਕੇ ਸੱਭਿਆਚਾਰ ਦੀ ਤਾਂ ਪ੍ਰੀਭਾਸ਼ਾ ਵੀ ਨਹੀਂ ਦਿੱਤੀ ਜਾ ਸਕਦੀ।

ਸਾਹਿਤ, ਲਿਖਿਆ ਤਾਂ ਵਰਤਮਾਨ ਵਿਚ ਜਾਂਦਾ ਹੈ ਪਰ ਉਹ ਬੀਤ ਗਈ ਅਤੇ ਆਉਣ ਵਾਲੀ ਪੀੜ੍ਹੀ ਦੇ ਵਿਚਕਾਰ ਪੁਲ ਵੀ ਹੁੰਦਾ ਹੈ। ਸਾਹਿਤ ਜ਼ਿੰਦਗੀ ਵਾਂਗ ਸੁਭਾਵਕ ਹੀ ਤਿੰਨ ਕਾਲਾਂ ਦਾ ਸੁਮੇਲ ਬਣਦਾ ਹੈ। ਸਾਡਾ ਬੀਤਿਆ ਹੋਇਆ ਵਕਤ ਪੁਲ ਦੇ ਇਕ ਪਾਸੇ ਤੇ ਸਾਡੀ ਅਗਲੀ ਪੀੜ੍ਹੀ (ਭਾਵ ਸਾਡਾ ਆਉਣ ਵਾਲਾ ਵਕਤ) ਪੁਲ ਦੇ ਅਗਲੇ ਪਾਸੇ ਹੁੰਦੀ ਹੈ। ਸਾਨੂੰ ਖਲੀਲ ਜਿਬਰਾਨ ਦਾ ਇਹ ਕਿਹਾ ਵੀ ਯਾਦ ਰੱਖਣਾ ਚਾਹੀਦਾ ਹੈ ਕਿ "ਬੱਚੇ ਤੁਹਾਡੀ ਜਾਇਦਾਦ ਨਹੀਂ, ਭਾਵੇਂ ਕਿ ਇਹ ਵੀ ਸੱਚ ਹੈ ਕਿ ਉਹ ਤੁਹਾਡੇ ਰਾਹੀਂ ਇਸ ਜਹਾਨ 'ਚ ਆਏ ਹਨ" ਸਾਨੂੰ ਬੱਚਿਆਂ ਨੂੰ ਆਪਣੇ ਵਰਗੇ ਨਹੀਂ ਸਗੋਂ ਸਾਨੂੰ ਬੱਚਿਆਂ ਵਰਗੇ ਬਣਨਾ ਚਾਹੀਦਾ ਹੈ, ਕਿਉਂਕਿ ਉਹ ਸਾਡੇ ਭਵਿੱਖ ਨੂੰ ਅੱਗੇ ਤੋਰਨ ਦੇ ਵਾਹਕ ਹੋਣਗੇ। ਮਨੋਵਿਗਿਆਨਕ ਪੱਖੋਂ ਇਸ ਨੂੰ ਜਰੂਰ ਵਿਚਾਰਿਆ ਜਾਣਾ ਚਾਹੀਦਾ ਹੈ ਤਾਂ ਕਿ ਪੀੜ੍ਹੀ ਪਾੜੇ ਵਾਲੇ ਗੈਰਜ਼ਰੂਰੀ ਟਕਰਾਵਾਂ ਦੇ ਪੈਦਾ ਹੋਣ ਤੋਂ ਬਚਿਆ ਜਾ ਸਕੇ।

ਹਰ ਲਿਖਣ ਵਾਲੇ ਕੋਲੋਂ ਬਹੁਤ ਕੁੱਝ ਅਣਲਿਖਿਆ ਰਹਿ ਜਾਂਦਾ ਹੈ, ਇਸ ਕਰਕੇ ਹੀ ਅਗਲੀ ਸਿਰਜਣਾ ਹੁੰਦੀ ਹੈ। ਇਹ ਅਣਲਿਖਿਆ ਅਤੇ ਅਣਕਿਹਾ ਨੇ ਅਗਲੀਆਂ ਪੀੜ੍ਹੀਆਂ ਵਲੋਂ ਸਿਰਜੇ ਜਾਣ ਵਾਲੀਆਂ ਲਿਖਤਾਂ ਦਾ ਅਧਾਰ ਬਣਨਾ ਹੁੰਦਾ ਹੈ, ਉਹ ਫੇਰ ਅਣਲਿਖੇ ਨੂੰ ਲਿਖਣ ਦਾ ਜਤਨ ਕਰਦੇ ਰਹਿੰਦੇ ਹਨ। ਇਹ ਮੌਖਿਕ (ਜ਼ੁਬਾਨੀ) ਪੱਧਰ ਤੇ ਵੀ ਹੁੰਦਾ ਅਤੇ ਲਿਖਤੀ ਪੱਧਰ 'ਤੇ ਵੀ। ਸਾਡੀ ਆਉਣ ਵਾਲੀ ਪੀੜ੍ਹੀ ਨੇ ਸਾਡੇ ਦੱਸੇ ਹੋਏ ਨੂੰ ਚੇਤੇ ਰਖਦਿਆਂ, ਅਣਕਹੇ ਨੂੰ ਆਪਣੇ ਸਮੇਂ ਅਨੁਸਾਰ ਕਹਿਣਾ ਹੈ, ਅਤੇ ਅਣਲਿਖੇ ਨੂੰ ਆਪਣੇ ਹੀ ਸਮੇਂ ਅਨੁਸਾਰ ਲਿਖਣਾ ਹੈ, ਇਹ ਉਨ੍ਹਾ ਦੀ ਇਨਸਾਨੀ ਜੁੰਮੇਵਾਰੀ ਅਤੇ ਆਪਣੇ ਵਡੇਰਿਆਂ ਦਾ ਤੇ ਆਪਣੇ ਵਿਰਸੇ ਦਾ ਕਰਜ਼ ਲਾਹੁਣ ਦੇ ਨਾਲ ਹੀ ਉਸਦਾ ਪ੍ਰਚਾਰ ਤੇ ਪ੍ਰਸਾਰ ਕਰਨ ਦਾ ਸਬੱਬ ਵੀ ਹੋਵੇਗਾ। ਪਰ ਜੇ ਅਸੀਂ ਆਪਣੇ ਵਿਰਸੇ ਨੂੰ ਬਚਾਉਣ ਵਾਲਾ ਇਹ ਸੁਨੇਹਾ ਉਨ੍ਹਾਂ ਤੱਕ ਪਹੁੰਚਾਉਣ ਵਿਚ ਕਾਮਯਾਬ ਹੋਏ ਤਾਂ। ਇਹ ਕਾਰਜ ਅੱਜ ਵਾਲੀ ਪੀੜ੍ਹੀ ਦੀ ਜੁੰਮੇਵਾਰੀ ਹੋਵੇਗੀ, ਕਿਸੇ ਵੀ ਥਾਵੇਂ ਅਜਿਹੇ ਕਾਰਜਾਂ ਨੂੰ ਨੇਪਰੇ ਚਾੜ੍ਹਨ ਦਾ ਸੁਨੇਹਾ ਦੇਣ ਵਾਸਤੇ, ਇਕੱਠਾਂ, ਕਾਨਫਰੰਸਾਂ ਰਾਹੀਂ ਉਸ ਸੁਨੇਹੇ ਨੂੰ ਉਨ੍ਹਾ ਤੱਕ ਪਹੁੰਚਾਉਣ ਦਾ, ਇਸ ਅਹਿਸਾਸ ਨੂੰ ਜੀਊਂਦਾ ਤੇ ਮਘਦਾ ਰੱਖਣ ਦਾ ਜਤਨ ਵੀ ਕਿਹਾ ਜਾ ਸਕਦਾ ਹੈ।

ਸਾਹਿਤ ਵਿਚ ਜਦੋਂ ਵੀ ਯਥਾਰਥ ਦਾ ਜ਼ਿਕਰ ਹੋਵੇਗਾ ਤਾਂ ਉਹ ਧੜਕਦੀ ਜ਼ਿੰਦਗੀ ਦੀ ਪੇਸ਼ਕਾਰੀ ਰਾਹੀਂ ਹੀ ਹੋ ਸਕਦਾ ਹੈ, ਇਸ ਤੋਂ ਬਿਨਾਂ ਹੋ ਹੀ ਨਹੀਂ ਸਕਦਾ, ਇੱਥੇ ਕਲਪਨਾ ਕੰਮ ਨਹੀਂ ਆਉਂਦੀ। ਗਰਾਮਸ਼ੀ ਦੇ ਅਨੁਸਾਰ "ਹਰ ਜਮਾਤ ਦੇ ਆਪਣੇ ਬੁੱਧੀਜੀਵੀ ਹੁੰਦੇ ਹਨ ਇਹਨਾਂ ਦੀ ਕੋਈ ਜਮਾਤ ਨਹੀਂ ਹੁੰਦੀ" ਸੱਚ ਹੀ ਤਾਂ ਹੈ। ਇਕ ਵੱਡਾ ਸਵਾਲ ਭਵਿੱਖ ਦੀ ਕੁੱਖ ਵਿਚ ਹੈ ਜਿਸ ਦਾ ਜਵਾਬ ਦੇਣਾ ਸ਼ਾਇਦ ਅਜੇ ਸੰਭਵ ਨਹੀਂ ਕਿ ਸਾਡੀ ਅਗਲੀ ਪੀੜ੍ਹੀ ਕਿਹੜੀ ਭਾਸ਼ਾ ਰਾਹੀਂ ਆਪਣਾ ਸੁਨੇਹਾ ਦੇਣ ਦੇ ਯੋਗ ਹੋਵੇਗੀ। ਇਹ ਗੰਭੀਰ ਸਵਾਲ ਵਿਦੇਸ਼ਾਂ ਅੰਦਰ ਪੰਜਾਬੀ ਭਾਸ਼ਾ ਦੇ ਭਵਿੱਖ ਨਾਲ ਜੁੜਿਆ ਹੋਇਆ ਹੈ।

ਸਾਨੂੰ ਸਭ ਨੂੰ ਉਦਾਸ ਕਰਨ ਵਾਲੀ ਗੱਲ ਕਿ ਅਜੇ ਤੱਕ ਪੰਜਾਬ ਦਾ ਲੋਕ ਇਤਿਹਾਸ ਕਿਉਂ ਨਹੀਂ ਲਿਖਿਆ ਗਿਆ, ਕਿਸੇ ਸਮਾਜ ਦੇ ਇਤਿਹਾਸਕ ਵਿਕਾਸ ਦੀ ਗੱਲ ਕਰਨ ਜਾਂ ਇਸ ਨੂੰ ਸਮਝਣ ਵਾਸਤੇ ਇਹ ਬਹੁਤ ਜ਼ਰੂਰੀ ਹੈ। ਲੋਕ ਜੀਵਨ ਦੀ ਪੇਸ਼ਕਾਰੀ ਇਤਿਹਾਸ ਰਾਹੀਂ ਵੀ ਹੁੰਦੀ ਹੈ ਤੇ ਸਾਹਿਤ ਸਿਰਜਣਾ ਰਾਹੀਂ ਵੀ। ਲੋਕ ਇਤਿਹਾਸ ਹੀ ਸਾਡੇ ਜੀਵਨ ਅਤੇ ਸਾਡੇ ਇਤਿਹਾਸਕ ਵਿਕਾਸ ਦੀ ਨਿਸ਼ਾਨਦਹੀ ਕਰਦਾ ਹੈ, ਸਾਡੇ ਕੋਲ ਵੀ ਸਾਡਾ ਲਿਖਤੀ ਲੋਕ ਇਤਿਹਾਸ ਹੋਵੇ, ਇਸ ਬਾਰੇ ਇਸ ਖੇਤਰ ਦੇ ਜਾਣਕਾਰਾਂ ਤੇ ਵਿਦਵਾਨਾਂ ਨੂੰ ਜਤਨ ਕਰਨ ਵਾਸਤੇ ਪ੍ਰੇਰਿਆ ਜਾਣਾ ਚਾਹੀਦਾ ਹੈ, ਤਾਂ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਪਿਛੋਕੜ ਦੇ ਇਤਿਹਾਸ ਨੂੰ ਜਾਣ ਸਕਣ ਅਤੇ ਆਪਣੀਆਂ ਜੜ੍ਹਾਂ ਦਾ ਸਿਰਨਾਵਾਂ ਲੱਭ ਸਕਣ। ਇਹ ਵੀ ਯਾਦ ਰੱਖਿਆ ਜਾਣਾ ਚਾਹੀਦਾ ਹੈ ਕਿ ਇਤਿਹਾਸ ਦੀ ਪੜ੍ਹਤ (ਪੜ੍ਹਨਾ ਤੇ ਵਿਚਾਰਨਾ) ਸਾਡੇ ਵਰਤਮਾਨ ਦਾ ਨਜ਼ਰੀਆ ਬਦਲਣ ਵਾਸਤੇ ਬਹੁਤ ਜ਼ਰੂਰੀ ਹੁੰਦੀ ਹੈ, ਬੀਤ ਗਏ ਬਾਰੇ ਲਿਖਤ ਨੇ ਫੇਰ ਪੈਰ ਪੈਰ 'ਤੇ ਸਾਡੀ ਗਲਤੀ ਵੇਲੇ ਸਾਨੂੰ ਟੋਕਣਾ ਹੁੰਦਾ ਹੈ। ਇਸ ਨਾਲ ਸਾਡੇ ਭਵਿੱਖ ਵੀ ਤੋਰ ਅਤੇ ਸੇਧ ਨੇ ਵੀ ਨਿਸਚਤ ਹੋਣਾ ਹੁੰਦਾ ਹੈ। ਯੂਰਪ (ਜਾਂ ਹੋਰ ਦੇਸਾਂ) ਅੰਦਰ ਵਸਦੀ ਪੰਜਾਬੀ ਪਿਛੋਕੜ ਵਾਲੀ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਦੇ ਵਿਕਾਸ ਦਾ ਖੁਰਾ ਲੱਭਣ ਵਿਚ ਲੋਕ ਇਤਿਹਾਸ ਸਹਾਈ ਹੋ ਸਕਦਾ ਹੈ।

ਔਰਤਾਂ ਬਾਰੇ ਸਾਡੇ ਸਮਾਜ ਅੰਦਰਲੀ ਸਥਿਤੀ ਨੂੰ ਵਿਚਾਰਦਿਆਂ ਫਰਾਂਸੀਸੀ ਲੇਖਿਕਾ ਸੀਮੋਨ ਦੀ ਬਾਓਵਾਰ ਜਿਹਦੀ ਦੁਨੀਆਂ ਵਿਚ ਨਾਰੀਵਾਦੀ ਵਜੋਂ ਪਛਾਣ ਬਣੀ ਉਹ ਆਪਣੀ ਕਿਤਾਬ "ਦ ਸੈਕੰਡ ਸੈਕਸ" (ਜਿਸ ਨੂੰ ਨਾਰੀਵਾਦ ਦੀ ਬਾਈਬਲ ਕਿਹਾ ਜਾਂਦਾ ਹੈ) ਵਿਚ ਕਹਿੰਦੀ ਹੈ ਕਿ "ਔਰਤ ਪੈਦਾ ਨਹੀਂ ਹੁੰਦੀ ਉਹਨੂੰ ਔਰਤ ਬਣਾ ਦਿੱਤਾ ਜਾਂਦਾ ਹੈ।" ਨਾਲ ਹੀ ਉਸਦਾ ਕਥਨ ਚੇਤੇ ਰੱਖਣਾ ਚਾਹੀਦਾ ਹੈ ਕਿ "ਮੇਰੇ ਜੀਵਨ ਵਿਚ ਕੁੱਝ ਵੀ ਵਿਅਰਥ ਨਹੀਂ" ਕੀ ਸਾਡੇ ਵਾਸਤੇ ਇਹ ਟਿੱਪਣੀ ਤੋਂ ਵੀ ਅੱਗੇ ਸਬਕ ਨਹੀਂ ਹੋਣਾ ਚਾਹੀਦਾ? ਇੱਥੇ ਸਾਨੂੰ ਸ਼ਰਮਿੰਦੇ ਹੋ ਕੇ ਆਪਣੀ ਬੁੱਕਲ ਵਿਚ ਝਾਤੀ ਮਾਰ ਲੈਣੀ ਚਾਹੀਦੀ ਹੈ, ਕਿਉਂਕਿ ਬਾਬਾ ਨਾਨਕ ਤਾਂ ਕਹਿੰਦੇ ਹਨ, "ਸੋ ਕਿਉਂ ਮੰਦਾ ਆਖੀਐ ਜਿਤਿ ਜੰਮੈ ਰਾਜਾਨ ।।'' , ਪਰ ਸਾਡੇ ਸਮਾਜ ਵਿਚੋਂ ਕਿੰਨੇ ਕੁ ਮੰਨਦੇ ਇਸ ਸੰਦੇਸ਼ ਨੂੰ? ਕਿੰਨੇ ਕੁ ਹਨ ਜੋ ਇਸ 'ਤੇ ਅਮਲ ਕਰਦੇ ਹਨ? ਦੇਖਦਿਆਂ ਪਤਾ ਲਗਦਾ ਹੈ ਕਿ ਬਹੁਤ ਹੀ ਥੋੜ੍ਹੇ।

ਸਮਾਜਿਕ ਮਸਲਿਆਂ ਨੂੰ ਸਾਹਿਤ ਵਿਚ ਕਦੇ ਵੀ ਸਹੂਲਤੀ ਪੱਧਰ 'ਤੇ ਪੇਸ਼ ਨਹੀਂ ਕੀਤਾ ਜਾ ਸਕਦਾ।

ਅੱਜ ਜੋ ਲਿਖਿਆ ਜਾ ਰਿਹਾ ਹੈ ਇਹ ਵੀ ਸਮਾਂ ਅੱਗੇ ਤੁਰਨ ਨਾਲ ਬਦਲੇਗਾ, ਜਦੋਂ ਅਸੀਂ ਨਵੇਂ ਵਿਸ਼ਿਆ ਨੂੰ ਪੇਸ਼ ਕਰਨ ਵੱਲ ਅਹੁੜਾਂਗੇ ਤਾਂ ਸਾਨੂੰ ਨਵੀਂਆਂ ਜੁਗਤਾਂ ਵਰਤਣ ਵੇਲੇ ਨਵੀਂ ਸ਼ਬਦਾਵਲੀ ਦੀ ਵੀ ਲੋੜ ਪਵੇਗੀ। ਕਿਉਂਕਿ ਹਾਵਰਡ ਫਾਸਟ ਦੇ ਕਥਨ ਅਨੁਸਾਰ "ਕਲਾ ਸਮਾਜੀ ਯਥਾਰਥ ਤੋਂ ਬਿਨਾਂ ਕੁੱਝ ਵੀ ਨਹੀਂ ਹੁੰਦੀ"। ਇਸੇ ਮਸਲੇ ਨੂੰ ਵਿਚਾਰਦਿਆਂ ਕਲਾ ਦਾ ਜੀਵਨ ਨਾਲ ਕੀ ਸਬੰਧ ਹੈ (ਲਿਖਣਾ ਵੀ ਕਲਾ ਹੈ) ਸਾਨੂੰ ਦੱਸਣਾ ਪਵੇਗਾ।

ਕਲਾ ਦੇ ਪ੍ਰਗਟਾਵੇ ਦੇ ਵੱਖੋ-ਵੱਖਰੇ ਢੰਗ ਤਰੀਕੇ ਹਨ ਤੇ ਨਿੱਤ ਨਵੀਆਂ ਤਕਨੀਕਾਂ ਈਜਾਦ ਹੋ ਰਹੀਆਂ ਹਨ, ਇਸ ਬਾਰੇ ਵਿਚਾਰ ਵਟਾਂਦਰੇ ਦੇ ਮੌਕੇ ਪੈਦਾ ਕਰਨੇ ਚਾਹੀਦੇ ਹਨ। ਸਾਡੇ ਵਿਚੋਂ ਬਹੁਤ ਸਾਰੇ ਬਹਿਸ ਲਈ ਦਿਲਚਸਪੀ ਰੱਖਦੇ ਹਨ ਪਰ ਲੋੜ ਤਾਂ ਵਿਚਾਰ-ਵਟਾਂਦਰੇ ਦੀ ਹੈ, ਵਿਚਾਰਾਂ ਦੇ ਆਦਾਨ-ਪ੍ਰਦਾਨ ਦੀ। ਬਾਬਾ ਨਾਨਕ ਆਖਦੇ ਹਨ, "ਜਬ ਲਗ ਦੁਨੀਆਂ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਏ।" ਸਾਡੇ ਵਿਚੋਂ ਬਹੁਤਿਆਂ ਦੀ ਕਹਿਣ ਵਿਚ ਤਾਂ ਦਿਲਚਸਪੀ ਹੈ ਪਰ ਸੁਣਨ ਵਿਚ ਨਹੀਂ, ਪਰ ਹੁਕਮ ਤਾਂ ਪਹਿਲਾਂ ਸੁਣਨ ਦਾ ਹੈ।

ਨਿਰਪੱਖਤਾ ਬਾਰੇ ਦੋ ਸ਼ਬਦ ਜਰੂਰ ਕਹਿਣੇ ਚਾਹਾਂਗਾ, ਕਈ ਕਹਿ ਦਿੰਦੇ ਹਨ ਕਿ ਸਾਡੀ ਕੋਈ ਵਿਚਾਰਧਾਰਾ ਨਹੀਂ, ਅਸੀਂ ਕਿਸੇ ਪਾਸੇ ਨਹੀਂ, ਉਹ ਝੂਠ ਬੋਲਦੇ ਹਨ, ਬਾਬੇ ਨਾਨਕ ਦੇ ਸੰਦੇਸ਼ ਨੂੰ ਅਣਸੁਣਿਆਂ ਕਰ ਦਿੰਦੇ ਹਨ। ਆਉਣ ਵਾਲੀ ਪੀੜ੍ਹੀ ਨੂੰ ਸਾਨੂੰ ਬਾਬੇ ਵਲੋਂ ਦਿੱਤੇ ਸੰਦੇਸ਼ ਦੇ ਲੜ ਲਾਉਣਾ ਪਵੇਗਾ। ਬਾਬਾ ਨਾਨਕ ਦਾ ਸੰਦੇਸ਼ ਸਾਨੂੰ ਨਿਰਪੱਖ ਰਹਿਣ ਹੀ ਨਹੀਂ ਦਿੰਦਾ ਸਗੋਂ ਆਪਣੇ ਸਮਾਜ, ਆਪਣੇ ਲੋਕਾਂ ਨਾਲ ਪ੍ਰਤੀਬੱਧ ਹੋਣ ਦਾ ਹੋਕਾ ਦਿੰਦਾ ਹੈ। ਬਾਬਾ ਨਾਨਕ ਕਹਿੰਦਾ ਹੈ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥

ਸਾਨੂੰ ਆਪਣੀ ਕਲਾ ਰਾਹੀਂ, ਉਹ ਲਿਖਣ ਦੀ ਹੋਵੇ ਜਾਂ ਬੋਲਣ ਦੀ ਹੋਵੇ ਜਰੂਰ ਆਪਣੀ ਅਗਲੀ ਪੀੜ੍ਹੀ ਅੰਦਰ ਨੈਤਿਕ ਕਦਰਾਂ-ਕੀਮਤਾਂ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਚਾਹੀਦਾ ਹੈ, ਇਹ ਪ੍ਰਚਾਰ ਅਪਣੱਤ ਦੇ ਪ੍ਰਵਚਨ ਤੱਕ ਹੀ ਸੀਮਤ ਨਹੀਂ ਰਹੇਗਾ ਸਗੋਂ ਸਮਾਜ ਅੰਦਰ ਵਿਹਾਰਕ ਪੱਧਰ ਤੱਕ ਫੈਲ ਜਾਵੇਗਾ, ਜੋ ਸਾਡੇ ਫਿਕਰਾਂ ਨੂੰ ਦੂਰ ਕਰਦਿਆਂ, ਸਾਡੀਆਂ ਭਾਵਨਾਵਾਂ ਤੇ ਸਾਡੀ ਮਨਸ਼ਾ ਦੀ ਪੂਰਤੀ ਦਾ ਸਬੱਬ ਬਣ ਸਕਦਾ ਹੈ। ਇਹ ਵਰਤਾਰਾ ਸਾਡੀ ਅਗਲੀ ਪੀੜ੍ਹੀ ਦੇ ਕਾਰਜਾਂ ਵਿਚ ਜ਼ਰੂਰ ਸ਼ਾਮਲ ਹੋਣਾ ਚਾਹੀਦਾ ਹੈ। ਪਰ ਅਗਲੀ ਪੀੜ੍ਹੀ ਨੂੰ ਇਸ ਵਾਸਤੇ ਪ੍ਰੇਰਨਾ ਦੇਣਾ ਅੱਜ ਦੀ ਪੀੜ੍ਹੀ ਦਾ ਫ਼ਰਜ਼ ਵੀ ਤਾਂ ਹੈ।

ਸਾਡੇ ਵਲੋਂ ਅਗਲੀ ਪੀੜ੍ਹੀ ਨੂੰ ਇਹ ਵੀ ਲਗਾਤਾਰ ਦੱਸਣਾ ਪਵੇਗਾ ਕਿ ਜਦੋਂ ਕੋਈ ਵੀ ਲਿਖਤ ਸਾਨੂੰ ਸਮਾਜ ਦੇ ਯਥਾਰਥ ਬਾਰੇ ਦੱਸ ਰਹੀ ਹੋਵੇ ਤਾਂ ਉਸ ਨਾਲ ਸਾਡੀ ਸਮਾਜਿਕ ਚੇਤਨਾ ਤਿੱਖੀ ਹੁੰਦੀ ਹੈ। ਪਰ ਸਾਡੇ ਵਿਚੋਂ ਬਹੁਤ ਸਾਰੇ ਲੋਕ ਚਿੰਤਾ ਵਿਚ ਹੀ ਫਸੇ ਰਹਿੰਦੇ ਹਨ, ਗੱਲ ਦਾ ਨਿਬੇੜਾ ਚਿੰਤਾ ਨੇ ਨਹੀਂ ਚਿੰਤਨ ਨੇ ਕਰਨਾ ਹੁੰਦਾ ਹੈ। ਸੋਚ ਦੇ ਪੱਖੋਂ ਚਿੰਤਾ ਕਿਸੇ ਮਸਲੇ ਵੱਲ ਧਿਆਨ ਦੇਣ/ਦਵਾਉਣ ਦਾ ਪਹਿਲਾ ਕਦਮ ਹੁੰਦਾ ਹੈ। ਚਿੰਤਾ ਤੋਂ ਚਿੰਤਨ ਤੱਕ ਦਾ ਸਫਰ ਕਿਸੇ ਮਸਲੇ ਬਾਰੇ ਪ੍ਰਤੀਬੱਧਤਾ ਦੀ ਨਿਸ਼ਾਨੀ ਹੁੰਦਾ ਹੈ। ਚਿੰਤਨ ਜਿੰਨਾ ਗੰਭੀਰ ਹੋਵੇ ਕਿਸੇ ਮਸਲੇ ਦਾ ਹੱਲ ਓਨਾ ਸੌਖਾ ਹੋ ਜਾਂਦਾ ਹੈ। ਇਹ ਵੀ ਯਾਦ ਰੱਖਣ ਵਾਲੀ ਗੱਲ ਕਿ ਸਮਾਜਿਕ ਬਰਾਬਰੀ ਦੀ ਗੱਲ ਨਾ ਕਰਨ ਵਾਲੀ ਅਵਾਰਾ ਸੋਚ ਕਿਸੇ ਵੀ ਸਮਾਜ ਲਈ ਖਤਰਨਾਕ ਹੁੰਦੀ ਹੈ।

ਸ਼ਬਦ ਦੇ ਸਾਧਕਾਂ ਨੂੰ ਯਾਦ ਰੱਖਣਾ ਚਾਹੀਦਾ ਹੈ, ਸ਼ਬਦ ਦਾ ਸੰਸਾਰ ਮਨੁੱਖ ਨੂੰ ਸੱਭਿਅਕ ਬਣਾਉਣ ਲਈ ਅਤਿਅੰਤ ਜਰੂਰੀ ਹੈ। ਕਿਸੇ ਵੀ ਸੋਚਵਾਨ ਅਤੇ ਸੂਝਵਾਨ ਕਲਮਕਾਰ ਵਾਸਤੇ ਸ਼ਬਦ ਉਸ ਦਾ ਕੀਮਤੀ ਸਰਮਾਇਆ ਹੁੰਦੇ ਹਨ।

ਸ਼ਬਦ ਦੇ ਸਬੰਧ ਵਿਚ ਲਿਖਦਿਆਂ ਹਿੰਦੀ ਭਾਸ਼ਾ ਦਾ ਉੱਘਾ ਲੇਖਕ ਤੇ ਹਿੰਦੀ ਮਾਸਿਕ "ਹੰਸ" ਦਾ ਸੰਪਾਦਕ ਰਾਜੇਂਦਰ ਯਾਦਵ ਕਹਿੰਦਾ ਹੈ, "ਇਸ ਬਾਰੇ ਨਹੀਂ ਸੋਚਣਾ ਚਾਹੀਦਾ ਕਿ ਸ਼ਬਦ ਦਾ ਭਵਿੱਖ ਕੀ ਹੋਵੇਗਾ, ਸਗੋਂ ਗੱਲ ਭਵਿੱਖ ਦੇ ਸ਼ਬਦ 'ਤੇ ਹੋਣੀ ਚਾਹੀਦੀ ਹੈ"।

ਭਵਿੱਖ ਦੇ ਓਸ ਸ਼ਬਦ ਦੀ ਸਿਰਜਣਾ ਸਾਡੀ ਆਉਣ ਵਾਲੀ ਪੀੜ੍ਹੀ ਨੇ ਕਰਨੀ ਹੈ। ਇਸ ਲਈ ਅਗਲੀ ਪੀੜ੍ਹੀ ਨੂੰ ਇਸ ਸਬੰਧੀ ਸੁਚੇਤ ਕਰਦਿਆਂ ਇਸ ਦੇ ਹਾਂਅ ਪੱਖੀ ਹੁੰਗਾਰੇ ਬਾਰੇ ਸਾਨੂੰ ਆਸ ਅਤੇ ਵਿਸ਼ਵਾਸ ਰੱਖਣਾ ਪਵੇਗਾ।

ਸ਼ਬਦ ਤੋਂ ਵਿਚਾਰ ਦਾ ਸਫਰ ਵੀ ਇਸ ਪੀੜ੍ਹੀ ਦੇ ਹਿੱਸੇ ਆਵੇਗਾ ਜੋ ਇਸ ਧਰਤੀ ਦੇ ਜੰਮੇ-ਜਾਏ ਹਨ, ਆਪਣੀ ਜੰਮਣ ਭੋਇੰ ਲਈ ਹਰ ਮਨੁੱਖ ਕਰਜ਼ਦਾਰ ਹੁੰਦਾ ਹੈ, ਇਨ੍ਹਾਂ ਪੰਜਾਬੀ ਪਿਛੋਕੜ ਅਤੇ ਪੰਜਾਬੀ ਵਿਰਸੇ ਦੇ ਪਿਛੋਕੜ ਵਾਲੀ ਨਵੀਂ ਪੀੜ੍ਹੀ ਵਾਸਤੇ ਨਵੀਆਂ ਅਤੇ ਦੋਹਰੀਆਂ ਚੁਣੌਤੀਆਂ ਹੋਣਗੀਆਂ, ਪਰ ਹੱਲ ਵੀ ਇਨ੍ਹਾਂ ਨੇ ਆਪ ਹੀ ਲੱਭਣਾ ਹੈ। ਪਰਵਾਸੀ ਬੜੀ ਦੇਰ ਤੋਂ ਪਰਵਾਸੀ ਨਹੀਂ ਰਹੇ ਆਵਾਸੀ ਹੋ ਗਏ ਹਨ, ਇਨ੍ਹਾਂ ਮੁਲਕਾਂ ਦੇ ਬਾਸ਼ਿੰਦੇ (ਨਾਗਰਿਕ) ਹਨ, ਹੁਣ ਇਹ ਸਾਡੇ ਆਪਣੇ ਵਤਨ ਹਨ। ਆਪਣੇ ਵਤਨ ਦੀ ਖ਼ੈਰ-ਸੁੱਖ ਵਾਸਤੇ ਸਾਂਝ ਭਰੇ ਜਤਨ ਕਰਨੇ ਹਰ ਕਿਸੇ ਲਈ ਬਹੁਤ ਜਰੂਰੀ ਹੁੰਦੇ ਹਨ।

ਸੋਹੰ

ਪਰਾਧੀਨਤਾ ਪਾਪ ਹੈ ਜਾਣ ਲਿਓ ਰੇ ਮੀਤ
ਰਵਿਦਾਸ ਦਾਸ ਪ੍ਰਾਧੀਨ ਕੋ ਕੌਣ ਕਰੈ ਹੈ ਪ੍ਰੀਤ

ਹਰਿ

# ਸ੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ (ਕੈਲੇਫੋਰਨੀਆ)



ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਵੱਲੋਂ
ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ
ਪ੍ਰਕਾਸ਼ ਦਿਹਾੜਾ 3, 4, 5 ਮਾਰਚ 2023 ਨੂੰ ਮਨਾਇਆ ਜਾ ਰਿਹਾ ਹੈ

## ਪ੍ਰੋਗਰਾਮਾਂ ਦਾ ਵੇਰਵਾ

ਆਰੰਭ ਸ੍ਰੀ ਅਖੰਡ ਪਾਠ ਸਹਿਬ – 3 ਮਾਰਚ 2023, 10 ਵਜੇ ਸਵੇਰੇ
ਨਿਸ਼ਾਨ ਸਾਹਿਬ ਦੀ ਸੇਵਾ – 4 ਮਾਰਚ 2023, 5 ਵਜੇ ਸ਼ਾਮੀ
ਭੋਗ ਸ੍ਰੀ ਅਖੰਡ ਪਾਠ ਸਾਹਿਬ – 5 ਮਾਰਚ 2023, ਸਵੇਰੇ 10 ਵਜੇ

ਹੋਰ ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਫੋਨ ਨੰਬਰ:

**559-486-3091** 'ਤੇ ਸੰਪਰਕ ਕੀਤਾ ਜਾ ਸਕਦਾ ਹੈ

**Shri Guru Ravidass Sabha (CV) Fresno (California)**
**5025 S. Cherry Ave., Fresno (California) 93706**



# HAPPY BAZAAR

HAPPY BAZAAR

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206

We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304 E Hammer Lane # 7 Stockton CA 95212
EMAIL: indiabazaar08@yahoo.com



# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।


ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

**KASH FABRICS**
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ, ਸੇਲਮਾ




ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ!!

ਗੁਰੂ ਪਿਆਰੀ ਸਾਧ ਸੰਗਤ ਜੀ ਆਪ ਸਭ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ ਜਨਮ ਦਿਹਾੜਾ ਮਿਤੀ 17, 18 ਅਤੇ 19 ਫਰਵਰੀ 2023 ਨੂੰ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਸੈਲਮਾਂ ਵਿਖੇ ਬੜੀ ਸ਼ਰਧਾ, ਪਿਆਰ, ਸਤਿਕਾਰ ਅਤੇ ਧੂੰਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਸਮੂਹ ਪਰਿਵਾਰ ਸਮੇਤ ਤਿੰਨੋ ਦਿਨ ਗੁਰੂ ਘਰ ਵਿਖੇ ਆਪਣੀਆਂ ਹਾਜ਼ਰੀਆਂ ਲਗਾ ਕੇ ਗੁਰੂ ਸਾਹਿਬ ਪਾਸੋਂ ਪਿਆਰ ਅਤੇ ਖੁਸ਼ੀਆਂ ਪ੍ਰਾਪਤ ਕਰੋ ਜੀ।

## ਸੰਗਤ ਦੇ ਸੇਵਾਦਾਰ

ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ :

ਦੇਵਰਾਜ ਸਿੰਘ 559-916-6202, ਮਨੋਹਰ ਗਾਦੜਾ 559-546-3437

**ਪ੍ਰੋਗਰਾਮਾਂ ਦਾ ਵੇਰਵਾ**

ਮਿਤੀ 17 ਫਰਵਰੀ, 2023
ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭਤਾ - ਸਵੇਰੇ 10:30 ਵਜੇ

ਮਿਤੀ 19 ਫਰਵਰੀ 2023
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ - 11 ਵਜੇ, ਉਪਰੰਤ ਗੁਰੂ ਕੇ ਕੀਰਤਨੀ ਸਿੰਘ, ਇਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

**Address: 2650 Blaine Avenue Selma (CA) 93662**


## Raja
SWEETS & CATERING

AUTHORIZED CATERER FOR MAJOR 5-STAR HOTELS



**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook: rajasweetsandcatering
Follow us on Twitter: rajasweets

## INDIA MARKET
SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open

Eyebrow Threading & Henna Tattoo

7 times, Get 8th one free!



**Inside India Market**

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142


Email: IndiaMarketRoseville@gmail.com



ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ 5 ਫਰਵਰੀ 2023 ਨੂੰ ਮਨਾਏ ਜਾ ਰਹੇ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਦੇ 646ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ **ਲੱਖ-ਲੱਖ ਵਧਾਈਆਂ ਜੀ**
ਆਓ ਆਪਾਂ ਸਾਰੇ ਪਰਿਵਾਰਾਂ ਨਾਲ ਗੁਰੂ ਘਰ ਪਹੁੰਚ ਕੇ ਹਾਜ਼ਰੀਆਂ ਭਰ ਕੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਇਲਾਹੀ ਬਾਣੀ ਨੂੰ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੀਏ।



## Mrs. & Mr. Narinder Chahal (The Chahal Family)



ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥

# ਸਤਿਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 5 ਫਰਵਰੀ 2023 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 3 ਫਰਵਰੀ 2023 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ ਨਿਸ਼ਾਨ ਸਾਹਿਬ ਦੀ ਸੇਵਾ 4 ਫਰਵਰੀ ਨੂੰ ਹੋਵੇਗੀ। 5 ਫਰਵਰੀ 2023 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

## Gurnam Singh Rattu & Family



Gurnam Singh Rattu with his wife

# ਸਨਵਾਕੀਨ ਗੁਰੂਘਰ ਵਿਖੇ ਸ਼ਹੀਦ ਬਾਬਾ ਦੀਪ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਸਮਾਗਮ ਹੋਏ



**ਸਨਵਾਕੀਨ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਕੈਲੋਫੋਰਨੀਆਂ ਦੇ ਸੈਂਟਰਲ ਵੈਲੀ ਦੇ ਸ਼ਹਿਰ ਸਨਵਾਕੀਨ ਦੇ ਸਭ ਤੋਂ ਪੁਰਾਤਨ ਗੁਰੂਘਰ "ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ" ਵਿਖੇ ਸਿੱਖ ਕੌਮ ਦੇ ਮਹਾਨ ਸ਼ਹੀਦ, ਨਿਧੜਕ ਜਰਨੈਲ, ਸੂਰਬੀਰ ਯੋਧੇ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਏ ਗਏ। ਜਿਸ ਦੌਰਾਨ ਸੰਤ ਸਿਪਾਹੀ ਬਾਬਾ ਦੀਪ ਸਿੰਘ ਜੀ ਨੇ ਜ਼ੁਲਮ, ਬੁਰਿਆਈ ਦੇ ਖਿਲਾਫ਼ ਅਤੇ ਧਰਮ ਦੀ ਖਾਤਿਰ ਦਿੱਤੀ ਸ਼ਹਾਦਤ ਨੂੰ ਯਾਦ ਕੀਤਾ ਗਿਆ।

ਇਸ ਸਮੇਂ ਗੁਰੂਘਰ ਵਿੱਚ ਪਾਠਾ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਜਿਸ ਵਿੱਚ ਗੁਰੂਘਰ ਦੇ ਮੁੱਖ ਗ੍ਰੰਥੀ ਭਾਈ ਕੁਲਵੰਤ ਸਿੰਘ ਧਾਲੀਵਾਲ ਨੇ ਕਥਾ ਕਰਦੇ ਹੋਏ ਸੰਗਤਾਂ ਨੂੰ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਲਾਸਾਨੀ ਕੁਰਬਾਨੀ ਬਾਰੇ ਇਤਿਹਾਸ ਬਾਰੇ ਜਾਣੂ ਕਰਵਾਇਆ। ਇਸ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਜੋਗਿੰਦਰ ਸਿੰਘ ਜੋਗੀ ਅਤੇ ਸਾਥੀਆਂ ਨੇ ਸੰਗਤਾਂ ਨੂੰ ਨਿਰੋਲ ਸ਼ਬਦ ਗੁਰਬਾਣੀ ਨਾਲ ਨਿਹਾਲ ਕੀਤਾ। ਇਸੇ ਤਰਾਂ ਭਾਈ ਕੁਲਵੰਤ ਸਿੰਘ ਖਹਿਰਾ, ਭਾਈ ਅਮਰਜੀਤ ਅਤੇ ਭਾਈ ਸਿਮਰਨਜੀਤ ਸਿੰਘ ਨੇ ਵੀ ਆਪਣੀਆਂ ਗੁਰਬਾਣੀ ਅਤੇ ਗੁਰ ਇਤਿਹਾਸ ਦੇ ਚਲ ਰਹੇ ਪ੍ਰਵਾਹ ਵਿੱਚ ਹਾਜ਼ਰੀਆਂ ਭਰਦੇ ਹੋਏ ਸੇਵਾਵਾ ਨਿਭਾਈਆਂ। ਗੁਰੂਘਰ ਦੀ ਪ੍ਰਬੰਧਕੀ ਕਮੇਟੀ ਵੱਲੋਂ ਸੰਗਤਾਂ ਦਾ ਸੇਵਾਵਾ ਲਈ ਧੰਨਵਾਦ ਕੀਤਾ ਗਿਆ। ਸਮੁੱਚੇ ਪ੍ਰੋਗਰਾਮਾ ਦੌਰਾਨ ਗੁਰੂ ਦੇ ਲੰਗਰ ਅਤੁੱਟ ਵਰਤੇ। ਅੰਤ ਸਰਬੱਤ ਦੇ ਭਲੇ ਦੀ ਅਰਦਾਸ ਕਰਦੇ ਹੋਏ ਸਮਾਗਮ ਸਮਾਪਤ ਹੋਏ।

# ਔਕਲੈਂਡ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਉਡਾਨਾਂ ਦੀ ਆਵਾਜ਼ਾਈ ਸ਼ੁਰੂ-ਕਈ ਅਜੇ ਕੈਂਸਲ ਤੇ ਸਮਾਂ ਤਬਦੀਲ




**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਸ਼ੁੱਕਰਵਾਰ ਬਾਅਦ ਦੁਪਹਿਰ ਭਾਰੀ ਮੀਂਹ ਦੇ ਖਲਜਗਣ ਪਾਉਣ ਕਰਕੇ ਔਕਲੈਂਡ ਦਾ ਅੰਤਰਰਾਸ਼ਟਰੀ ਹਵਾਈ ਅੱਡਾ ਅੰਤਰਰਾਸ਼ਟਰੀ ਉਡਾਣਾਂ ਦੇ ਲਈ ਮਜ਼ਬੂਰਨ ਬੰਦ ਕਰਨਾ ਪਿਆ ਸੀ। ਬੰਦ ਤਾਂ ਘਰੇਲੂ ਹਵਾਈ ਅੱਡਾ ਵੀ ਹੋਇਆ ਸੀ, ਪਰ ਉਹ ਜਲਦੀ ਅਗਲੇ ਹੀ ਦਿਨ ਸ਼ੁਰੂ ਕਰ ਦਿੱਤਾ ਗਿਆ ਸੀ, ਪਰ ਅੰਤਰਰਾਸ਼ਟਰੀ ਉਡਾਣਾ ਦਾ ਔਖਾ ਹੋ ਗਿਆ ਸੀ। ਲਗਾਤਾਰ 100 ਦੇ ਕਰੀਬ ਔਕਲੈਂਡ ਹਵਾਈ ਅੱਡੇ ਦੇ ਸਟਾਫ ਅਤੇ ਵਲੰਟੀਅਰਜ਼ ਵੱਲੋਂ ਚੱਲੇ ਸਾਫ ਸਫਾਈ ਅਭਿਆਨ ਤੋਂ ਬਾਅਦ ਅਤੇ ਤਕਨੀਕੀ ਨੁਕਸਾਂ ਨੂੰ ਠੀਕ ਕਰਦਿਆਂ ਜਿਵੇਂ ਰੱਨ ਵੇਅ ਲਾਈਟਾਂ ਆਦਿ ਤੋਂ ਬਾਅਦ ਅੱਜ ਦੁਬਾਰਾ ਅੰਤਰਾਸ਼ਟਰੀ ਹਵਾਈ ਉਡਾਣਾ ਸ਼ੁਰੂ ਹੋ ਗਈਆਂ ਹਨ।

ਫੀਜ਼ੀ ਤੋਂ ਪਹਲਿ ਫਲਾਈਟ ਸਵੇਰੇ 10.45 ਅਤੇ ਲੈਂਡ ਕਰ ਗਈ ਸੀ। ਸ਼ਾਮ 3.30 ਤੱਕ ਦਰਜਨਾਂ ਹੋਰ ਫਲਾਈਟਾਂ ਵੀ ਇਥੇ ਲੈਂਡ ਕਰ ਗਈਆਂ ਸਨ। ਇਸੀ ਤਰ੍ਹਾਂ ਇਥੋਂ ਉਡਾਣ ਭਰਨ ਵਾਲੀਆਂ ਫਲਾਈਟਾਂ ਵੀ ਸ਼ਾਮ 3.30 ਤੱਕ ਦਰਜਨ ਤੋਂ ਵੱਧ ਹੋ ਗਈਆਂ ਸਨ। ਜਿਹੜੀਆਂ ਫਲਾਈਟਾਂ ਕੈਂਸਲ ਅਤੇ ਨਵੇਂ ਟਾਈਮ ਟੇਬਲ ਦੇ ਹਿਸਾਬ ਨਾਲ ਸੈਟ ਹੋ ਰਹੀਆਂ ਹਨ, ਨੂੰ ਦੁਬਾਰਾ ਲਾਈਨ ਉਤੇ ਸਾਰਾ ਕੰਮ ਲਿਆਉਣ ਦੇ ਲਈ ਅਜੇ ਹੋਰ ਲੰਬਾ ਸਮਾਂ ਲੱਗਾ ਹੈ, ਪਰ ਆਵਾਜ਼ਾਈ ਖੁੱਲ੍ਹ ਗਈ ਹੈ। ਹਵਾਈ ਅੱਡੇ ਉਤੇ ਕੰਮ ਕਰਨ ਵਾਲਿਆਂ ਦੇ ਲਈ ਖਾਣਾ ਅਤੇ 500 ਕੰਬਲ ਅਤੇ ਪਾਣੀ ਆਦਿ ਦਾ ਪ੍ਰਬੰਧ ਲੋਕਾਂ ਵੱਲੋਂ ਕੀਤਾ ਗਿਆ। ਹੁਣ ਲੋਕ ਆਪਣੇ-ਆਪਣੇ ਘਰਾਂ ਨੂੰ ਪਰਤਣੇ ਸ਼ੁਰੂ ਹੋ ਗਏ ਹਨ ਅਤੇ ਉਨ੍ਹਾਂ ਸੁੱਖ ਦਾ ਸਾਹ ਲਿਆ ਹੈ।

# "ਪੰਜਾਬੀਏ ਜ਼ੁਬਾਨੇ" ਚੜਦੇ ਅਤੇ ਲਹਿੰਦੇ ਪੰਜਾਬ ਦੀ ਤਰਜਮਾਨੀ ਕਰਦਾ ਬਾਈ ਸੁਰਜੀਤ ਦਾ ਗੀਤ ਰਿਲੀਜ਼

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਅੱਜ ਕਲ ਬਹੁਤੇ ਗਾਇਕ ਆਪਣੇ ਗੀਤਾਂ ਦੀ ਪੇਸ਼ਕਾਰੀ ਵਿਉਪਾਰਕ ਤਰੀਕੇ ਨਾਲ ਕਰਦੇ ਹਨ। ਜਿਸ ਦੌਰਾਨ ਹਰ ਵੱਡੇ ਕਲਾਕਾਰ ਦੇ ਗੀਤਾਂ ਦੇ ਬੇਸ਼ੱਕ ਬੋਲ ਠੀਕ ਵੀ ਹੋਣ, ਪਰ ਲੋਕਾ ਨੂੰ ਭਲਮਾਉਣ ਲਈ ਵੀਡੀਓ ਰਾਹੀ ਅਸ਼ਲੀਲਤਾ ਦਾ ਤੜਕਾ ਜ਼ਰੂਰ ਲਾਉਂਦੇ ਹਨ। ਅਜਿਹੇ ਗੀਤ ਕਹਿਣ ਨੂੰ ਪੰਜਾਬੀ ਸੱਭਿਆਚਾਰਿਕ ਗੀਤ ਹੁੰਦੇ ਹਨ। ਪਰ ਪੱਛਮੀ ਗੀਤਾਂ ਦਾ ਪ੍ਰਭਾਵ ਆਮ ਚਮਕਦਾ ਦਿਖਾਈ ਦਿੰਦਾ ਹੈ।




ਪਰ ਅੱਜ ਵੀ ਆਪਣੇ ਸ਼ੌਕ ਨੂੰ ਪੂਰਾ ਕਰਨ ਵਾਲੇ ਅਜਿਹੇ ਕਲਾਕਾਰ ਹਨ ਜੋ ਸੱਚ-ਮੁੱਚ ਸੱਭਿਆਚਾਰਿਕ ਗੀਤ ਗਾਉਦੇ ਹਨ। ਜਿੰਨ੍ਹਾਂ ਵਿੱਚ ਇਕ ਪੰਜਾਬੀਅਤ ਦਾ ਮਾਣ ਅਤੇ ਕੈਲੇਫੋਰਨੀਆਂ ਦੇ ਸ਼ਹਿਰ ਫਰਿਜ਼ਨੋ ਦੀ ਸ਼ਾਨ ਗਾਇਕ ਕਲਾਕਾਰ ਅਤੇ ਅਦਾਕਾਰ ਬਾਈ ਸੁਰਜੀਤ ਦਾ ਨਾਂ ਆਉਦਾ ਹੈ। ਜਿਸ ਨਵਾਂ ਨਿਕੋਰ ਗੀਤ "ਪੰਜਾਬੀਏ ਜ਼ੁਬਾਨੇ" ਰਿਲੀਜ਼ ਹੋ ਚੁੱਕਾ ਹੈ। ਇਹ ਗੀਤ ਪੰਜਾਬੀ ਮਾਂ ਬੋਲੀ ਦੇ ਦਿਵਸ ਨੂੰ ਸਮਰਪਿਤ ਹੁੰਦੇ ਹੋਏ ਗਾਇਆ ਗਿਆ ਹੈ। ਜੋ ਬਹੁਤ ਹੀ ਪਿਆਰਾ ਅਤੇ ਪੰਜਾਬੀਅਤ ਦੀ ਗੱਲ ਕਰਦਾ ਗੀਤ ਹੈ। ਇਸ ਗੀਤ ਦੇ ਗੀਤਕਾਰ ਪਰਮ ਸਾਗਰ ਹਨ। ਜਦ ਕਿ ਸੰਗੀਤ ਥ੍ਰੀ ਐਨੀਮੀ ਵੱਲੋਂ ਦਿੱਤਾ ਗਿਆ ਅਤੇ ਗੀਤ ਕੰਪੋਜ਼ਰ ਕੁਮਾਰ ਵਿਨੋਦ ਹਨ। ਇਹ ਬਹੁਤ ਹੀ ਪਿਆਰਾ ਗੀਤ ਪੰਜਾਬੀ ਮਾਂ ਬੋਲੀ ਅਤੇ ਸੱਭਿਆਚਾਰਕ ਰੰਗਾਂ ਵਿੱਚ ਰੰਗਿਆ ਗੀਤ ਹੈ। ਜੋ ਸੱਚ-ਮੁੱਚ ਪੰਜਾਬੀਅਤ ਦੀ ਤਰਜ਼ਮਾਨੀ ਕਰਦਾ ਹੈ। ਸਮੁੱਚੀ ਟੀਮ ਨੂੰ ਇਸ ਨਵੇਂ ਨਿਕੋਰ ਗੀਤ ਦੇ ਰਿਲੀਜ਼ ਹੋਣ 'ਤੇ ਬਹੁਤ-ਬਹੁਤ ਮੁਬਾਰਕਾ। ਸਮੇਂ ਦੇ ਲੋੜ ਅਨੁਸਾਰ ਅਜਿਹੇ ਸੱਭਿਆਚਾਰਕ ਗੀਤ ਪੰਜਾਬੀ ਮਾਂ ਬੋਲੀ ਦਾ ਸੱਚਾ ਸ਼ਰਮਾਇਆ ਹਨ। ਅਜਿਹੇ ਗਾਇਕ ਅਤੇ ਗੀਤਕਾਰਾਂ ਨੂੰ ਸਮਰਥਨ ਦੇਣਾ ਸਮੇਂ ਦੀ ਲੋੜ ਹੈ। ਅਜਿਹਾ ਕਰਦੇ ਹੋਏ ਅਸੀਂ ਆਪਣੇ ਵਿਰਸੇ ਨੂੰ ਲੱਚਰਤਾਂ ਤੋਂ ਬਚਾ ਸਕਦੇ ਹਾਂ। ਜਿਸ ਦੇ ਨਾਲ-ਨਾਲ ਨਵੀਂ ਪੀੜੀ ਨੂੰ ਵੀ ਸੱਭਿਆਚਾਰ ਨਾਲ ਜੋੜਨ ਦਾ ਵਧੀਆ ਉਪਰਾਲਾ ਹੋਵੇਗਾ।






# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing




**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

**NEW & USED TIRES**
**WASH, LUBE, BRAKES**

Call: 530-824-5134

LUCAS OIL LUCAS INJECTOR CLEANER $28.99

Call: 650-642-0697

**3525 Highway 99, West Corning, CA 96021**
Across the Street from TA Truck Stop





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**


Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥

# ਸਤਿਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 5 ਫਰਵਰੀ 2023 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 3 ਫਰਵਰੀ 2023 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ ਨਿਸ਼ਾਨ ਸਾਹਿਬ ਦੀ ਸੇਵਾ 4 ਫਰਵਰੀ ਨੂੰ ਹੋਵੇਗੀ। 5 ਫਰਵਰੀ 2023 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।



## ਸ. ਸੁੱਚਾ ਸਿੰਘ ਅਤੇ ਸਮੂਹ ਪਰਿਵਾਰ




ਸ੍ਰੀਮਤੀ ਅਤੇ ਸ੍ਰੀ ਕਸ਼ਮੀਰ ਬਾਲੀ ਅਤੇ ਸਮੂਹ ਪਰਿਵਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 646ਵੇਂ ਗੁਰਪੁਰਬ ਦਿਹਾੜੇ ਦੇ ਮੌਕੇ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਅਤੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈ ਹੋਵੇ ਜੀ।

## ਕਸ਼ਮੀਰ ਬਾਲੀ ਅਤੇ ਸਮੂਹ ਪਰਿਵਾਰ



ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ ’ਚੋਂ ਵਕਤ ਕੱਢਦੇ ਹੋਏ 5 ਫਰਵਰੀ 2023 (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ, ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।







ਸ੍ਰੀ ਅਵਤਾਰ ਸਿੰਘ ਬੈਂਸ ਅਤੇ ਸ੍ਰੀਮਤੀ ਦੇਬੋ ਬੈਂਸ ਅਤੇ ਸਮੂਹ ਬੈਂਸ ਪਰਿਵਾਰ ਵੱਲੋਂ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 646ਵੇਂ ਗੁਰਪੁਰਬ ਦਿਹਾੜੇ ਅਤੇ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਵੱਲੋਂ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਪਿਟਸਬਰਗ (ਕੈਲੇਫੋਰਨੀਆ) ਵਿਖੇ ਮਨਾਏ ਜਾ ਰਹੇ ਗੁਰਪੁਰਬ ਦੀਆਂ **ਲੱਖ-ਲੱਖ ਵਧਾਈਆਂ**। ਆਓ ਆਪਾਂ ਸਾਰੇ ਰਲ ਮਿਲ ਕੇ ਗੁਰਪੁਰਬ ਦੇ ਸਾਰੇ ਸਮਾਗਮਾਂ 3-4-5 ਫਰਵਰੀ 2023 ਨੂੰ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫਲਾ ਕਰੀਏ।

ਉਪਰੋਕਤ ਤਸਵੀਰ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਗੁਰਦੁਆਰਾ ਸਾਹਿਬ ਪਿੰਡ ਢੱਕੋਵਾਲ (ਹੁਸ਼ਿਆਰਪੁਰ) ਦੀ ਹੈ। ਇਸ ਖੂਬਸੂਰਤ ਗੁਰਦੁਆਰਾ ਸਾਹਿਬ ਦੀ ਸੇਵਾ ਸ. ਅਵਤਾਰ ਸਿੰਘ ਬੈਂਸ ਅਤੇ ਉਹਨਾਂ ਦੀ ਸੁਪਤਨੀ ਸ੍ਰੀਮਤੀ ਦੇਬੋ ਬੈਂਸ ਤੇ ਸਮੂਹ ਬੈਂਸ ਪਰਿਵਾਰ ਵੱਲੋਂ ਕੀਤੀ ਗਈ। ਇਸ ਗੁਰੂ ਘਰ ਨੂੰ 13 ਅਪ੍ਰੈਲ 2017 ਬਣਾਉਣਾ ਸ਼ੁਰੂ ਕੀਤਾ ਸੀ ਤੇ 20 ਜਨਵਰੀ 2018 ਨੂੰ ਮੁਕੰਮਲ ਕਰ ਲਿਆ ਗਿਆ। 5 ਫਰਵਰੀ 2023 ਨੂੰ ਗੁਰਪੁਰਬ ਮਨਾਇਆ ਜਾ ਰਿਹਾ ਹੈ ਜੀ।



**Avtar Singh Bains**
**Ex Treasurer**

**Debho Bains**
**Ex Chairperson**

**Sri Guru Ravidass Sabha Pittsburgh CA**



## ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 646ਵੇਂ ਗੁਰਪੁਰਬ ਦਿਹਾੜੇ ਦੇ ਮੌਕੇ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਅਤੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈ ਹੋਵੇ ਜੀ

# ਡਾ. ਹਰਮੇਸ਼ ਕੁਮਾਰ



ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 5 ਫਰਵਰੀ 2023 (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ, ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।

ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਸਭਾ, ਪਿਟਸਬਰਗ (ਕੈਲੇਫੋਰਨੀਆ)
ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ
ਸਤਿਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ
5 ਫਰਵਰੀ 2023 (ਦਿਨ ਐਤਵਾਰ) ਨੂੰ ਮਨਾਏ ਜਾਣ ਦੀਆਂ
ਸਮੂਹ ਸੰਗਤਾਂ ਨੂੰ **ਲੱਖ ਲੱਖ ਵਧਾਈਆਂ**



ਆਓ ਆਪਾਂ ਸਾਰੇ ਰਲ-ਮਿਲ ਕੇ ਪਵਿੱਤਰ ਦਿਹਾੜੇ 'ਤੇ
Sri Guru Ravidass Temple ,
2150 Crestview Drive, Pittsburg, CA 94565
ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ
ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ

# ਸਮੂਹ ਬੰਗਾ ਪਰਿਵਾਰ



ਸ੍ਰੀ ਹਰਦਿਆਲ ਬੰਗਾ ਅਤੇ ਉਹਨਾਂ ਦੀ ਸੁਪਤਨੀ ਸ੍ਰੀਮਤੀ ਕੁਲਵੰਤ ਕੌਰ ਬੰਗਾ (ਚੇਅਰਪਰਸਨ)
ਸ੍ਰੀ ਗੁਰੂ ਰਵਿਦਾਸ ਸਭਾ, ਪਿਟਸਬਰਗ (ਕੈਲੇਫੋਰਨੀਆ)



ਹਰਦਿਆਲ ਸਿੰਘ ਬੰਗਾ ਆਪਣੇ ਦੋਵੇਂ ਸਪੁੱਤਰਾਂ
ਸਟੀਵ ਬੰਗਾ (ਖੱਬੇ) ਅਤੇ ਅਜੈ ਬੰਗਾ (ਸੱਜੇ) ਨਾਲ

# H & S CONSTRUCTION

**Hardi Banga**

**GENERAL CONTRACTOR**

**1824 Santa Rita Dr.**
**Pittsburg, CA 94565**

**Ph 925-458-2196**

Fax 925-261-1891,
Cell 925-584-0727



ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ 5 ਫਰਵਰੀ 2023, ਨੂੰ ਮਨਾਏ ਜਾ ਰਹੇ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 646ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ **ਲੱਖ-ਲੱਖ ਵਧਾਈਆਂ ਜੀ**
ਆਓ ਆਪਾਂ ਸਾਰੇ ਪਰਿਵਾਰਾਂ ਨਾਲ ਗੁਰੂ ਘਰ ਪਹੁੰਚ ਕੇ ਹਾਜ਼ਰੀਆਂ ਭਰ ਕੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਇਲਾਹੀ ਬਾਣੀ ਨੂੰ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੀਏ।



**Raj Singh**

**Nirmal Singh**



AIRPORT AUTO PARTS

RAJ SINGH
CFO

520 SAN MATEO AVE.
SAN BRUNO, CA 94066

Phone (650) 952-1135
Fax: (650) 952-1991

AUTO, HOME, LIFE, BUSINESS, RENTER, WORKERS COMPENSATION

FARMERS INSURANCE

Report all Claims to:
Farmers Claim Department
24 hours a Day, 7 days a week
1-800-435-7764

NIRMAL SINGH INSURANCE AGENCY
363 El Camino Real, Suite 219
South San Francisco, CA 94080
Bus: (415) 967-1258, Cell: (650) 867-9621
Fax: (650) 952-1991 -Lic#0191917

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥



# ਸਤਿਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ



ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 5 ਫਰਵਰੀ 2023 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 3 ਫਰਵਰੀ 2023 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ ਨਿਸ਼ਾਨ ਸਾਹਿਬ ਦੀ ਸੇਵਾ 4 ਫਰਵਰੀ ਨੂੰ ਹੋਵੇਗੀ। 5 ਫਰਵਰੀ 2023 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

## ਨਰੇਸ਼ ਸਵੈਨ ਅਤੇ ਸਮੂਹ ਪਰਿਵਾਰ



# ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 5 ਫਰਵਰੀ 2023 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 3 ਫਰਵਰੀ 2023 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ ਨਿਸ਼ਾਨ ਸਾਹਿਬ ਦੀ ਸੇਵਾ 4 ਫਰਵਰੀ ਨੂੰ ਹੋਵੇਗੀ। 5 ਫਰਵਰੀ 2023 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।



## ਸ੍ਰੀ ਕੁਲਦੀਪ ਸੁੰਮਨ ਅਤੇ ਸਮੂਹ ਪਰਿਵਾਰ



## ਸਮੂਹ ਬੱਧਣ ਪਰਿਵਾਰ ਵੱਲੋਂ

ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 646ਵੇਂ ਗੁਰਪੁਰਬ ਦਿਹਾੜੇ ਮੌਕੇ
ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ)
ਅਤੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈ ਹੋਵੇ ਜੀ

## ਨਿਰਮਲ ਸਿੰਘ ਬੱਧਣ ਅਤੇ ਸਮੂਹ ਬੱਧਣ ਪਰਿਵਾਰ



ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ ’ਚੋਂ ਵਕਤ ਕੱਢਦੇ ਹੋਏ 5 ਫਰਵਰੀ 2023 (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ, ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।

## ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ ॥
## ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥



ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 5 ਫਰਵਰੀ 2023 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 3 ਫਰਵਰੀ 2023 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ ਨਿਸ਼ਾਨ ਸਾਹਿਬ ਦੀ ਸੇਵਾ 4 ਫਰਵਰੀ ਨੂੰ ਹੋਵੇਗੀ। 5 ਫਰਵਰੀ 2023 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।




# INDIA BAZAAR




Jai Ram Gaught

ਅਜੈ ਸਰਬ ਗਾਟ

Harjit Gaught (Happy)

Cell: (209)-487-2127, Ph: (209) 478-0285, Fax: (209) 477-3206